ਸਤਾਰਵਾਂ ਸਾਲ

PARDES TIMES

17th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 17 No. 431 September 20, 2023 E-mail : info@pardestimes.com Ph 510-938-7771, 510-516-3536

## ਸਾਡਾ ਮਕਸਦ ਤਣਾਅ ਵਧਾਉਣਾ ਨਹੀਂ-ਟਰੂਡੋ

ਟਰਾਂਟੋ- ਕੈਨੇਡੀਅਨ ਪ੍ਰਧਾਨ ਮੰਤਰੀ ਨੇ ਮੰਗਲਵਾਰ ਰਾਤ ਨੂੰ ਕਿਹਾ ਕਿ ਉਨ੍ਹਾਂ ਦੇ ਬਿਆਨ ਦਾ ਮਕਸਦ ਭਾਰਤ ਨੂੰ ਭੜਕਾਉਣਾ ਜਾਂ ਤਣਾਅ ਵਧਾਉਣਾ ਨਹੀਂ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਬਿਆਨ ਉਕਸਾਉਣ ਲਈ ਨਹੀਂ ਸੀ, ਸਗੋਂ ਨਿੱਝਰ ਦੇ ਕਤਲ 'ਤੇ ਭਾਰਤ ਤੋਂ ਸਹਿਯੋਗ ਮੰਗਣ ਲਈ ਸੀ। ਮੰਗਲਵਾਰ ਸਵੇਰੇ ਹਰਦੀਪ ਸਿੰਘ ਨਿੱਜਰ ਦੇ ਕਤਲ ਨੂੰ ਲੈ ਕੇ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਸੁਰੱਖਿਆ ਏਜੰਸੀਆਂ ਇਸ ਗੱਲ ਦੀ ਜਾਂਚ ਕਰ ਰਹੀਆਂ ਹਨ ਕਿ ਨਿੱਜਰ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਅਧਿਕਾਰੀ ਸ਼ਾਮਲ ਹਨ ਜਾਂ ਨਹੀਂ। ਇਸ ਦੇ ਨਾਲ ਹੀ ਕੈਨੇਡਾ ਨੇ ਭਾਰਤੀ ਡਿਪਲੋਮੈਟ ਨੂੰ ਵੀ ਕੱਢ ਦਿੱਤਾ ਹੈ। ਕੈਨੇਡਾ ਦੇ ਇਸ ਕਦਮ 'ਤੇ ਭਾਰਤ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਭਾਰਤ ਦੀ ਤਿੱਖੀ ਪ੍ਰਤੀਕਿਰਿਆ ਨੇ ਸਪੱਸ਼ਟ ਕਰ ਦਿੱਤਾ ਕਿ ਭਾਰਤ ਸਰਕਾਰ ਕੈਨੇਡਾ ਸਰਕਾਰ ਦੇ ਦੋਸ਼ਾਂ ਨੂੰ ਚੁੱਪਚਾਪ ਬਰਦਾਸ਼ਤ ਨਹੀਂ ਕਰੇਗੀ। ਵਿਦੇਸ਼ ਮੰਤਰਾਲੇ ਨੇ ਨਵੀਂ ਦਿੱਲੀ ਵਿੱਚ ਕੈਨੇਡਾ ਦੇ ਹਾਈ ਕਮਿਸ਼ਨਰ ਕੈਮਰਨ ਮੈਕਕੇ ਨੂੰ ਤਲਬ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਕਿ ਭਾਰਤ ਨੇ ਇੱਕ ਸੀਨੀਅਰ ਕੈਨੇਡੀਅਨ ਡਿਪਲੋਮੈਟ, ਓਲੀਵੀਅਰ ਸਿਲਵੇਸਟਰ ਨੂੰ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਲਈ ਦੇਸ਼ ਵਿੱਚੋਂ ਕੱਢ ਦਿੱਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੰਸਾ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦਾ ਦੋਸ਼ ਪੂਰੀ ਤਰ੍ਹਾਂ ਬੇਤੁਕਾ ਅਤੇ ਪ੍ਰੇਰਿਤ ਹੈ।



## "ਕਰਤਾਰ ਸਿੰਘ ਸਰਾਭਾ" ਫਿਲਮ ਨਵੰਬਰ 3 ਤੋਂ ਸਿਨੇਮਾ ਘਰਾਂ 'ਚ



ਹੇਵਰਡ- ਬੀਤੇ ਐਤਵਾਰ ਹੇਵਰਡ ਵਿਖੇ ਮੂਨ ਇੰਡੀਅਨ ਰੈਸਟੋਰੈਂਟ 'ਤੇ ਇਕ ਵੱਡੇ ਇਕੱਠ ਵਿਚ ਪੰਜਾਬੀ ਫਿਲਮ 'ਸਰਾਭਾ' ਜੋ ਨਵੰਬਰ 3, 2023 ਤੋਂ ਸਿਨੇਮਾ ਘਰਾਂ 'ਚ ਦੁਨੀਆਂ ਦੇ ਹਰ ਸ਼ਹਿਰ ਵਿਚ ਲਗਾਈ ਜਾ ਰਹੀ ਹੈ, ਵਾਸਤੇ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਕਵੀ ਰਾਜ਼ ਜੋ ਕਿ ਫਿਲਮ ਦੇ ਡਾਇਰੈਕਟਰ ਹਨ, ਨੇ ਇੱਥੇ ਦੱਸਿਆ ਕਿ ਪੂਰੀ ਦੁਨੀਆਂ ਦੇ ਉਹਨਾਂ ਸ਼ਹਿਰਾਂ 'ਚ ਜਿੱਥੇ ਪੰਜਾਬੀਆਂ ਦੀ ਘੱਟ ਵਸੋਂ ਵੀ ਹੈ, ਉਥੇ ਵੀ ਇਹ ਫਿਲਮ ਲਗਾਈ ਜਾਵੇਗੀ।




ਬੇ-ਏਰੀਆ ਦੇ 'ਪਰਦੇਸ ਟਾਇਮਜ਼' ਦੇ ਮੁੱਖ ਸੰਪਾਦਕ ਬਲਬੀਰ ਸਿੰਘ ਐਮ. ਏ. ਵੱਲੋਂ ਭਰੇ ਇਕੱਠ 'ਚ ਕਵੀ ਰਾਜ਼ ਦੀ ਜਾਣ-ਪਹਿਚਾਣ ਕਰਵਾਈ ਗਈ। ਯਾਦ ਰਹੇ ਇਹ ਉਹੀ ਕਵੀ ਰਾਜ਼ ਹਨ, ਜਿਹਨਾਂ ਨੇ 'ਬਲੈਕ ਪ੍ਰਿੰਸ' ਫਿਲਮ ਡਾਇਰੈਕਟ ਕੀਤੀ ਸੀ ਤੇ ਹੋਰ ਅਗਲੀਆਂ ਕਈ ਫਿਲਮਾਂ ਆ ਰਹੀਆਂ ਹਨ। ਹੁਣ ਨਵੰਬਰ 3, 2023 ਨੂੰ ਸਰਾਭਾ ਫਿਲਮ ਲੱਗ ਰਹੀ ਹੈ। ਕਿਰਪਾ ਕਰਕੇ ਸਾਰੇ ਪੰਜਾਬੀਆਂ ਨੂੰ ਇਹ ਫਿਲਮ ਵੇਖਣ ਦੀ ਅਪੀਲ ਕਰਦੇ ਹਾਂ।

ਕਵੀ ਰਾਜ਼ ਹੁਰਾਂ ਵੱਲੋਂ ਵੀ ਅਰਜ਼ ਕੀਤੀ ਜਾ ਰਹੀ ਹੈ ਕਿ ਇਹ ਇਤਿਹਾਸਕ ਫਿਲਮ ਜ਼ਰੂਰ ਵੇਖਣ ਜਾਣਾ ਅਤੇ ਉਹ ਕਹਾਣੀ ਜੋ ਦੱਸੀ ਨਹੀਂ ਗਈ, ਉਹ ਵੇਖਣ ਲਈ ਜ਼ਰੂਰ ਸਿਨੇਮਾ ਘਰਾਂ 'ਚ ਇਹ ਫਿਲਮ ਦੇਖ ਕੇ ਜਾਣਕਾਰੀ ਵਧਾਈ ਜਾ ਸਕਦੀ ਹੈ।

ONLINE AYURVEDIC CONSULTATIONS
with DR. PRIYA PUNJABI
ON SKYPE, ZOOM OR WHATSAPP, $150 FOR 60 MINUTES
ਤੁਸੀਂ ਆਯੁਰਵੈਦਿਕ ਤਰੀਕੇ ਨਾਲ ਬਿਮਾਰੀਆਂ ਦੇ ਇਲਾਜ ਲਈ ਆਨਲਾਈਨ ਸਲਾਹ-ਮਸ਼ਵਰਾ ਕਰਨ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ।
To book an appointment, email:
priya@ayurvedic.co.nz
Website: www.ayurvedic.co.nz
WhatsApp +64212530961
Usa number +16286882063
30 Years Experienced Practitioner

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ, ਡਿਪੋਰਟੇਸ਼ਨ, ਅਸਾਈਲਮ, ਸਿਟੀਜ਼ਨਸ਼ਿਪ, ਗਰੀਨ ਕਾਰਡ, ਫੈਮਲੀ ਪਟੀਸ਼ਨ, ਵਿਆਹ ਦੇ
ਆਧਾਰ ਤੇ ਗਰੀਨ ਕਾਰਡ, ਐਡਜਸਟਮੈਂਟ ਆਫ ਸਟੇਟਸ, ਫੈਮਲੀ ਲਾਅ, ਤਲਾਕ ਦੀ
ਪਟੀਸ਼ਨ, ਬੱਚੇ ਦੀ ਕਸਟਡੀ, ਭੱਤਾ ਜਾਂ ਖਰਚਾ, ਬੱਚਿਆਂ ਲਈ ਖਰਚਾ
TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਗੁਰਦਾਵਰ ਸਿੰਘ ਮਾਨ, ਗੁਰਚਰਨ ਸਿੰਘ ਮਾਨ
510-487-1000
Agent License# 0C70672
Gurdawar Singh Mann mann@ggiaba.com www.ggiaba.com Gurcharan Singh Mann
Mann Insurance Brokers Inc.
32146 Alvarado Blvd, Union City, CA 94587

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 3155 Kearney Street Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington, IL

Allstate. You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਪੰਜਾਬ ’ਚ ਸਿੱਖ ਆਬਾਦੀ ਦਾ ਘਟਣਾ ਚਿੰਤਾ ਦਾ ਵਿਸ਼ਾ



ਇਕਬਾਲ ਸਿੰਘ ਲਾਲਪੁਰਾ

ਮਨੁੱਖ ਤੋਂ ਪਰਮ ਮਨੁੱਖ ਬਣਾਉਣ ਦਾ ਇਕ ਨਿਵੇਕਲਾ ਉੱਦਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ। ਇਹ ਨਵਾਂ ਮਾਰਗ ਪ੍ਰੇਮ ਦਾ ਹੈ ਪਰ ਇਸ ਦੇ ਪਾਂਧੀ ਬਣਨ ਲਈ ਸਿਰ ਤਲੀ ’ਤੇ ਰੱਖ ਕੇ ਗੁਰੂ ਕੋਲ ਆਉਣ ਦੀ ਸ਼ਰਤ ਹੈ। ਗੁਰੂ ਦੇ ਹੁਕਮ ਤੇ ਦੱਸੇ ਮਾਰਗ ’ਤੇ ਚੱਲਣ ਨਾਲ ਸੰਤ ਸਿਪਾਹੀ ਸੁੱਤੇ ਸਿੱਧ ਹੀ ਬ੍ਰਹਮ ਗਿਆਨੀ ਬਣ ਕੇ ਮੁਕਤ ਹੋ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਦੀ ਗਵਾਹੀ ‘‘ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥’’ ਦੇ ਹੁਕਮ ਨਾਲ ਦਿੱਤੀ ਹੈ। ਇਸ ਪੰਥ ਜਾਂ ਮਾਰਗ ਦੇ ਪਾਂਧੀ ਨਾ ਕਿਸੇ ਤੋਂ ਡਰਦੇ ਹਨ, ਨਾ ਡਰਾਉਂਦੇ ਹਨ। ਉਹ ਅਣਖ ਨਾਲ ਜਿਊਂਦੇ ਹਨ ਤੇ ਕਿਸੇ ਦੀ ਟੈਂ ਵੀ ਨਹੀਂ ਮੰਨਦੇ।

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ 239 ਸਾਲ, ਆਪਣੇ ਫਲਸਫੇ ਦੀਆਂ ਉਦਾਹਰਨਾਂ ਆਪਣੇ ਜੀਵਨ ਰਾਹੀਂ ਪੇਸ਼ ਕੀਤੀਆਂ ਅਤੇ ਭਾਰਤੀ ਸਮਾਜ ਵਿੱਚੋਂ ਜਾਤ-ਪਾਤ ਦੀ ਵੰਡ ਸਮੇਤ ਸਭ ਕਮਜ਼ੋਰੀਆਂ ਦੂਰ ਕਰ ਕੇ ਇਕ ਨਵੇਂ, ਸੇਵਾ, ਸਿਮਰਨ ਤੇ ‘ਸੂਰਬੀਰ ਬਚਨ ਕੇ ਬਲੀ’ ਯੋਧਿਆਂ ਦੀ ਫ਼ੌਜ ਤਿਆਰ ਕੀਤੀ। ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ। ਇਸੇ ਨਵੇਂ ਪੰਥ ਵੱਲ ਤੁਰਨ ਦਾ ਸਫ਼ਰ ਵੀ ਸੁਖਾਲਾ ਨਹੀਂ ਸੀ, ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਹਰ ਬਾਦਸ਼ਾਹ ਨੇ ਗੁਰੂ ਸਾਹਿਬਾਨ ਨਾਲ ਟੱਕਰ ਲਈ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮ ਰੱਖਿਆ ਤੇ ਜ਼ੁਲਮ ਵਿਰੁੱਧ 21 ਦੇ ਕਰੀਬ ਲੜਾਈਆਂ ਵੀ ਲੜਨੀਆਂ ਪਈਆਂ। ਜਿੱਤ ਉਪਰੰਤ ਵੀ ਗੁਰੂ ਸਾਹਿਬਾਨ ਨੇ ਇਕ ਇੰਚ ਜ਼ਮੀਨ ’ਤੇ ਕਬਜ਼ਾ ਨਹੀਂ ਕੀਤਾ ਪਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦਿੱਤਾ ਤਾਂ ਖ਼ਾਲਸਾ ਨੇ ਦੋ ਸਾਲ ਵਿਚ ਹੀ ਖ਼ਾਲਸਾ ਰਾਜ ਦੀ ਸਥਾਪਨਾ ਕਰ ਕੇ ਮੁਗ਼ਲ ਰਾਜ ਦੇ ਖ਼ਾਤਮੇ ਦੀ ਨੀਂਹ ਰੱਖ ਦਿੱਤੀ। ਸੰਨ 1715 ਵਿਚ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਬਾਹਰੋਂ ਸਹਾਇਤਾ ਦੀ ਉਮੀਦ ਕਰ ਰਹੇ ਸਨ ਤਾਂ ਵਿਰੋਧੀ ਫੁੱਟ ਪਾਉਣ ਵਿਚ ਸਫ਼ਲ ਹੋ ਚੁੱਕਾ ਸੀ ਤੇ ਬਾਹਰੋਂ ਕੋਈ ਸਹਾਇਤਾ ਨਹੀਂ ਪਹੁੰਚੀ।

ਮੰਨੂ ਦੀ ਦਾਤਰੀ ਨੇ ਭਾਵੇਂ ਸਿੱਖ ਕੌਮ ਦੇ ਸੱਥਰਾਂ ਦੇ ਸੱਥਰ ਲਾਹ ਦਿੱਤੇ ਤੇ ਸਿੱਖਾਂ ਦੇ ਸਿਰਾਂ ਦਾ ਮੁੱਲ ਲਾਇਆ ਤੇ ਬੀਬੀਆਂ ਵੀ ਕਤਲ ਕਰਨ ਤੋਂ ਗੁਰੇਜ਼ ਨਹੀਂ ਕੀਤਾ ਪਰ ਉਸ ਸਮੇਂ ਦੇ ਭਾਰਤੀ ਸਮਾਜ ਅੰਦਰ ਇਹ ਸੋਏ ਦੂਣ ਸਵਾਏ ਵੀ ਹੁੰਦੇ ਰਹੇ ਕਿਉਂਕਿ ਪਰਿਵਾਰ ਆਪਣਾ ਜੇਠਾ ਪੁੱਤਰ ਗੁਰੂ ਜਾਂ ਗੁਰੂ ਖ਼ਾਲਸਾ ਨੂੰ ਅਰਪਣ ਕਰ ਦਿੰਦਾ ਸੀ। ਇਸ ਕਤਲੋ-ਗਾਰਤ ਦੇ ਸਮੇਂ ਸਿੱਖ ਧਰਮ ਦਾ ਪ੍ਰਚਾਰ ਕੌਣ ਕਰ ਰਿਹਾ ਸੀ? ਨਿਰਮਲੇ, ਉਦਾਸੀਆਂ ਤੇ ਹੋਰਾਂ ਦੀ ਸਾਰਥਕ ਭੂਮਿਕਾ ਬਾਰੇ ਖੋਜ ਕਰਨ ਦੀ ਅਜੇ ਲੋੜ ਹੈ। ਸਿੱਖ ਤੇ ਖ਼ਾਲਸਾ ਦੀ ਨਰਸਰੀ ਕਿੱਥੇ ਸੀ? ਇਹ ਵੀ ਵਿਚਾਰਨ ਦਾ ਵਿਸ਼ਾ ਹੈ। ਖ਼ਾਲਸਾ ਨੇ ਮੁੜ ਲਾਹੌਰ ਫ਼ਤਿਹ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਥਾਪ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਦੇਸ਼ ਦਿੱਤਾ ਸੀ ਕਿ ਦੁਸ਼ਮਣ ਦਾ ਧਰਮ ਅਸਥਾਨ ਨਹੀਂ ਢਾਹੁਣਾ ਜਿਸ ਦੀ ਬਾਬਾ ਬੰਦਾ ਸਿੰਘ ਬਹਾਦਰ ਨੇ ਪਾਲਣਾ ਵੀ ਕੀਤੀ ਪਰ ਸ਼ਾਇਦ ਅਹਿਮਦ ਸ਼ਾਹ ਅਬਦਾਲੀ ਨੂੰ ਅਜਿਹੀ ਸਿੱਖਿਆ ਦੇਣ ਵਾਲਾ ਮੁਰਸ਼ਦ ਨਹੀਂ ਸੀ ਮਿਲਿਆ। ਉਸ ਨੇ ਅੰਮ੍ਰਿਤ ਦੇ ਸੋਮੇ ਨੂੰ ਪੂਰਨ ਸਮੇਤ ਸ੍ਰੀ ਹਰਮਿੰਦਰ ਸਾਹਿਬ ਵੀ ਢਹਿ ਢੇਰੀ ਕਰਵਾ ਦਿੱਤਾ।

ਪਰ ਇਹ ਜ਼ੁਲਮ ਵੀ ਖ਼ਾਲਸੇ ਦਾ ਮਨੋਬਲ ਨਹੀਂ ਤੋੜ ਸਕਿਆ। ਛੋਟੇ, ਵੱਡੇ ਘੱਲੂਘਾਰਿਆਂ ਵਿੱਚੋਂ ਤਬਾਹੀ ਦੇ ਕੰਢੇ ਤੋਂ ਉੱਠ ਕੇ ਕੌਮ ਨੇ ਅਬਦਾਲੀ ਦੇ ਛੱਕੇ ਛੁੜਵਾ ਦਿੱਤੇ ਤੇ ਮੁੜ ਪੰਜਾਬ ਦੇ ਵੱਡੇ ਹਿੱਸੇ ’ਤੇ ਕਬਜ਼ਾ ਕਰ ਲਿਆ।ਮਿਸਲਾਂ ਪਹਿਲਾਂ ਕੌਮ ਦੇ ਦੁਸ਼ਮਣ ਵਿਰੁੱਧ ਇਕੱਠੇ ਹੋ ਕੇ ਲੜਦੀਆਂ ਸਨ ਪਰ ਸਮੇਂ ਨਾਲ ਰਾਜ ਦੇ ਲੋਭ ਵਿਚ ਫਸ ਕੇ ਕੁਝ ਕੁ ਮਿਸਲਾਂ ਵਾਲੇ ਇਕ-ਦੂਜੇ ਦੇ ਵਿਰੋਧੀ ਵੀ ਬਣ ਗਏ ਸਨ। ਆਪਸੀ ਕਤਲ ਵੀ ਹੋਏ ਤੇ ਸੁਲਤਾਨ-ਉਲ-ਕੌਮ ਨੂੰ ਕੈਦ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸੇ ਕਾਰਨ ਦਿੱਲੀ ਦਾ ਰਾਜ ਜਿੱਤ ਕੇ ਵੀ 1783 ਈ. ਵਿਚ ਸ਼ਾਹ ਆਲਮ ਨੂੰ ਵਾਪਸ ਕਰ ਦਿੱਤਾ ਗਿਆ ਕਿਉਂਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕੌਮ ਵਿਚ ਲੜਾਈ ਨਹੀਂ ਚਾਹੁੰਦੇ ਸਨ। ਸੁਲਤਾਨ-ਉਲ-ਕੌਮ ਤੋਂ ਬਾਅਦ ਖ਼ਾਲਸਾ ਸ਼ਕਤੀ ਨੂੰ ਇਕ ਸੂਤਰ ਵਿਚ ਪਰੋਣ ਵਾਲਾ ਕੋਈ ਨਹੀਂ ਸੀ। ਪੰਜਾਬ ਦਾ ਰਾਜ ਖ਼ਾਲਸਾ ਕੋਲ ਸੀ ਤੇ ਦਿੱਲੀ ਦਾ ਬਾਦਸ਼ਾਹ ਟੈਕਸ ਭਰਦਾ ਸੀ। ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਭਰੋਸੇਯੋਗ ਸਾਥੀ ਸੀ।

18ਵੀਂ ਸਦੀ ਦੇ ਅੰਤ ਤੱਕ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਨੂੰ ਮੈਦਾਨ-ਏ-ਜੰਗ ਵਿਚ ਲਲਕਾਰਨ ਲਈ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਸਰਦਾਰ ਰਣਜੀਤ ਸਿੰਘ ਅੱਗੇ ਆਇਆ ਤੇ ਲਾਹੌਰ ’ਤੇ ਰਾਜ ਸਥਾਪਤ ਕਰਨ ’ਚ ਕਾਮਯਾਬ ਹੋ ਗਿਆ। ਉਸ ਨਾਲ ਅੰਗਰੇਜ਼ ਤੇ ਨੈਪੋਲੀਅਨ, ਦੋਵੇਂ ਸੰਧੀ ਕਰਨਾ ਚਾਹੁੰਦੇ ਸਨ। ਇਹ ਰਾਜ ਸਰਬ ਸਾਂਝੀਵਾਲਤਾ ਤੇ ਗੁਰੂ ਸਾਹਿਬਾਨ ਦੇ ਹਲੇਮੀ ਰਾਜ ਦੀ ਉਦਾਹਰਨ ਸੀ।

ਸੰਨ 1839 ਵਿਚ ਮਹਾਰਾਜਾ ਦੇ ਅਕਾਲ ਚਲਾਣੇ ਤੋਂ ਬਾਅਦ ਖ਼ਾਲਸਾ ਰਾਜ ਹੜੱਪਣ ਲਈ ਅੰਗਰੇਜ਼ਾਂ ਦੀ ਸਾਜ਼ਿਸ਼ ਦਾ ਇਹ ਸਤਲੁਜ ਪਾਰ ਦੇ ਸਿੱਖ ਵੀ ਹਿੱਸਾ ਬਣੇ। ਚਾਹੀਦਾ ਤਾਂ ਇਹ ਸੀ ਇਹ ਮਹਾਰਾਜਾ ਖੜਕ ਸਿੰਘ ਜਾਂ ਮਹਾਰਾਜਾ ਸ਼ੇਰ ਸਿੰਘ ਦੇ ਨਾਲ ਖੜ੍ਹੇ ਹੁੰਦੇ। ਅੰਗਰੇਜ਼ਾਂ ਨੇ ਆਪਣੇ ਧਰਮ ਦੇ ਪ੍ਰਚਾਰ ਨੂੰ ਸ਼ਕਤੀ ਦੇਣ ਲਈ ਸਿੱਖ ਧਰਮ ਅਸਥਾਨਾਂ ਦਾ ਪ੍ਰਬੰਧ ਆਪਣੇ ਪਿੱਠੂਆਂ ਦੇ ਹਵਾਲੇ ਕਰ ਕੇ ਉਨ੍ਹਾਂ ਨੂੰ ਵਿਭਚਾਰ ਤੇ ਭ੍ਰਿਸ਼ਟਾਚਾਰ ਦੇ ਅੱਡੇ ਬਣਾ ਦਿੱਤਾ।

ਜਦੋਂ 1873 ’ਚ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਨੂੰ ਈਸਾਈ ਬਣਾਉਣ ਵਿਰੁੱਧ ਸਿੰਘ ਸਭਾ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ ਨੇ ਚਲਾਕੀ ਨਾਲ ਇਸ ਲਹਿਰ ਨੂੰ ਚੀਫ ਖ਼ਾਲਸਾ ਦੀਵਾਨ ਬਣਾ ਕੇ 1902 ਈ. ਤੱਕ ਖ਼ਤਮ ਕਰ ਦਿੱਤਾ। ਚੀਫ ਖ਼ਾਲਸਾ ਦੀਵਾਨ ਦੇ ਪੰਜ ਮਨੋਰਥ ਪੜ੍ਹਨ-ਸੁਣਨ ਨੂੰ ਚੰਗੇ ਹਨ ਪਰ ਕੀ ਇਨ੍ਹਾਂ ’ਤੇ ਅਮਲ ਹੋ ਰਿਹਾ ਹੈ ਤੇ ਅੱਜ ਸਥਿਤੀ ਕੀ ਹੈ?



ਸੰਨ 1920 ਦੀ ਗੁਰਦੁਆਰਾ ਸੁਧਾਰ ਲਹਿਰ ਵੱਡੀਆਂ ਕੁਰਬਾਨੀਆਂ ਮਗਰੋਂ ਕਾਮਯਾਬ ਹੋਈ ਸੀ ਪਰ ਇਹ ਵੀ ਸਿੱਖ ਕੌਮ ਦੀ ਜਿੱਤ ਨੂੰ ਆਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ ਆਖਣ ਵਾਲੇ ਕਾਂਗਰਸੀਆਂ ਦੀ ਝੋਲੀ ਪੈ ਗਈ। ਰਾਜਕੁਮਾਰੀ ਬੰਬਾ ਜੋ ਉਸ ਸਮੇਂ ਲਾਹੌਰ ’ਚ ਸੀ, ਨੂੰ ਨਾ ਇਨ੍ਹਾਂ ਨੇ ਨਾਲ ਲਿਆ, ਨਾ ਮਦਦ ਕੀਤੀ ਅਤੇ ਨਾ ਹੀ ਉਸ ਨੂੰ ਮੁੜ ਆਪਣੇ ਪੁਰਖਿਆਂ ਦੇ ਧਰਮ ਨਾਲ ਜੁੜਨ ਲਈ ਪ੍ਰੇਰਿਆ ਜਦਕਿ ਉਹ ਅਜ਼ਾਦੀ ਘੁਲਾਟੀਆਂ ਦੇ ਸੰਪਰਕ ਵਿਚ ਸੀ। ਅੰਗਰੇਜ਼ ਲਈ ਦੁਨੀਆ ਭਰ ਵਿਚ ਵਿਸ਼ਵ ਜੰਗਾਂ ਸਮੇਂ ਲੜਨ-ਮਰਨ ਵਾਲਿਆਂ ਸਿੱਖਾਂ ਦੀ ਸੂਚੀ ਬੜੀ ਲੰਬੀ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਸਿੱਖ ਕੌਮ ਨੇ ਕੁਝ ਸਿਆਣਪ ਕੀਤੀ ਹੋਵੇ, ਇਸ ਬਾਰੇ ਵੀ ਪੜਤਾਲ ਕਰਨੀ ਬਣਦੀ ਹੈ। ਕਾਂਗਰਸ ਵੱਲੋਂ 1928 ਈ. ਦੀ ਮੋਤੀ ਲਾਲ ਨਹਿਰੂ ਰਿਪੋਰਟ ਹੀ ਸਪਸ਼ਟ ਗਵਾਹੀ ਭਰਦੀ ਸੀ ਕਿ ਸਿੱਖਾਂ ਨੂੰ ਕੁਝ ਵੀ ਵੱਖਰਾ ਮਿਲਣ ਵਾਲਾ ਨਹੀਂ। ਆਗੂਆਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਵਿੱਦਿਆ ਲਈ ਪ੍ਰਬੰਧ ਕਰਨ ਲਈ ਕੋਈ ਯੋਜਨਾਬੰਦੀ ਨਹੀਂ ਕੀਤੀ। ਆਜ਼ਾਦੀ ਤੋਂ ਤੁਰੰਤ ਬਾਅਦ ਅੰਗਰੇਜ਼ ਪ੍ਰਸਤ ਫਿਰ ਕਾਂਗਰਸੀ ਬਣ ਕੇ ਅੱਗੇ ਹੋ ਗਏ ਜਿਨ੍ਹਾਂ ਦੇ ਪੁਰਖਿਆਂ ਦਾ ਪਿਛੋਕੜ ਕਦੇ ਵੀ ਕੌਮ ਲਈ ਕੁਰਬਾਨੀ ਵਾਲਾ ਨਹੀਂ ਰਿਹਾ ਸੀ।

ਅਜੋਕੇ ਸਮੇਂ ਧਰਮ ਨੂੰ ਰਾਜਨੀਤਕ ਕੁਰਸੀ ਤੱਕ ਪੁੱਜਣ ਲਈ ਘੋੜੀ ਬਣਾਉਣ ਵਾਲੇ ਇਕ-ਦੂਜੇ ’ਤੇ ਚਿੱਕੜ ਸੁੱਟਣਾ ਹੀ ਸ਼ਾਇਦ ਰਾਜਨੀਤੀ ਮੰਨਦੇ ਹਨ। ਸਮਾਂ ਕਿਸੇ ਨੂੰ ਮਾਫ਼ ਨਹੀਂ ਕਰਦਾ। ਵਿਸ਼ਲੇਸ਼ਣ ਨਿਰਪੱਖ ਹੋਣਾ ਚਾਹੀਦਾ ਹੈ। ਪੰਜਾਬ ’ਚ ਸਿੱਖ ਆਬਾਦੀ 63 ਫ਼ੀਸਦੀ ਤੋਂ ਘਟ ਕੇ 57 ਫ਼ੀਸਦੀ ਹੋ ਗਈ ਹੈ। ਬੱਚੇ-ਬੱਚੀਆਂ ਵਿਦੇਸ਼ਾਂ ਵੱਲ ਭੱਜ ਰਹੇ ਹਨ ਜਿੱਥੇ ਉਨ੍ਹਾਂ ਦੀ ਹਾਲਤ ਬਾਰੇ ਪੜ੍ਹ ਕੇ ਚਿੰਤਾ ਹੁੰਦੀ ਹੈ।

ਉੱਚ ਸਰਕਾਰੀ ਅਹੁਦਿਆਂ ਤੇ ਦਫ਼ਤਰਾਂ ਵਿੱਚੋਂ ਦਸਤਾਰ ਗਾਇਬ ਹੁੰਦੀ ਜਾ ਰਹੀ ਹੈ। ਚਰਚਾ ਹੈ ਕਿ ਇਕ ਧਰਮ ਜਿਸ ਦੀ ਸੰਖਿਆ ਦੋ ਫ਼ੀਸਦੀ ਤੋਂ ਵੀ ਘੱਟ ਸੀ, ਅੱਜ ਨਿਰਮਲ ਪੰਥ ਨੂੰ ਸਰਾ਼ਲ ਵਾਂਗ ਨਿਗਲ ਰਿਹਾ ਹੈ। ਧਰਮ ਅਸਥਾਨਾਂ ਦੇ ਪ੍ਰਬੰਧਕਾਂ ’ਤੇ ਮੁੜ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਭਾਰਤ ਵਿਰੋਧੀ ਵਿਦੇਸ਼ੀ ਤਾਕਤਾਂ ਸਿੱਖਾਂ ਨੂੰ ਝੂਠੀਆਂ ਕਹਾਣੀਆਂ ਨਾਲ ਦੇਸ਼ ਵਿਰੁੱਧ ਭੜਕਾ ਰਹੀਆਂ ਹਨ। ਇਹ ਕੇਵਲ ਕੌਮ ਨੂੰ ਬਦਨਾਮ ਤੇ ਕਮਜ਼ੋਰ ਕਰਨ ਲਈ ਹੋ ਰਿਹਾ ਹੈ। ਸਮਾਂ ਵਿਚਾਰਨ ਦਾ ਹੈ।

ਜਿੱਥੇ ਸ੍ਰੀ ਗੁਰੂ ਨਾਨਕ ਦੇਵ ਤੇ ਹੋਰ ਗੁਰੂ ਸਾਹਿਬਾਨ ਨੇ ਪ੍ਰਚਾਰ ਕੇਂਦਰ ਸਥਾਪਤ ਕੀਤੇ ਸਨ, ਕੀ ਅਸੀਂ ਉੱਥੇ ਖੋਜ ਕੇਂਦਰ ਤੇ ਯੂਨੀਵਰਸਿਟੀਆਂ ਬਣਾ ਲਈਆਂ ਹਨ? ਕੀ ਪੰਥਕ ਅਦਾਰਿਆਂ ਦੇ ਨਾਂ ’ਤੇ ਚੱਲ ਰਹੇ ਵਿੱਦਿਅਕ ਸਥਾਨ ਸਭ ਤੋਂ ਉੱਤਮ ਹਨ? ਕੀ ਪਿੰਡ ਦੇ ਗ਼ਰੀਬ ਦੀ ਧੀ ਦੇ ਵਿਆਹ ਲਈ ਅਸੀਂ ਕੁਝ ਕਰਦੇ ਹਾਂ?

ਕੀ ਪੰਜਾਬ ਵਿਚ ਖੇਤੀ ਆਧਾਰਤ ਕਾਰਖਾਨੇ ਲੱਗ ਚੁੱਕੇ ਹਨ। ਕੀ ਨਿਰਮਲ ਪੰਥ ਵਿਚ ਡੇਰਾਵਾਦ ਲਈ ਕੋਈ ਥਾਂ ਹੈ? ਕੀ ਧਾਰਮਿਕ ਰੂਪ ਵਿਚ ਇਕੱਠੇ ਹੋ ਕੇ ਪੰਥ ਤੇ ਪੰਜਾਬ ਦੇ ਵਿਕਾਸ ਲਈ ਕੰਮ ਨਹੀਂ ਕਰਨਾ ਚਾਹੀਦਾ? ਕੀ ਕੇਂਦਰ ਸਰਕਾਰ ਨਾਲ ਲੜਨ ਤੋਂ ਬਿਨਾਂ ਤਰੱਕੀ ਦਾ ਕੋਈ ਰਾਹ ਨਹੀਂ? ਕੀ ਦੋਸਤ ਤੇ ਦੁਸ਼ਮਣ ਵਿਚ ਫ਼ਰਕ ਨਹੀਂ ਕਰਨਾ ਚਾਹੀਦਾ? ਜੇ ਇਨ੍ਹਾਂ ’ਤੇ ਚਰਚਾ ਬਣਦੀ ਹੈ ਤਾਂ ਕੀ ਅੱਜ ਸਿਰ ਜੋੜ ਕੇ ਬੈਠਣ ਦਾ ਸਮਾਂ ਨਹੀਂ? ਜਦ ਦੇਸ਼ ਅੱਗੇ ਵਧ ਰਿਹਾ ਹੈ ਤਾਂ ਪੰਜਾਬ ਪਿੱਛੇ ਕਿਉਂ? ਇਹ ਲੇਖ ਕੇਵਲ ਸਾਰਥਕ ਚਰਚਾ ਲਈ ਪੇਸ਼ ਹੈ।

# ਭਾਰਤ ਵਿਚ ਡਿਜੀਟਲ ਲੈਣ-ਦੇਣ ਦੀ ਸਹੂਲਤ ਤੇ ਇਸ ਨਾਲ ਜੁੜੀਆਂ ਦਿੱਕਤਾਂ

ਡਾ. ਅਮਨਪ੍ਰੀਤ ਸਿੰਘ ਬਰਾੜ

ਭਾਰਤ ਨੂੰ ਤਰੱਕੀ ਦੇ ਰਸਤੇ ’ਤੇ ਲਿਜਾਣ ਲਈ 1 ਜੁਲਾਈ 2015 ਨੂੰ ਕੇਂਦਰ ਸਰਕਾਰ ਨੇ ਇਕ ਨਵਾਂ ਉਪਰਾਲਾ ਕੀਤਾ ਸੀ। ਇਸ ਵਿਚ ਸਰਕਾਰਾਂ ਨੇ 2018 ਤੱਕ 80 ਫ਼ੀਸਦੀ ਲੋਕਾਂ ਨੂੰ ਇੰਟਰਨੈਟ ਧਾਰਕ ਬਣਾ ਦਿੱਤਾ ਸੀ। ਇਸ ’ਚ ਕਈ ਤਰ੍ਹਾਂ ਦੇ ਉਦੇਸ਼ ਰੱਖੇ ਗਏ ਸਨ ਮਸਲਨ ਡਿਜੀਟਲ ਇਨਫਰਾਸਟਰਕਚਰ ਦੇਸ਼ ਦੇ ਹਰ ਵਾਸੀ ਤੇ ਸਰਕਾਰ ਨੂੰ ਸਹੂਲਤ ਦੇਵੇ ਅਤੇ ਲੋਕਾਂ ਦੇ ਸਰਕਾਰੀ ਕੰਮ ਘਰ ਬੈਠੇ ਹੀ ਹੋ ਜਾਣ। ਇਸ ਨਾਲ ਕਈ ਤਰ੍ਹਾਂ ਦੇ ਸਰਕਾਰੀ ਕੰਮ ਜਿਵੇਂ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਦੇਣੀ, ਬਿਜਲੀ-ਪਾਣੀ ਦੇ ਬਿੱਲ ਜਮ੍ਹਾ ਕਰਾਉਣੇ ਸਭ ਆਨਲਾਈਨ ਹੋਣ ਲੱਗ ਪਏ ਹਨ। ਇਸ ਵਿਚ ਹੋਰ ਵੀ ਕਈ ਤਰ੍ਹਾਂ ਦੇ ਪ੍ਰੋਗਰਾਮ ਚਲਾਏ ਗਏ ਜਿਨ੍ਹਾਂ ਵਿਚ ਡਿਜੀ ਲਾਕਰ ਯਾਨੀ ਜੋ ਵੀ ਸਾਡੇ ਸਰਕਾਰੀ ਦਸਤਾਵੇਜ਼ ਹਨ ਜਿਵੇਂ ਆਧਾਰ ਕਾਰਡ, ਡਿਗਰੀਆਂ ਆਦਿ ਰੱਖ ਦਿਉ ਤਾਂ ਕਿ ਜਿੱਥੇ ਲੋੜ ਪਵੇ ਉੱਥੇ ਦਿਖਾ ਦਿਉ।

ਸਾਰਾ ਲੈਂਡ ਰਿਕਾਰਡ ਵੀ ਆਨਲਾਈਨ ਕਰ ਦਿੱਤਾ ਗਿਆ ਅਤੇ ਕਿਸਾਨਾਂ ਨੂੰ ਫ਼ਸਲਾਂ ਦੀ ਸਿੱਧੀ ਅਦਾਇਗੀ ਉਨ੍ਹਾਂ ਦੇ ਖਾਤਿਆਂ ਵਿਚ ਆਉਣੀ ਸ਼ੁਰੂ ਹੋ ਗਈ। ਈ-ਕਾਮਰਸ ਨੂੰ ਵੀ ਹੋਰ ਹੁਲਾਰਾ ਮਿਲਿਆ ਯਾਨੀ ਚੀਜ਼ ਖ਼ਰੀਦਣ ਲਈ ਮੋਬਾਈਲ ਜਾਂ ਕੰਪਿਊਟਰ ’ਤੇ ਹੀ ਦੁਕਾਨਾਂ ਖੁੱਲ੍ਹ ਗਈਆਂ। ਇਨਸਾਨ ਦੁਨੀਆ ਦੇ ਕਿਸੇ ਵੀ ਕੋਨੇ ਤੋਂ ਚੀਜ਼ ਮੰਗਵਾ ਸਕਦਾ ਹੈ ਅਤੇ ਉਸ ਦਾ ਭੁਗਤਾਨ ਵੀ ਬਟਨ ਦੱਬਦਿਆਂ ਹੋ ਜਾਂਦਾ ਹੈ। ਇੱਥੋਂ ਤੱਕ ਕਿ ਹੁਣ ਰੇਹੜੀ ਅਤੇ ਛੋਟੀ ਦੁਕਾਨ ’ਤੇ ਵੀ ਮੋਬਾਈਲ ਰਾਹੀਂ ਭੁਗਤਾਨ ਕੀਤਾ ਜਾ ਸਕਦਾ ਹੈ। ਇਸ ਨੇ ਬੈਂਕਾਂ ਦੇ ਕੰਮ ਕਰਨ ਦੇ ਤਰੀਕੇ ਹੀ ਬਦਲ ਦਿੱਤੇ ਹਨ। ਇਸ ਦੀ ਖਾਤਾ ਧਾਰਕ ਨੂੰ ਵੀ ਸੁਵਿਧਾ ਹੈ ਕਿ ਬਿਨਾਂ ਬੈਂਕ ਗਿਆਂ ਲੈਣ-ਦੇਣ ਹੋ ਜਾਂਦਾ ਹੈ। ਸਰਕਾਰ ਨੇ 2014 ਵਿਚ ਐਲਾਨ ਕੀਤਾ ਸੀ ਕਿ ਕਾਲੇ ਧਨ ’ਤੇ ਰੋਕ ਲਗਾਈ ਜਾਵੇਗੀ। ਉਸ ਉੱਪਰ ਸ਼ਿਕੰਜਾ ਕੱਸਣ ਲਈ ਡਿਜੀਟਲ ਲੈਣ-ਦੇਣ ਨੂੰ ਵਧਾਇਆ ਗਿਆ। ਜਦੋਂ ਪੈਸੇ ਖਾਤੇ ਵਿਚ ਆਉਣਗੇ ਅਤੇ ਉਸ ਵਿੱਚੋਂ ਹੀ ਖ਼ਰਚੇ ਜਾਣਗੇ ਤਾਂ ਟੈਕਸ ਦੀ ਚੋਰੀ ਘਟੇਗੀ। ਇਸੇ ਵਾਸਤੇ ਸਰਕਾਰ ਨੇ 8 ਨਵੰਬਰ 2016 ਨੂੰ ਨੋਟਬੰਦੀ ਵੀ ਕੀਤੀ ਸੀ। ਇਸ ਨੂੰ ਅਸਲ ਹੁਲਾਰਾ ਮਿਲਿਆ ਕੋਰੋਨਾ ਦੀ ਮਹਾਮਾਰੀ ਦੌਰਾਨ। 2000 ਰੁਪਏ ਦੇ ਨੋਟ ਬੰਦ ਕਰਨ ਪਿੱਛੇ ਵੀ ਡਿਜੀਟਲ ਲੈਣ-ਦੇਣ ਨੂੰ ਹੁਲਾਰਾ ਦੇਣਾ ਇਕ ਉਦੇਸ਼ ਸੀ।




ਜਦੋਂ ਕੋਈ ਵੱਡਾ ਤਕਨੀਕੀ ਬਦਲਾਅ ਆਉਂਦਾ ਹੈ ਤਾਂ ਉਸ ਨਾਲ ਕਈ ਮੁਸ਼ਕਲਾਂ ਵੀ ਸਾਹਮਣੇ ਆਉਂਦੀਆਂ ਹਨ। ਡਿਜੀਟਲ ਲੈਣ-ਦੇਣ ਨੇ ਬਜ਼ੁਰਗਾਂ, ਅਨਪੜ੍ਹ ਜਾਂ ਘੱਟ-ਪੜ੍ਹੇ ਲਿਖੇ ਲੋਕਾਂ ਇੱਥੋਂ ਤੱਕ ਕਿ ਚੰਗੇ ਵਿਦਵਾਨਾਂ ਨੂੰ ਵੀ ਠੱਗੀ ਦਾ ਸ਼ਿਕਾਰ ਬਣਾਇਆ ਹੈ। ਅੱਜ ਵੀ 42 ਫ਼ੀਸਦੀ ਭਾਰਤੀ ਮੰਨਦੇ ਹਨ ਕਿ ਉਨ੍ਹਾਂ ਨਾਲ ਠੱਗੀ ਵੱਜੀ ਹੈ ਅਤੇ ਉਸ ਵਿੱਚੋਂ 74 ਫ਼ੀਸਦੀ ਨੂੰ ਪੈਸੇ ਵਾਪਸ ਨਹੀਂ ਮਿਲੇ। ਡਿਜੀਟਲ ਪੇਮੈਂਟਸ ਦੀ ਗੱਲ ਕਰਦੇ ਹਾਂ ਜਿਸ ਵਿਚ ਕ੍ਰੈਡਿਟ, ਡੈਬਿਟ ਕਾਰਡ, ਯੂਪੀਆਈ, ਆਨਲਾਈਨ ਬੈਂਕਿੰਗ ਆਉਂਦੇ ਹਨ। ਉਨ੍ਹਾਂ ’ਚ ਧੋਖਾਧੜੀ ਦੇ ਅੰਕੜੇ ਇਸ ਤਰ੍ਹਾਂ ਹਨ। ਸਾਲ 2020-2021 ਯਾਨੀ ਕੋਰੋਨਾ ਦੇ ਚੋਟੀ ਵਾਲੇ ਸਾਲ ਵੇਲੇ 4,49,684 ਮਾਮਲੇ ਸਾਹਮਣੇ ਆਏ ਜਿਸ ਨਾਲ 636.12 ਕਰੋੜ ਦਾ ਨੁਕਸਾਨ ਹੋਇਆ। ਸਾਲ 2021-22 ਵਿਚ ਮਾਮਲੇ ਤਾਂ ਹੇਠਾਂ ਆਏ ਯਾਨੀ 3,59,791 ਮਾਮਲੇ ਦਰਜ ਹੋਏ ਪਰ ਨੁਕਸਾਨ ਵਧ ਕੇ 816.40 ਕਰੋੜ ’ਤੇ ਪਹੁੰਚ ਗਿਆ। ਉੱਧਰ ਅਪ੍ਰੈਲ 2022 ਤੋਂ ਸਤੰਬਰ 2022 ਤੱਕ 1,48,887 ਮਾਮਲਿਆਂ ਵਿਚ 418.31 ਕਰੋੜ ਦਾ ਨੁਕਸਾਨ ਲੋਕਾਂ ਨੂੰ ਝੱਲਣਾ ਪਿਆ। ਇਹ ਅੰਕੜੇ ਆਰਬੀਆਈ ਦੁਆਰਾ ਦਿੱਤੇ ਗਏ ਹਨ। ਕਈ ਬਜ਼ੁਰਗ ਜਾਂ ਫਿਰ ਹੋਰ ਅਨਪੜ੍ਹ ਜਾਂ ਘੱਟ-ਪੜ੍ਹੇ ਲਿਖੇ ਲੋਕ ਏਟੀਐੱਮ ਵਿੱਚੋਂ ਜਦੋਂ ਪੈਸੇ ਕਢਵਾਉਂਦੇ ਹਨ, ਉਸ ਸਮੇਂ ਜੇ ਉਨ੍ਹਾਂ ਤੋਂ ਪੈਸੇ ਨਹੀਂ ਨਿਕਲਦੇ ਤਾਂ ਉਹ ਕਿਸੇ ਨਾ ਕਿਸੇ ਤੋਂ ਸਹਾਇਤਾ ਲੈਂਦੇ ਹਨ ਜੋ ਉਸ ਦਾ ਪਾਸਵਰਡ ਅਤੇ ਕਾਰਡ ਨੰਬਰ ਕਲੋਨ ਕਰ ਲੈਂਦੇ ਹਨ। ਇਸ ਤਰ੍ਹਾਂ ਕੋਰੋਨਾ ਕਾਲ ਵਿਚ ਤੇਲ ਪਵਾਉਣ ਵਾਲਿਆਂ ਨਾਲ ਠੱਗੀਆਂ ਵੱਜੀਆਂ ਸਨ। ਇਸ ਵੇਲੇ ਕਈ ਸੰਦੇਸ਼ ਆਉਂਦੇ ਹਨ ਜੋ ਲੱਗਦੇ ਹਨ ਕਿ ਬੈਂਕ ਵੱਲੋਂ ਆਏ ਹਨ। ਉਸ ਵਿਚ ਲਿੰਕ ਦਿੱਤਾ ਹੁੰਦਾ ਹੈ। ਜਦੋਂ ਵਿਅਕਤੀ ਉਸ ਲਿੰਕ ’ਤੇ ਕਲਿੱਕ ਕਰਦਾ ਹੈ ਉਸ ਦਾ ਸਾਰਾ ਫੋਨ ਕਲੋਨ ਹੋ ਜਾਂਦਾ ਹੈ ਯਾਨੀ ਸਾਰੇ ਮੈਸੇਜ ਜੋ ਕੋਈ ਫੋਨ ’ਤੇ ਚੁੱਕਦਾ ਹੈ, ਉਹ ਦੂਜੇ ਫੋਨ ’ਤੇ ਵੀ ਆਉਂਦਾ ਹੈ ਯਾਨੀ ਓਟੀਪੀ ਨੰਬਰ ਆਦਿ। ਇਸ ਨਾਲ ਉਸ ਦਾ ਸਾਰਾ ਖਾਤਾ ਖ਼ਾਲੀ ਕਰ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਕਦੇ ਕਾਲ ਆਉਂਦੀ ਕਿ ਤੁਹਾਡਾ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ ਜਾਂ ਫਿਰ ਬੈਂਕ ਖਾਤਾ ਫਰੀਜ਼ ਕਰ ਦਿੱਤਾ ਜਾਵੇਗਾ, ਆਪਣਾ ਕੇਵਾਈਸੀ ਕਰਵਾਓ। ਜਦੋਂ ਇਨਸਾਨ ਕਿਤੇ ਡਰ ਕੇ ਕੇਵਾਈਸੀ ਕਰਵਾਉਂਦਾ ਹੈ ਤਾਂ ਉਸ ਦੀ ਡਿਟੇਲ ਸਾਰੀ ਅਗਲੇ ਕੋਲ ਚਲੀ ਜਾਂਦੀ ਹੈ। ਫਿਰ ਉਸ ਨੂੰ ਓਟੀਪੀ ਭੇਜਿਆ ਜਾਂਦਾ ਹੈ। ਉਸ ਤੋਂ ਉਹ ਓਟੀਪੀ ਮੰਗਿਆ ਜਾਂਦਾ ਹੈ। ਜਦੋਂ ਉਹ ਓਟੀਪੀ ਦਿੰਦਾ ਹੈ ਤਾਂ ਬੈਂਕ ਖਾਤੇ ਖ਼ਾਲੀ ਹੋਣ ਲੱਗਦੇ ਹਨ। ਕੋਰੋਨਾ ਕਾਲ ਵਿਚ ਮਜਬੂਰਨ ਲੋਕਾਂ ਨੂੰ ਈ-ਕਾਮਰਸ ਸਾਈਟਾਂ ਜਿਵੇਂ ਐਮਾਜ਼ੋਨ, ਫਲਿਪਕਾਰਟ, ਬਿਗ ਬਾਸਕਟ ਆਦਿ ਤੋਂ ਸਾਮਾਨ ਖ਼ਰੀਦਣਾ ਪਿਆ। ਉਸ ਵੇਲੇ ਇਨ੍ਹਾਂ ਵੈੱਬ ਸਾਈਟਾਂ ਵਾਲਿਆਂ ਨੇ ਕੈਸ਼ ਆਨ ਡਲਿਵਰੀ ਬੰਦ ਕਰ ਦਿੱਤੀ ਸੀ, ਯਾਨੀ ਸਾਮਾਨ ਦੀ ਪੇਮੈਂਟ ਪਹਿਲਾਂ ਕਰੋ। ਉਸ ਵੇਲੇ ਨਵਾਂ ਢੰਗ ਚੱਲਿਆ ਸੀ ਕਿ ਸਾਮਾਨ ਪਹੁੰਚਾਏ ਬਿਨਾਂ ਹੀ ਸਾਮਾਨ ਦੀ ਡਲਿਵਰੀ ਪਾ ਦਿੱਤੀ ਜਾਂਦੀ ਸੀ। ਵੈੱਬਸਾਈਟ ਨੂੰ ਈ-ਮੇਲ ਭੇਜੋ ਤਾਂ ਉਸ ’ਤੇ ਕੋਈ ਸੁਣਵਾਈ ਨਹੀਂ ਸੀ ਹੁੰਦੀ। ਪੁਲਿਸ ਨਾਲ ਗੱਲ ਕਰੋ ਤਾਂ ਉਹ ਕਹਿੰਦੇ ਕਿ ਤੁਸੀਂ ਸਬੂਤ ਦਿਉ ਕਿ ਸਾਮਾਨ ਨਹੀਂ ਮਿਲਿਆ। ਅੱਜ-ਕੱਲ੍ਹ ਇਸ ਵਿਚ ਨਵਾਂ ਮੋੜ ਆਇਆ ਹੈ। ਜਿਸ ਵਿਚ ਵਿਅਕਤੀ ਨੂੰ ਮੈਸੇਜ ਆਉਂਦਾ ਹੈ ਕਿ ਤੁਹਾਡਾ ਆਹ ਸਾਮਾਨ ਐਨੇ ਰੁਪਏ ਦਾ ਅੱਜ

**(ਬਾਕੀ ਸਫਾ 15 ‘ਤੇ)**

# ਕਬੱਡੀ ਦੇ ਇਤਿਹਾਸ 'ਚ ਨਵਾਂ ਅਧਿਆਏ ਜੋੜ ਗਿਆ ਯੂਨੀਅਨ ਸਿਟੀ ਦਾ ਵਿਸ਼ਵ ਕਬੱਡੀ ਕੱਪ

## ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਨੇ ਕੀਤਾ ਵਿਸ਼ਵ ਕਬੱਡੀ ਕੱਪ 'ਤੇ ਕਬਜ਼ਾ। ਆਖਰੀ ਸਾਹ ਤੱਕ ਮਾਂ ਖੇਡ ਕਬੱਡੀ ਨੂੰ ਸਮਰਪਿਤ ਰਹਾਂਗਾ- ਅਮੋਲਕ ਸਿੰਘ ਗਾਖਲ


*ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ ਯੂਨੀਅਨ ਸਿਟੀ 'ਚ ਕਰਾਏ ਗਏ 16ਵੇਂ ਵਿਸ਼ਵ ਕਬੱਡੀ ਕੱਪ ਦੇ ਵੱਖ-ਵੱਖ ਰੰਗ।* ***ਤਸਵੀਰਾਂ: ਐੱਸ ਅਸ਼ੋਕ ਭੌਰਾ***


*ਕਬੱਡੀ ਖਿਡਾਰੀ ਨੰਗਲ ਅੰਬੀਆਂ ਦੀ ਪਤਨੀ ਦਾ ਸਨਮਾਨ ਕਰਦੇ ਹੋਏ।*


*ਯੂਨੀਅਨ ਸਿਟੀ ਦੀ ਮੇਅਰ ਦਾ ਸਨਮਾਨ ਕਰਦੇ ਹੋਏ*

*ਯੂਨੀਅਨ ਸਿਟੀ (ਐੱਸ.ਅਸ਼ੋਕ ਭੌਰਾ)*- ਸ੍ਰ. ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ ਕੈਲੀਫੋਰਨੀਆਂ ਕਬੱਡੀ ਫੈੱਡਰੇਸ਼ਨ ਦੇ ਸਹਿਯੋਗ ਨਾਲ ਇੱਥੇ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਗਏ 16ਵੇਂ ਕਬੱਡੀ ਵਿਸ਼ਵ ਕੱਪ ਨੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਇਤਿਹਾਸ ਵਿਚ ਸੱਚੀਂ ਹੀ ਇਕ ਨਵਾਂ ਅਧਿਆਏ ਜੋੜ ਦਿੱਤਾ ਹੈ। ਕਬੱਡੀ ਕੱਪ ਦੇ ਮੁਕਾਬਲੇ ਭਾਈ ਇੰਦਰਜੀਤ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਲੋਂ ਕੀਤੀ ਗਈ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸ਼ੁਰੂ ਹੋਏ। ਕਬੱਡੀ ਕੱਪ ਦਾ ਫਾਈਨਲ ਮੁਕਾਬਲਾ ਸੰਦੀਪ ਨੰਗਲ ਅੰਬੀਆਂ ਬੇ ਏਰੀਆ ਸਪੋਰਟਸ ਕਲੱਬ ਅਤੇ ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦਰਮਿਆਨ ਐਨਾ ਸਖਤ ਸੀ ਕਿ ਦਰਸ਼ਕ ਅਨੁਮਾਨ ਹੀ ਨਹੀਂ ਲਗਾ ਸਕਦੇ ਸਨ ਕਿ ਕੌਣ ਜਿੱਤੇਗਾ ਤੇ ਕੌਣ ਹਾਰੇਗਾ। ਹਰ ਦਰਸ਼ਕ ਦੇ ਦਿਲ ਦੀ ਧੜ੍ਹਕਣ ਖਿਡਾਰੀਆਂ ਦੀ ਇਕ ਇਕ ਰੇਡ ਨਾਲ ਬੱਝੀ ਹੋਈ ਸੀ। 46.5 ਅੰਕਾਂ ਦੇ ਮੁਕਾਬਲੇ ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦੀ ਟੀਮ ਨੇ 47 ਅੰਕਾਂ ਨਾਲ ਵਿਸ਼ਵ ਕਬੱਡੀ ਕੱਪ ਉੱਤੇ ਆਪਣਾ ਕਬਜ਼ਾ ਕਰ ਲਿਆ। ਕਿੰਗਸ ਸਪੋਰਟਸ ਕਲੱਬ ਅਤੇ ਬਾਬਾ ਸੰਗ ਜੀ ਕਬੱਡੀ ਕਲੱਬ ਦੀਆਂ ਟੀਮਾਂ ਕ੍ਰਮਵਾਰ ਤੀਜੇ ਅਤੇ ਚੌਥੇ ਨੰਬਰ 'ਤੇ ਰਹੀਆਂ ਜਦਕਿ ਅੰਡਰ-21 ਮੁਕਾਬਲਿਆਂ ਵਿਚ ਵੈੱਸਟ ਕੋਸਟ ਸਪੋਰਟਸ ਕਲੱਬ ਫਰਿਜ਼ਨੋਂ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋਂ ਦੀਆਂ ਟੀਮਾਂ ਨੂੰ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਮਿਲਿਆ। ਸੁਲਤਾਨ ਸੌਂਸਪੁਰ ਉੱਤਮ ਧਾਵੀ ਅਤੇ ਖੁਸ਼ੀ ਦੁੱਗਾਂ ਉੱਤਮ ਜਾਫ਼ੀ ਐਲਾਨੇ ਗਏ। ਗਾਖਲ ਭਰਾਵਾਂ ਸ੍ਰ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਦੀ ਖੇਡਾਂ ਦੇ ਖੇਤਰ ਦੇ ਨਾਲ ਨਾਲ ਸਮਾਜਿਕ ਤੇ ਧਾਰਮਿਕ ਸੇਵਾਵਾਂ ਦੀ ਸਮੁੱਚੇ ਅਮਰੀਕਾ 'ਚ ਹਮੇਸ਼ਾ ਵਡਿਆਈ ਕੀਤੀ ਜਾਂਦੀ ਰਹੀ ਹੈ। ਇਸ ਮੌਕੇ 'ਤੇ ਬੋਲਦਿਆਂ ਸ੍ਰ. ਅਮੋਲਕ ਸਿੰਘ ਗਾਖਲ ਨੇ ਅਗਲੇ ਸਾਲ ਦੇ ਕਬੱਡੀ ਕੱਪ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਸਾਰਾ ਖੇਡ ਮੇਲਾ ਸਪਾਂਸਰਾਂ ਅਤੇ ਸੰਗਤ ਦੇ ਸਹਿਯੋਗ ਨਾਲ ਸਫ਼ਲ ਹੋਇਆ ਹੈ, ਉਹ ਸਭ ਦੇ ਰਿਣੀ ਹਨ। ਉਹਨਾਂ ਸਹਿਯੋਗ ਲਈ ਕੈਲੀਫੋਰਨੀਆਂ ਕਬੱਡੀ ਫੈੱਡਰੇਸ਼ਨ ਅਤੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਸਾਰੀਆਂ ਖੇਡ ਕਲੱਬਾਂ ਅਤੇ ਖੇਡ ਪ੍ਰੇਮੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਉਹ ਆਖਰੀ ਸਾਹ ਤੱਕ ਮਾਂ ਖੇਡ ਕਬੱਡੀ ਨੂੰ ਸਮਰਪਿਤ ਰਹਿਣਗੇ। ਇਸ ਕਬੱਡੀ ਕੱਪ ਵਿਚ ਤਕਨੀਕੀ ਸੇਵਾਵਾਂ ਨਿਭਾਉਣ 'ਚ ਤੀਰਥ ਸਿੰਘ ਗਾਖਲ ਤੇ ਮੱਖਣ ਸਿੰਘ ਧਾਲੀਵਾਲ ਦਾ ਅਹਿਮ ਯੋਗਦਾਨ ਰਿਹਾ। ਸਿੱਖ ਭਾਈਚਾਰੇ ਦਾ ਮਾਣ ਅਤੇ ਅਮਰੀਕੀ ਰਾਜਨੀਤੀ 'ਚ ਸਰਗਰਮ ਮੈਨੀ ਗਰੇਵਾਲ ਇਸ ਖੇਡ ਮੇਲੇ 'ਚ ਆਪਣੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਉਚੇਚੇ ਤੌਰ 'ਤੇ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ। ਇਹ 16ਵਾਂ ਵਿਸ਼ਵ ਕਬੱਡੀ ਕੱਪ ਜਿੱਥੇ ਸਵ. ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਸਮਰਪਿਤ ਸੀ ਉੱਥੇ ਗਾਖਲ ਭਰਾਵਾਂ ਨੇ ਆਪਣੇ ਪਿਤਾ ਨਸੀਬ ਸਿੰਘ ਗਾਖਲ ਜੋ ਆਪਣੇ ਵੇਲੇ ਦੇ ਨਾਮੀ ਭਲਵਾਨ ਰਹੇ ਹਨ ਤੇ ਕਬੱਡੀ ਦੇ ਨਾਮੀ ਖਿਡਾਰੀ ਰਹੇ ਮੱਖਣ ਸਿੰਘ ਬੈਂਸ ਦੇ ਮਰਹੂਮ ਪਿਤਾ ਸ੍ਰ. ਮੇਜਰ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਦੇ ਸਮਾਜ ਸੇਵੀ ਪਿਤਾ ਮਰਹੂਮ ਪੂਰਨ ਸਿੰਘ ਗਹੂੰਣੀਆਂ ਨੂੰ ਵੀ ਯਾਦ ਕੀਤਾ ਗਿਆ। ਇਸ ਕੱਪ ਦਾ ਪਹਿਲਾ ਇਨਾਮ ਡਾਇਮੰਡ ਟਰੱਕਿੰਗ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਦਿੱਤਾ ਗਿਆ ਜਦੋਂ ਕਿ ਦੂਜਾ ਇਨਾਮ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵ. ਕਸ਼ਮੀਰ ਸਿੰਘ ਦੀ ਯਾਦ 'ਚ ਦਿੱਤਾ ਗਿਆ। ਤੀਜਾ ਇਨਾਮ ਬੋਪਾਰਾਏ ਭਰਾਵਾਂ ਜਸਵਿੰਦਰ ਸਿੰਘ ਬੋਪਾਰਾਏ, ਦਲਵੀਰ ਸਿੰਘ ਬੋਪਾਰਾਏ, ਮਾਈਕ ਬੋਪਾਰਾਏ, ਗੁਰਦੇਵ ਬੋਪਾਰਾਏ ਅਤੇ ਬਲਜੀਤ ਬਾਸੀ ਵਲੋਂ ਸੀ। ਚੌਥਾ ਇਨਾਮ ਮਰਹੂਮ ਮਹਿੰਗਾ ਸਿੰਘ ਸਰਾਏ ਦੇ ਪਰਿਵਾਰ ਵਲੋਂ ਦਿੱਤਾ ਗਿਆ। ਇਸ ਖੇਡ ਮੇਲੇ 'ਚ ਪੰਜਾਬ ਟਾਈਮਜ਼ ਯੂ.ਐੱਸ.ਏ ਦੇ ਮਰਹੂਮ ਸੰਪਾਦਕ ਅਮੋਲਕ ਸਿੰਘ ਜੰਮੂ ਅਤੇ ਕਬੱਡੀ ਖਿਡਾਰੀ ਸਵ. ਹਾਸੂਸ ਚਾਵੇਜ਼ ਦੇ ਪਰਿਵਾਰਾਂ ਨੂੰ ਉਚੇਚੇ ਤੌਰ 'ਤੇ ਸਨਮਾਨ ਦਿੱਤਾ ਗਿਆ। ਕੈਲੀਫੋਰਨੀਆਂ ਕਬੱਡੀ ਫੈ-ੱਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਸਰਵਣ ਸਿੰਘ ਬੱਲ ਅਤੇ ਦੁੱਲਾ ਸੁਰਖਪੁਰ ਨੂੰ ਗੋਲਡ ਮੈਡਲ ਜਦਕਿ ਜੌਹਨ ਗਿੱਲ, ਬਲਜੀਤ ਸੰਧੂ, ਤੀਰਥ ਗਾਖਲ, ਵਿੱਕੀ ਸੰ-ਮੀਪੁਰ, ਤਾਰੀ ਡੱਬ ਅਤੇ ਮੇਜਰ ਗਾਖਲ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਮੁੱਖ ਅਹੁਦੇਦਾਰਾਂ ਤੋਂ ਸਿਵਾ ਦੇਬੀ ਸੋਹਲ, ਇੰਦਰਜੀਤ ਥਿੰਦ, ਗੁਰਪ੍ਰੀਤ ਸਿੰਘ ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਜਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਲਿੱਧੜ, ਅਮ-ਰਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ ਸਿੰਘ ਤੇ ਧੰਨਾ ਸਿੰਘ ਕੋਚ ਨੇ ਆਪੋ ਜ਼ਿੰਮੇਵਾਰੀਆਂ ਬਾਖੂਬੀ ਨਿਭਾਈਆਂ।

'ਫੈਸਲਾ' ਫੇਮ ਫੋਕ ਗਾਇਕ ਬੁੱਕਣ ਜੱਟ ਨੇ ਆਪਣੇ ਗੀਤਾਂ ਨਾਲ ਖੇਡ ਮੈਦਾਨ 'ਚ ਪ੍ਰਬੰਧਕਾਂ ਨੂੰ ਵੀ ਨੱਚਣ ਲਾ ਦਿੱਤਾ। ਰਾਜਾ ਸਵੀਟਸ, ਗੁਰਦੁਆਰਾ ਸਾਹਿਬ ਸਟਾਕਟਨ, ਸੈਨਹੋਜ਼ੇ ਅਤੇ ਫਰੀਮਾਂਟ ਵਲੋਂ ਹਜ਼ਾਰਾਂ ਦਰਸ਼ਕਾਂ ਲਈ ਲੰਗਰ ਦੀ ਸੇਵਾ ਕੀਤੀ ਗਈ। ਇਸ ਕਬੱਡੀ ਕੱਪ 'ਚ ਉੱਤਰੀ ਅਮਰੀਕਾ ਤੋਂ ਹੀ ਨਹੀਂ ਸਗੋਂ ਭਾਰਤ ਸਮੇਤ ਯੂਰੋਪ ਤੋਂ ਵੀ ਕਬੱਡੀ ਪ੍ਰੇਮੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਜਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਸਾਧੂ ਸਿੰਘ ਖਲੌਰ, ਨੱਥਾ ਸਿੰਘ ਗਾਖਲ ਦੀਆਂ ਇਸ ਕਬੱਡੀ ਕੱਪ ਲਈ ਸੇਵਾਵਾਂ ਸਲਾਹੁਣਯੋਗ ਸਨ। ਮੰਚ ਸੰਚਾਲਨ ਐੱਸ.ਅਸ਼ੋਕ ਭੌਰਾ ਤੇ ਆਸ਼ਾ ਸ਼ਰਮਾ ਨੇ ਕੀਤਾ। ਦਰਸ਼ਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਿਤ ਹੁੰਦਿਆਂ ਸ੍ਰ. ਅਮੋਲਕ ਸਿੰਘ ਗਾਖਲ ਨੇ ਵਾਅਦਾ ਕੀਤਾ ਕਿ ਉਹ ਮਾਂ ਖੇਡ ਕਬੱਡੀ ਲਈ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀਆਂ ਪਾਈਆਂ ਪੈੜਾਂ 'ਤੇ ਇਉਂ ਹੀ ਸਾਰੀ ਉਮਰ ਚੱਲਦੇ ਨਵਾਂ ਇਤਿਹਾਸ ਸਿਰਜਣ ਦਾ ਯਤਨ ਕਰਦੇ ਰਹਿਣਗੇ। ਇਹ ਖੇਡ ਮੇਲਾ ਮਰਹੂਮ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਨੂੰ ਸਮਰਪਿਤ ਸੀ ਅਤੇ ਇਸ ਮੇਲੇ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਉਸਦੀ ਧਰਮ ਪਤਨੀ ਰੁਪਿੰਦਰ ਕੌਰ ਸੰਧੂ ਤੇ ਦੋਵੇਂ ਛੋਟੇ ਛੋਟੇ ਸਪੁੱਤਰਾਂ ਦਾ ਕਲੱਬ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਭਾਰਤ ਦੀ ਲੋਕ ਸਭਾ 'ਚ 181 ਹੋ ਜਾਵੇਗੀ ਔਰਤ ਸਾਂਸਦਾਂ ਦੀ ਗਿਣਤੀ

ਨਵੀਂ ਦਿੱਲੀ- ਨਵੇਂ ਸੰਸਦ ਭਵਨ 'ਚ ਪਹਿਲੇ ਦਿਨ ਦੀ ਕਾਰਵਾਈ 'ਚ ਮਹਿਲਾ ਰਾਖਵਾਂਕਰਨ ਬਿੱਲ ਸਬੰਧੀ ਚਰਚਾ ਹੋਈ। ਪੀਐੱਮ ਮੋਦੀ ਨੇ ਆਪਣੇ ਸੰਬੋਧਨ 'ਚ ਮਹਿਲਾ ਰਾਖਵਾਂਕਰਨ ਬਿੱਲ ਦੀ ਪੁਰਜ਼ੋਰ ਵਕਾਲਤ ਕੀਤੀ। ਪੀਐੱਮ ਮੋਦੀ ਦੇ ਭਾਸ਼ਣ ਤੋਂ ਬਾਅਦ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਬਿੱਲ (ਨਾਰੀ ਸ਼ਕਤੀ ਵੰਦਨ ਐਕਟ) ਨੂੰ ਲੋਕ ਸਭਾ 'ਚ ਪੇਸ਼ ਕੀਤਾ।

ਬਿੱਲ ਪੇਸ਼ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਬਿੱਲ ਨੂੰ ਦੋਵਾਂ ਸਦਨਾਂ ਤੋਂ ਪਾਸ ਕਰਨ ਤੇ ਕਾਨੂੰਨ ਬਣਨ ਤੋਂ ਬਾਅਦ ਲੋਕ ਸਭਾ 'ਚ ਮਹਿਲਾ ਸੰਸਦ ਮੈਂਬਰਾਂ ਦੀ ਗਿਣਤੀ 181 ਹੋ ਜਾਵੇਗੀ। ਲੋਕ ਸਭਾ 'ਚ ਫਿਲਹਾਲ 82 ਮਹਿਲਾ ਸੰਸਦ ਮੈਂਬਰ ਹਨ। ਕਾਨੂੰਨ ਬਣਨ ਤੋਂ ਬਾਅਦ ਹੇਠਲ ਸਦਨ ਤੇ ਸੂਬੇ ਦੀਆਂ ਵਿਧਾਨ ਸਭਾਵਾਂ 'ਚ ਔਰਤਾਂ ਲਈ 33 ਫ਼ੀਸਦ ਸੀਟਾਂ ਰਾਖਵੀਆਂ ਹੋ ਜਾਣਗੀਆਂ। ਅਰਜੁਨ ਰਾਮ ਮੇਘਵਾਲ ਨੇ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਬਿੱਲ ਪਹਿਲਾਂ ਜਾਣਬੁੱਝ ਕੇ ਪਾਸ ਨਹੀਂ ਕੀਤਾ ਗਿਆ। ਮਹਿਲਾ



ਰਾਖਵੇਂਕਰਨ ਦੀ ਮਿਆਦ 15 ਸਾਲ ਹੋਵੇਗੀ। ਇਸ ਬਿੱਲ ਅਨੁਸਾਰ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ ਨਿਰਧਾਰਤ ਸੀਟਾਂ ਵਿੱਚੋਂ ਸਿਰਫ਼ 33 ਫ਼ੀਸਦੀ ਰਾਖਵਾਂਕਰਨ ਹੀ ਮਿਲੇਗਾ। ਇਸ ਦੇ ਨਾਲ ਹੀ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ 33 ਫੀਸਦੀ ਸੀਟਾਂ ਉਨ੍ਹਾਂ ਦੇ ਭਾਈਚਾਰੇ ਦੀਆਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਵਰਣਨਯੋਗ ਹੈ ਕਿ ਇਸ ਬਿੱਲ 'ਚ ਓਬੀਸੀ ਵਰਗ ਲਈ ਰਾਖਵੇਂਕਰਨ ਦੀ ਕੋਈ ਵਿਵਸਥਾ ਨਹੀਂ ਹੈ। ਲੋਕ ਸਭਾ ਵਿੱਚ ਰਾਖਵਾਂਕਰਨ ਸੀਟਾਂ ਦਾ ਫੈਸਲਾ ਹੱਦਬੰਦੀ ਤੋਂ ਬਾਅਦ ਕੀਤਾ ਜਾਵੇਗਾ। ਇਸ ਬਿੱਲ ਨੂੰ ਲੈ ਕੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਦੇ ਸੰਸਦ ਮੈਂਬਰ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਮਹਿਲਾ ਰਾਖਵਾਂਕਰਨ ਬਿੱਲ ਅਜੇ ਵੀ ਹੋਂਦ ਵਿਚ ਹੈ। ਇਹ ਰਾਜੀਵ ਗਾਂਧੀ, ਨਰਸਿਮਹਾ ਰਾਓ ਤੇ ਮਨਮੋਹਨ ਸਿੰਘ ਦੀਆਂ ਸਰਕਾਰਾਂ 'ਚ ਵੀ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਹ ਬਿੱਲ ਹੁਣ ਹੋਂਦ ਵਿਚ ਨਹੀਂ ਹੈ। ਵਿਰੋਧੀ ਧਿਰ ਦੇ ਨੇਤਾ ਦਾ ਬਿਆਨ ਰਿਕਾਰਡ ਤੋਂ ਹਟਾਇਆ ਜਾਵੇ। ਵਿਰੋਧੀ ਧਿਰ ਦੇ ਨੇਤਾ ਦੇ ਇਸ ਬਿਆਨ 'ਤੇ ਲੋਕ ਸਭਾ 'ਚ ਭਾਰੀ ਹੰਗਾਮਾ ਹੋਇਆ। ਬਿਆਨ ਨੂੰ ਲੈ ਕੇ ਹੰਗਾਮਾ ਹੋ ਗਿਆ ਹੈ। ਬਿਆਨ ਨੂੰ ਲੈ ਕੇ ਹੰਗਾਮਾ ਹੋ ਗਿਆ ਹੈ। ਉਨ੍ਹਾਂ ਦੇ ਭਾਸ਼ਣ 'ਤੇ ਐਨਡੀਏ ਦੇ ਸੰਸਦ ਮੈਂਬਰਾਂ ਨੇ ਇਤਰਾਜ਼ ਜਤਾਇਆ ਹੈ।

# ਸੰਪਾਦਕੀ

## ਨਸ਼ਿਆਂ ਦੀ ਦਲਦਲ 'ਚੋਂ ਨਿਕਲਣਾ ਜ਼ਰੂਰੀ

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਵਕਤ ਪੰਜਾਬ ਨਸ਼ਿਆਂ ਦੀ ਦਲਦਲ ਵਿਚ ਫਸਿਆ ਹੋਇਆ ਹੈ। ਪਾਕਿਸਤਾਨ ਵਾਲੇ ਪਾਸਿਓਂ ਅਤੇ ਭਾਰਤ ਦੇ ਦੂਰ-ਦਰਾਜ ਦੇ ਪੂਰਬੀ ਰਾਜਾਂ ਤੱਕ ਤੋਂ ਪੰਜਾਬ ਵਿਚ ਨਸ਼ਾ ਸਪਲਾਈ ਹੋ ਰਿਹਾ ਹੈ। ਪਿਛਲੇ ਇਕ ਦਹਾਕੇ ਤੋਂ ਪੰਜਾਬੀ ਨਸ਼ਿਆਂ ਤੇ ਕਾਬੂ ਪਾਉਣ ਦੀ ਜ਼ੋਰਦਾਰ ਮੰਗ ਕਰਦੇ ਆ ਰਹੇ ਹਨ ਅਤੇ ਚੋਣਾਂ ਵਿਚ ਇਹ ਮੁੱਦਾ ਵੀ ਬਣਦਾ ਹੈ। ਪਰ ਪੂਰਾ ਵਾਹ ਲਗਾਉਣ ਦੇ ਬਾਵਜੂਦ ਨਸ਼ਿਆਂ ਦਾ ਵਪਾਰ ਪੰਜਾਬ ਵਿਚ ਨਹੀਂ ਰੁਕ ਰਿਹਾ। ਹੁਣ ਤਾਂ ਹਾਲਾਤ ਇਹ ਬਣ ਗਏ ਹਨ ਕਿ ਦਿਹਾਤ ਅਤੇ ਸ਼ਹਿਰਾਂ ਦੇ ਲੋਕ ਨਸ਼ਿਆਂ ਦੀ ਸਪਲਾਈ ਕਰਨ ਵਾਲਿਆਂ ਦਾ ਨਾਂ ਲੈ-ਲੈ ਕੇ ਧਰਨੇ-ਪ੍ਰਦਰਸ਼ਨ ਕਰ ਰਹੇ ਹਨ ਅਤੇ ਸੜਕਾਂ 'ਤੇ ਜਾਮ ਲਗਾ ਰਹੇ ਹਨ। ਅਜਿਹੇ ਵਿਚ ਪੰਜਾਬ ਸਰਕਾਰ ਤੇ ਦਬਾਅ ਬਹੁਤ ਜ਼ਿਆਦਾ ਵੱਧ ਜਾਂਦਾ ਹੈ ਪਰ ਪੰਜਾਬ ਸਰਕਾਰ ਨੂੰ ਇਸ ਮਾਮਲੇ 'ਤੇ ਕੇਂਦਰ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਪੰਜਾਬ ਦੇ ਨੌਜਵਾਨਾਂ ਨੂੰ ਫਸਾਉਣ ਲਈ ਨਸ਼ਿਆਂ ਦੇ ਵਪਾਰੀਆਂ, ਦਲਾਲਾਂ ਤੇ ਸਮਗਲਰਾਂ ਨੇ ਬੜਾ ਮਜ਼ਬੂਤ ਜਾਲ਼ ਵਿਛਾਇਆ ਹੋਇਆ ਹੈ। ਇਹ ਮੱਕੜਜਾਲ਼ ਇੰਨਾ ਮਜ਼ਬੂਤੀ ਨਾਲ ਬਣਿਆ ਹੁੰਦਾ ਹੈ ਕਿ ਇਸ 'ਚੋਂ ਨਿਕਲਣਾ ਬਹੁਤ ਔਖਾ ਹੁੰਦਾ ਹੈ। ਛੇਤੀ ਅਮੀਰ ਬਣਨ ਦੇ ਚੱਕਰ 'ਚ ਆਮ ਲੋਕ ਸਮਾਜ-ਵਿਰੋਧੀ ਅਨਸਰਾਂ ਦੇ ਚੱਕਰ 'ਚ ਆਪੇ ਫਸਦੇ ਚਲੇ ਜਾਂਦੇ ਹਨ। ਕੇਂਦਰ ਤੇ ਪੰਜਾਬ ਸਰਕਾਰਾਂ ਨੇ ਹੁਣ ਭਾਵੇਂ ਨਸ਼ਿਆਂ ਦੇ ਸਮੱਗਲਰਾਂ ਦੀਆਂ ਜਾਇਦਾਦਾਂ ਕੁਰਕ ਕਰਨੀਆਂ ਆਰੰਭ ਕਰ ਦਿੱਤੀਆਂ ਹਨ ਪਰ ਹਾਲੇ ਇਹ ਸਖ਼ਤ ਕਾਨੂੰਨੀ ਕਾਰਵਾਈ ਉਸ ਪੱਧਰ ਤੱਕ ਨਹੀਂ ਹੋ ਰਹੀ ਜਿੰਨੇ ਵੱਡੇ ਪੱਧਰ 'ਤੇ ਹੋਣੀ ਚਾਹੀਦੀ ਹੈ। ਸਮੱਗਲਰ ਆਪਣੇ ਆਲੇ-ਦੁਆਲੇ ਦੇ ਇਲਾਕਿਆਂ 'ਚ ਦਹਿਸ਼ਤ ਫੈਲਾ ਕੇ ਰੱਖਦੇ ਹਨ ਤਾਂ ਕਿ ਆਮ ਲੋਕ ਉਨ੍ਹਾਂ ਦੀ ਸ਼ਿਕਾਇਤ ਪੁਲਿਸ ਜਾਂ ਪ੍ਰਸ਼ਾਸਨ ਕੋਲ ਨਾ ਕਰ ਸਕਣ। ਹੁਣ ਸਿਰਫ਼ ਜ਼ਰੂਰਤ ਹੈ ਸਿਵਲ ਤੇ ਪੁਲਿਸ ਪ੍ਰਸ਼ਾਸਨਾਂ ਨੂੰ ਇਮਾਨਦਾਰੀ ਨਾਲ ਵਿਚਰਨ ਦੀ। ਪਿਛਲੇ ਕੁਝ ਸਮੇਂ ਦੌਰਾਨ ਬਹੁਤ ਸਾਰੇ ਛੋਟੇ ਤੇ ਵੱਡੇ ਪੁਲਿਸ ਅਧਿਕਾਰੀ ਸਿਰਫ਼ ਕੁਝ ਪੈਸੇ ਖ਼ਾਤਰ ਨਸ਼ਿਆਂ ਦੇ ਕਾਰੋਬਾਰ ਕਰਦੇ ਵੀ ਫੜੇ ਗਏ ਹਨ। ਪਤਾ ਲੱਗਣ 'ਤੇ ਉਨ੍ਹਾਂ ਨੂੰ ਸਰਕਾਰੀ ਨੌਕਰੀ ਤੋਂ ਬਰਖਾਸਤ ਵੀ ਕਰ ਦਿੱਤਾ ਗਿਆ ਹੈ।

ਸਭ ਤੋਂ ਵੱਡੀ ਚੁਣੌਤੀ ਤਾਂ ਨਸ਼ਿਆਂ ਦੀ ਸਮਗਲਿੰਗ ਰੋਕਣ ਦੀ ਹੈ। ਇਸ ਧੰਦੇ ਵਿਚ ਲੱਗੇ ਵੱਡੇ ਮਗਰਮੱਛ ਕਰੋੜਾਂ ਰੁਪਏ ਕਮਾ ਰਹੇ ਹਨ, ਜਿਹੜੇ ਸਿਸਟਮ ਤੋਂ ਬਚ ਕੇ ਆਸਾਨੀ ਨਾਲ ਆਪਣਾ ਕੰਮ ਕਰ ਜਾਂਦੇ ਹਨ। ਜਦੋਂ ਤੱਕ ਸਮਗਲਿੰਗ ਦਾ ਨੈਟਵਰਕ ਖਤਮ ਨਹੀਂ ਹੁੰਦਾ, ਪੰਜਾਬ ਵਿਚ ਨਸ਼ਾ ਸ਼ਾਇਦ ਹੀ ਰੁਕ ਪਾਵੇ। ਅਜਿਹੀ ਗੱਲ ਨਹੀਂ ਕਿ ਨਸ਼ਿਆਂ ਵਿਰੁੱਧ ਜਾਗਰੂਕਤਾ ਦੀ ਕਮੀ ਹੈ। ਪੰਜਾਬ ਵਿਚ ਨਸ਼ਿਆਂ ਦੇ ਖਿਲਾਫ ਮਾਪਿਆਂ ਸਮੇਤ ਕਈ ਸੰਸਥਾਵਾਂ ਬਹੁਤ ਗਤੀਸ਼ੀਲਤਾ ਨਾਲ ਜਾਗਰੂਕਤਾ ਫੈਲਾ ਰਹੇ ਹਨ ਪਰ ਫਿਰ ਵੀ ਠੱਲ੍ਹ ਪੈਂਦੀ ਨਜ਼ਰ ਨਹੀਂ ਆ ਰਹੀ ਤਾਂ ਇਸ ਦੇ ਹੋਰ ਕਾਰਨਾਂ ਤੇ ਗੌਰ ਕਰਨਾ ਜ਼ਰੂਰੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਜੀ-20, ਭਾਰਤ ਦੀ ਵੱਡੀ ਕਾਮਯਾਬੀ ਰਹੀ

ਭਾਰਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਉਹ ਹਾਸਲ ਕਰ ਦਿਖਾਇਆ ਜਿਸ ਨੂੰ ਭੂ-ਰਾਜਨੀਤਕ ਸੰਕਟਾਂ ਦੇ ਹੱਲ ਲਈ ਬਣੇ ਆਲਮੀ ਮੰਚ ਹੁਣ ਤੱਕ ਹਾਸਲ ਨਹੀਂ ਕਰ ਸਕੇ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਯੂਕਰੇਨ ਯੁੱਧ ਨੂੰ ਰੁਕਵਾਉਣ ਲਈ ਕੁਝ ਨਹੀਂ ਕਰ ਰਹੀ ਤੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਜਿਹੇ ਮੰਚਾਂ ਦੇ ਮਤੇ ਵੀ ਸਰਬਸੰਮਤੀ ਨਾਲ ਪਾਸ ਨਾ ਹੋਣ ਕਾਰਨ ਅਸਰਹੀਣ ਰਹੇ। ਇਸੇ ਲਈ ਭਾਰਤ ਦੀ ਅਗਵਾਈ 'ਚ ਨਵੀਂ ਦਿੱਲੀ 'ਚ ਸੰਪੰਨ ਜੀ-20 ਸਿਖਰ ਸੰਮੇਲਨ ਤੋਂ ਕੁਝ ਦਿਨ ਪਹਿਲਾਂ ਤੱਕ ਕਿਸੇ ਨੂੰ ਉਮੀਦ ਨਹੀਂ ਸੀ ਕਿ ਐਲਾਨਨਾਮੇ 'ਤੇ ਸਹਿਮਤੀ ਬਣ ਸਕੇਗੀ।

ਚੀਨੀ ਰਾਸ਼ਟਰਪਤੀ ਦੇ ਇਸ ਸੰਮੇਲਨ 'ਚ ਨਾ ਆਉਣ ਦਾ ਮਤਲਬ ਇਹੋ ਸਮਝਿਆ ਗਿਆ ਕਿ ਚੀਨ ਦੀ ਮਨਸ਼ਾ ਭਾਰਤ ਦੀ ਖੇਡ ਵਿਗਾੜਨ ਦੀ ਹੈ ਪਰ ਭਾਰਤੀ ਡਿਪਲੋਮੈਟਾਂ ਦੇ ਕੌਸ਼ਲ ਤੇ ਆਲਮੀ ਭਾਈਚਾਰੇ 'ਚ ਭਾਰਤ ਦੇ ਵਧਦੇ ਕੱਦ ਨੇ ਅਸੰਭਵ ਨੂੰ ਸੰਭਵ ਕਰ ਕੇ ਦਿਖਾਇਆ। ਸਿਖਰ ਸੰਮੇਲਨ ਦੇ ਪਹਿਲੇ ਦਿਨ ਹੀ ਐਲਾਨਨਾਮੇ 'ਤੇ ਆਮ ਸਹਿਮਤੀ ਜੁਟਾ ਕੇ ਭਾਰਤ ਨੇ ਸੁਰੱਖਿਆ ਪ੍ਰੀਸ਼ਦ ਦੀ ਸਥਾਈ ਮੈਂਬਰੀ ਦੀ ਆਪਣੀ ਦਾਅਵੇਦਾਰੀ ਨੂੰ ਵੀ ਮਜ਼ਬੂਤ ਕੀਤਾ। ਇਸੇ ਲਈ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਦੁਵੱਲੀ ਸਿਖਰ ਗੱਲਬਾਤ 'ਚ ਭਾਰਤ ਦੀ ਇਸ ਦਾਅਵੇਦਾਰੀ ਦੀ ਹਮਾਇਤ ਨੂੰ ਦੁਹਰਾਇਆ।

**ਭਾਰਤ ਨੇ ਨਵੀਂ ਦਿੱਲੀ ਦੇ ਜੀ-20 ਸਿਖਰ ਸੰਮੇਲਨ 'ਚ ਧੜਿਆਂ 'ਚ ਵੰਡੀ ਦੁਨੀਆ ਨੂੰ ਇਕ ਸਾਂਝੇ ਐਲਾਨਨਾਮੇ ਲਈ ਰਾਜ਼ੀ ਕਰਦਿਆਂ ਉੱਤਰ ਅਤੇ ਦੱਖਣ ਦਰਮਿਆਨ ਬਣੇ ਅਸੰਤੁਲਨ ਨੂੰ ਦੂਰ ਕਰਨ, ਨਵੇਂ ਗਲਿਆਰੇ ਬਣਾ ਕੇ ਸਪਲਾਈ ਲੜੀ ਨੂੰ ਮਜ਼ਬੂਤ ਬਣਾਉਣ, ਕਰਜ਼ਾ ਸੰਕਟ ਦੇ ਹੱਲ ਲਈ ਵਿਸ਼ਵ ਬੈਂਕ ਜਿਹੀਆਂ ਵਿੱਤੀ ਸੰਸਥਾਵਾਂ ਨੂੰ ਫੰਡ ਦੇਣ ਅਤੇ ਜਲਵਾਯੂ ਸੰਕਟ ਨਾਲ ਨਜਿੱਠਣ ਲਈ ਗਲੋਬਲ ਬਾਇਓ ਫਿਊਲਜ਼ ਅਲਾਇੰਸ ਬਣਾਉਣ ਜਿਹੀਆਂ ਦਰਜਨਾਂ ਪਹਿਲ ਕੀਤੀਆਂ, ਜੋ ਦੋ ਹਫ਼ਤੇ ਬਾਅਦ ਹੋਣ ਵਾਲੇ ਲਗਾਤਾਰ ਵਿਕਾਸ ਟੀਚਾ ਸਿਖਰ ਸੰਮੇਲਨ ਤੇ ਅਗਲੇ ਸਾਲ ਹੋਣ ਵਾਲੇ ਵਿਕਾਸ-ਵਿੱਤ ਸੰਮੇਲਨ ਨੂੰ ਦਿਸ਼ਾ ਤੇ ਰਫ਼ਤਾਰ ਦੇਣ 'ਚ ਸਹਾਇਕ ਸਿੱਧ ਹੋਣਗੀਆਂ।**



**ਸ਼ਿਵਕਾਂਤ ਸ਼ਰਮਾ**

ਐਲਾਨਨਾਮੇ 'ਚ ਰੂਸ ਦਾ ਨਾਂ ਨਾ ਲੈਂਦਿਆਂ ਯੂਕਰੇਨ 'ਚ ਜਾਰੀ ਯੁੱਧ ਨਾਲ ਹੋ ਰਹੇ ਮਨੁੱਖਤਾ 'ਤੇ ਹਮਲੇ ਅਤੇ ਆਲਮੀ ਖ਼ੁਰਾਕੀ ਤੇ ਊਰਜਾ ਸੰਕਟ 'ਤੇ ਚਿੰਤਾ ਪ੍ਰਗਟ ਕੀਤੀ ਗਈ। ਇਸ 'ਤੇ ਜ਼ੋਰ ਦਿੱਤਾ ਗਿਆ ਕਿ ਸੰਯੁਕਤ ਰਾਸ਼ਟਰ ਚਾਰਟਰ ਮੁਤਾਬਕ ਸਾਰੇ ਦੇਸ਼ਾਂ ਨੂੰ ਕਿਸੇ ਹੋਰ ਦੇਸ਼ ਦੀ ਖੇਤਰੀ ਅਖੰਡਤਾ, ਪ੍ਰਭੁਸੱਤਾ ਜਾਂ ਸਿਆਸੀ ਆਜ਼ਾਦੀ ਖ਼ਿਲਾਫ਼ ਧਮਕੀ ਜਾਂ ਬਲ ਪ੍ਰਯੋਗ ਤੋਂ ਬਚਣਾ ਚਾਹੀਦਾ ਹੈ। ਨਾਲ ਹੀ ਪਰਮਾਣੂ ਹਥਿਆਰਾਂ ਦੀ ਵਰਤੋਂ ਜਾਂ ਵਰਤਣ ਦੀ ਧਮਕੀ ਨੂੰ ਵੀ ਅਸਵੀਕਾਰ ਕੀਤਾ ਗਿਆ। ਯੂਕਰੇਨ ਅਤੇ ਯੂਰਪ ਦੇ ਦੇਸ਼ 'ਯੂਕਰੇਨ 'ਚ ਯੁੱਧ ਹੋ ਰਿਹਾ' ਕਹਿਣ ਅਤੇ ਹਮਲਾਵਰ ਦਾ ਨਾਂ ਨਾ ਲੈਣ ਨਾਲ ਨਾਖ਼ੁਸ਼ ਹਨ ਪਰ ਯੂਕਰੇਨ ਯੁੱਧ ਤੋਂ ਬਾਅਦ ਅਮਰੀਕਾ ਅਤੇ ਨਾਟੋ, ਰੂਸ ਅਤੇ ਚੀਨ ਦਰਮਿਆਨ ਵਧਦੇ ਤਣਾਅ ਦੇ ਮਾਹੌਲ 'ਚ ਨਾਂ ਲਏ ਬਗ਼ੈਰ ਵੀ ਅਜਿਹੇ ਐਲਾਨਨਾਮੇ 'ਤੇ ਰੂਸ ਅਤੇ ਚੀਨ ਦੀ ਸਹਿਮਤੀ ਜੁਟਾਉਣਾ ਕਿਸੇ ਇਤਿਹਾਸਕ ਪ੍ਰਾਪਤੀ ਤੋਂ ਘੱਟ ਨਹੀਂ। ਇਸ ਐਲਾਨਨਾਮੇ ਨਾਲ ਯੂਕਰੇਨ ਯੁੱਧ 'ਚ ਤਾਂ ਕਿਸੇ ਤਬਦੀਲੀ ਦੇ ਆਸਾਰ ਨਹੀਂ ਪਰ ਇਸ ਨਾਲ ਆਲਮੀ ਭਾਈਚਾਰੇ 'ਚ ਇਹ ਸੰਦੇਸ਼ ਜ਼ਰੂਰ ਗਿਆ ਕਿ ਜੇ ਕੋਈ ਦੇਸ਼ ਰੂਸ ਨੂੰ ਹੱਲ ਲਈ ਤਿਆਰ ਕਰ ਸਕਦਾ ਹੈ ਤਾਂ ਇਹ ਸ਼ਾਇਦ ਭਾਰਤ ਹੀ ਹੋਵੇਗਾ।

55 ਦੇਸ਼ਾਂ ਦੀ ਜਥੇਬੰਦੀ ਅਫਰੀਕਨ ਯੂਨੀਅਨ ਨੂੰ ਜੀ-20 ਦੀ ਮੈਂਬਰੀ ਦਿਵਾ ਕੇ ਇਸ ਨੂੰ ਜੀ-21 'ਚ ਬਦਲ ਦੇਣਾ ਵੀ ਭਵਿੱਖੀ ਵਿਕਾਸ ਅਤੇ ਆਲਮੀ ਕੂਟਨੀਤੀ ਦੇ ਨਜ਼ਰੀਏ ਤੋਂ ਭਾਰਤ ਦੀ ਵੱਡੀ ਪ੍ਰਾਪਤੀ ਹੈ। ਅਫਰੀਕਨ ਯੂਨੀਅਨ ਦੇ ਮੈਂਬਰ ਬਣਨ ਨਾਲ ਜੀ-20 'ਚ ਦੱਖਣੀ ਦੇਸ਼ਾਂ ਦੀ ਪ੍ਰਤੀਨਿਧਤਾ ਵਧੇਗੀ। ਹੁਣ ਤੱਕ ਜਿੱਥੇ ਜੀ-7 ਦੇਸ਼ਾਂ, ਯੂਰਪੀਅਨ ਯੂਨੀਅਨ ਦੇ 25 ਦੇਸ਼ਾਂ, ਰੂਸ, ਚੀਨ ਤੇ ਤੁਰਕੀ ਨੂੰ ਮਿਲਾ ਕੇ ਉੱਤਰ ਦਾ ਪੱਲੜਾ ਭਾਰੀ ਸੀ, ਅਫਰੀਕੀ ਦੇਸ਼ਾਂ ਦੀ ਮੈਂਬਰੀ ਤੋਂ ਬਾਅਦ ਦੱਖਣੀ ਦੇਸ਼ਾਂ ਦੀ ਗਿਣਤੀ ਵਧ ਜਾਵੇਗੀ। ਵੈਸੇ ਚੀਨ ਤੇ ਰੂਸ ਦੋਵੇਂ ਅਫਰੀਕੀ ਦੇਸ਼ਾਂ ਨੂੰ ਮੈਂਬਰੀ ਦਿਵਾਉਣ ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਚੀਨ ਨੇ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਅਫਰੀਕੀ ਦੇਸ਼ਾਂ 'ਚ ਭਾਰੀ ਨਿਵੇਸ਼ ਕੀਤਾ ਹੈ ਤੇ ਰੂਸ ਵੀ ਨਿਵੇਸ਼ ਦੇ ਨਾਲ-ਨਾਲ ਸਿਆਸੀ ਉਠਕ-ਬੈਠਕ ਕਰਵਾਉਣ 'ਚ ਲੱਗਿਆ ਰਹਿੰਦਾ ਹੈ ਪਰ ਚੀਨੀ ਨਿਵੇਸ਼ ਨਾਲ ਅਫਰੀਕੀ ਦੇਸ਼ਾਂ 'ਚ ਕਰਜ਼ਾ ਸੰਕਟ ਪੈਦਾ ਹੋਇਆ ਹੈ ਅਤੇ ਰੂਸ ਦੇ ਭਾੜੇ ਦੇ ਫ਼ੌਜੀ ਅਫਰੀਕੀ ਦੇਸ਼ਾਂ 'ਚ ਵਿਦਰੋਹ ਕਰਵਾ ਰਹੇ ਹਨ। ਭਾਰਤ ਦੇ ਅਫਰੀਕਾ ਨਾਲ ਹਜ਼ਾਰਾਂ ਸਾਲ ਪੁਰਾਣੇ ਵਪਾਰਕ ਤੇ ਸਮਾਜਿਕ ਰਿਸ਼ਤੇ ਹਨ। ਭਾਰਤ ਦਾ ਆਜ਼ਾਦੀ ਅੰਦੋਲਨ ਅਫਰੀਕੀ ਦੇਸ਼ਾਂ ਦੇ ਆਜ਼ਾਦੀ ਅੰਦੋਲਨਾਂ ਦਾ ਪ੍ਰੇਰਨਾ ਸ੍ਰੋਤ ਬਣਿਆ। ਗੁੱਟ ਨਿਰਲੇਪਤਾ ਅੰਦੋਲਨ ਦੀ ਅਗਵਾਈ ਕਰਦਿਆਂ ਭਾਰਤ ਹਮੇਸ਼ਾ ਦੱਖਣੀ ਦੇਸ਼ਾਂ ਦੀ ਆਵਾਜ਼ ਬੁਲੰਦ ਕਰਦਾ ਆਇਆ ਹੈ। ਇਸ ਲਈ ਅਫਰੀਕੀ ਯੂਨੀਅਨ ਨੂੰ ਉੱਤਰ ਅਤੇ ਦੱਖਣ ਦੇ ਸਾਂਝੇ ਮੰਚ ਜੀ-20 ਦੀ ਮੈਂਬਰੀ ਦਿਵਾਉਣ ਨਾਲ ਭਾਰਤ ਨੂੰ ਸੁਭਾਵਿਕ ਰੂਪ 'ਚ ਦੱਖਣ ਦੀ ਆਵਾਜ਼ ਬਣਨ 'ਚ ਮਦਦ ਮਿਲੇਗੀ।

ਭਾਰਤ ਕੇਂਦਰਤ ਵਿਕਾਸ ਦੇ ਨਜ਼ਰੀਏ ਤੋਂ ਦੇਖੀਏ ਤਾਂ ਦੇਸ਼ ਨੂੰ ਪੱਛਮੀ ਏਸ਼ੀਆ ਤੋਂ ਹੋ ਕੇ ਯੂਰਪ ਨਾਲ ਜੋੜਨ ਵਾਲੇ ਆਵਾਜਾਈ ਤੇ ਊਰਜਾ ਗਲਿਆਰੇ ਦਾ ਪ੍ਰਾਜੈਕਟ ਇਸ ਸਿਖਰ ਸੰਮੇਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਸਾਬਤ ਹੋ ਸਕਦੀ ਹੈ। ਹਾਲਾਂਕਿ ਹਾਲੇ ਇਸ ਪ੍ਰਾਜੈਕਟ 'ਤੇ ਸਿਰਫ਼ ਸਹਿਮਤੀ ਹੀ ਬਣੀ ਹੈ ਪਰ ਫਿਰ ਵੀ ਅਮਰੀਕੀ ਰਾਸ਼ਟਰਪਤੀ ਦਾ ਇਹ ਕਹਿਣਾ ਮਹੱਤਵਪੂਰਨ ਹੈ ਕਿ ਇਹ ਪ੍ਰਾਜੈਕਟ ਸਿਰਫ਼ ਪਟੜੀਆਂ ਵਿਛਾਉਣ ਨੂੰ ਲੈ ਕੇ ਨਹੀਂ ਹੈ, ਇਹ ਗੇਮਚੇਂਜਰ ਸਾਬਤ ਹੋਵੇਗਾ। ਇਹ ਬੰਦਰਗਾਹਾਂ ਤੇ ਰੇਲ ਮਾਰਗ ਜ਼ਰੀਏ ਭਾਰਤ ਨੂੰ ਹੀ ਨਹੀਂ ਸਗੋਂ ਦੱਖਣ-ਪੂਰਬ ਏਸ਼ੀਆ ਨੂੰ ਵੀ ਪੱਛਮੀ ਏਸ਼ੀਆ ਦੇ ਅਰਬ ਦੇਸ਼ਾਂ ਤੇ ਯੂਰਪ ਨਾਲ ਜੋੜੇਗਾ। ਭਾਰਤ ਇਸ ਨੂੰ ਸਪਲਾਈ ਲੜੀ ਨੂੰ ਮਜ਼ਬੂਤ ਬਣਾਉਣ ਵਾਲੇ ਸਵੱਛ ਊਰਜਾ ਗਲਿਆਰੇ ਦੇ ਰੂਪ 'ਚ ਵੀ ਦੇਖਦਾ ਹੈ। ਪਾਕਿਸਤਾਨ ਦੇ ਵੀਟੋ ਤੋਂ ਬਚਣ ਲਈ ਫ਼ਿਲਹਾਲ ਅਰਬ ਟਾਪੂ 'ਚ ਇਕ ਤੇਜ਼ ਰਫ਼ਤਾਰ ਵਾਲੇ ਰੇਲ ਗਲਿਆਰੇ ਦਾ ਨਿਰਮਾਣ ਹੋਵੇਗਾ, ਜਿਸ ਦੇ ਦੋਵੇਂ ਪਾਸੇ ਭਾਰਤ ਤੇ ਯੂਰਪ ਲਈ ਜਹਾਜ਼ੀ ਸੰਪਰਕਾਂ ਦਾ ਵਿਕਾਸ ਕੀਤਾ ਜਾਵੇਗਾ। ਪ੍ਰਾਜੈਕਟ 'ਚ ਅਮਰੀਕਾ, ਭਾਰਤ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਫਰਾਂਸ, ਜਰਮਨੀ, ਇਟਲੀ ਤੇ ਯੂਰਪੀਅਨ ਯੂਨੀਅਨ ਹਨ। ਸਾਊਦੀ ਅਰਬ ਅਤੇ ਇਜ਼ਰਾਈਲ ਦਰਮਿਆਨ ਸਬੰਧ ਬਹਾਲ ਕਰਦਿਆਂ ਉਸ ਨੂੰ ਵੀ ਸ਼ਾਮਲ ਕੀਤੇ ਜਾਣ ਦੀ ਯੋਜਨਾ ਹੈ।

ਭਾਰਤ ਦੀ ਪ੍ਰਧਾਨਗੀ 'ਚ ਹੋਇਆ ਨਵੀਂ ਦਿੱਲੀ ਜੀ-20 ਸਿਖਰ ਸੰਮੇਲਨ ਸੰਤੁਲਿਤ ਵਿਕਾਸ ਨੂੰ ਲੈ ਕੇ ਅਤੀਤ 'ਚ ਹੋਏ ਸੰਯੁਕਤ ਰਾਸ਼ਟਰ ਦੇ ਵੱਖ-ਵੱਖ ਸਿਖਰ ਸੰਮੇਲਨਾਂ ਦੀ ਲੰਬੀ ਸੂਚੀ 'ਚ ਇਕ ਅਹਿਮ ਕੜੀ ਜਿਹਾ ਰਿਹਾ। ਜੂਨ ਦੇ ਅੰਤ 'ਚ ਪੈਰਿਸ 'ਚ ਧਰਤੀ ਸੰਮੇਲਨ ਹੋਇਆ ਸੀ, ਜਿਸ 'ਚ ਜੀ-20 ਸੰਮੇਲਨ ਤੋਂ ਇਕ ਅਜਿਹੀ ਦੁਨੀਆ ਦੇ ਨਿਰਮਾਣ ਦੀ ਉਮੀਦ ਰੱਖੀ ਗਈ ਸੀ, ਜਿਸ 'ਚ ਗ਼ਰੀਬੀ ਨਾ ਰਹੇ, ਧਰਤੀ ਦਾ ਸੰਤੁਲਨ ਬਹਾਲ ਹੋਵੇ ਤੇ ਕਮਜ਼ੋਰ ਦੇਸ਼ਾਂ ਕੋਲ ਵੀ ਜਲਵਾਯੂ ਤਬਦੀਲੀ ਨਾਲ ਪੈਦਾ ਹੋਣ ਵਾਲੇ ਸੰਕਟਾਂ ਦਾ ਸਾਹਮਣਾ ਕਰਨ ਦੀ ਸਮਰੱਥਾ ਹੋਵੇ। ਲਗਭਗ ਇਹੋ ਉਮੀਦ ਨੈਰੋਬੀ 'ਚ ਹੋਏ ਅਫਰੀਕਾ 'ਚ ਹੋਏ ਅਫਰੀਕਾ ਸਿਖਰ ਸੰਮੇਲਨ 'ਚ ਦੁਹਰਾਈ ਗਈ। ਭਾਰਤ ਨੇ ਨਵੀਂ ਦਿੱਲੀ ਦੇ ਜੀ-20 ਸਿਖਰ ਸੰਮੇਲਨ 'ਚ ਧੜਿਆਂ 'ਚ ਵੰਡੀ ਦੁਨੀਆ ਨੂੰ ਇਕ ਸਾਂਝੇ ਐਲਾਨਨਾਮੇ ਲਈ ਰਾਜ਼ੀ ਕਰਦਿਆਂ ਉੱਤਰ ਅਤੇ ਦੱਖਣ ਦਰਮਿਆਨ ਬਣੇ ਅਸੰਤੁਲਨ ਨੂੰ ਦੂਰ ਕਰਨ, ਨਵੇਂ ਗਲਿਆਰੇ ਬਣਾ ਕੇ ਸਪਲਾਈ ਲੜੀ ਨੂੰ ਮਜ਼ਬੂਤ ਬਣਾਉਣ, ਕਰਜ਼ਾ ਸੰਕਟ ਦੇ ਹੱਲ ਲਈ ਵਿਸ਼ਵ ਬੈਂਕ ਜਿਹੀਆਂ ਵਿੱਤੀ ਸੰਸਥਾਵਾਂ ਨੂੰ ਫੰਡ ਦੇਣ ਅਤੇ ਜਲਵਾਯੂ ਸੰਕਟ ਨਾਲ ਨਜਿੱਠਣ ਲਈ ਗਲੋਬਲ ਬਾਇਓ ਫਿਊਲਜ਼ ਅਲਾਇੰਸ ਬਣਾਉਣ ਜਿਹੀਆਂ ਦਰਜਨਾਂ ਪਹਿਲ ਕੀਤੀਆਂ, ਜੋ ਦੋ ਹਫ਼ਤੇ ਬਾਅਦ ਹੋਣ ਵਾਲੇ ਲਗਾਤਾਰ ਵਿਕਾਸ ਟੀਚਾ ਸਿਖਰ ਸੰਮੇਲਨ ਤੇ ਅਗਲੇ ਸਾਲ ਹੋਣ ਵਾਲੇ ਵਿਕਾਸ-ਵਿੱਤ ਸੰਮੇਲਨ ਨੂੰ ਦਿਸ਼ਾ ਤੇ ਰਫ਼ਤਾਰ ਦੇਣ 'ਚ ਸਹਾਇਕ ਸਿੱਧ ਹੋਣਗੀਆਂ। ਇਕ ਧਰਤੀ, ਇਕ ਪਰਿਵਾਰ ਅਤੇ ਇਕ ਭਵਿੱਖ ਦੇ ਟੀਚੇ ਨੂੰ ਧਿਆਨ 'ਚ ਰੱਖਦਿਆਂ ਭਾਰਤ ਨੇ ਭੂ-ਰਾਜਨੀਤਕ ਤੇ ਆਰਥਿਕ ਧੜਿਆਂ 'ਚ ਵੰਡੀ ਦੁਨੀਆ ਨੂੰ ਇਕ ਕੁਟੰਬ ਦੇ ਰੂਪ 'ਚ ਜੋੜਨ ਦੀ ਕੋਸ਼ਿਸ਼ ਕਰਦਿਆਂ ਇਤਿਹਾਸਕ ਕਾਮਯਾਬੀ ਹਾਸਲ ਕੀਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਯੁਕਤ ਰਾਸ਼ਟਰ 'ਚ ਸੁਧਾਰ ਦੀ ਮੰਗ 'ਤੇ ਇਕ ਵਾਰ ਫਿਰ ਜ਼ੋਰ ਦਿੱਤਾ। ਉਨ੍ਹਾਂ ਨੇ ਇਹ ਦਰਸਾਇਆ ਕਿ ਜੇ ਜੀ-20 ਨੂੰ ਦੁਨੀਆ ਸਾਹਮਣੇ ਪੈਦਾ ਚੁਣੌਤੀਆਂ ਦਾ ਸਫਲਤਾਪੂਰਵਕ ਸਾਹਮਣਾ ਕਰਨਾ ਹੈ ਤਾਂ ਇਸ ਨੂੰ ਉਨ੍ਹਾਂ ਮੁੱਦਿਆਂ 'ਤੇ ਕੰਮ ਕਰਨਾ ਹੀ ਹੋਵੇਗਾ, ਜਿਨ੍ਹਾਂ 'ਤੇ ਸਾਰੇ ਦੇਸ਼ਾਂ ਨੇ ਸਹਿਮਤੀ ਪ੍ਰਗਟ ਕੀਤੀ ਹੈ। ਭਾਰਤ ਨੇ ਔਖੇ ਹਾਲਾਤਾਂ 'ਚ ਜੀ-20 ਦੇ ਮੈਂਬਰ ਦੇਸ਼ਾਂ ਦਰਮਿਆਨ ਸਹਿਮਤੀ ਕਾਇਮ ਕਰਨ ਦਾ ਮੁਸ਼ਕਲ ਮੰਨਿਆ ਜਾਣ ਵਾਲਾ ਕੰਮ ਕਰ ਦਿਖਾਇਆ, ਇਸ ਲਈ ਦੁਨੀਆ 'ਚ ਉਸ ਦਾ ਮਾਣ ਵੀ ਵਧਿਆ ਤੇ ਦੁਨੀਆ ਨੂੰ ਇਹ ਸੰਦੇਸ਼ ਵੀ ਗਿਆ ਕਿ ਵੱਖ-ਵੱਖ ਅੰਤਰਰਾਸ਼ਟਰੀ ਮਾਮਲਿਆਂ 'ਚ ਉਸ ਦਾ ਸਹਿਯੋਗ ਲੈਣਾ ਜ਼ਰੂਰੀ ਹੋ ਗਿਆ ਹੈ।

ਭਾਰਤ ਨੇ ਜੀ-20 ਸਿਖਰ ਸੰਮੇਲਨ 'ਚ ਜੋ ਕੂਟਨੀਤਕ ਯੋਗਤਾ ਦਿਖਾਈ ਤੇ ਦੁਨੀਆ 'ਤੇ ਆਪਣੀ ਜਿਹੋ ਜਿਹੀ ਛਾਪ ਛੱਡੀ, ਉਸ ਨਾਲ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਸਥਾਈ ਮੈਂਬਰੀ ਦਾ ਉਸ ਦਾ ਦਾਅਵਾ ਹੋਰ ਮਜ਼ਬੂਤ ਹੋ ਗਿਆ ਹੈ। ਇਸ ਦਾਅਵੇ ਦੀ ਮਜ਼ਬੂਤੀ ਦਾ ਇਕ ਆਧਾਰ ਇਹ ਵੀ ਹੈ ਕਿ ਭਾਰਤ ਨੇ ਇਹ ਦਿਖਾਇਆ ਕਿ ਉਹ 'ਵਸੁਧੈਵ ਕੁਟੰਬਕਮ' ਦੇ ਆਪਣੇ ਸੰਕਲਪ ਤਹਿਤ ਅਸਲ 'ਚ ਦੁਨੀਆ ਦੀ ਭਲਾਈ ਲਈ ਵਚਨਬੱਧ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ | (7) ਪਰਮਪਾਲ ਸਿੰਘ | (13) ਸੁਰਿੰਦਰ ਸਿੰਘ ਧਨੋਆ |
| (2) ਅਵਤਾਰ ਸਿੰਘ ਸਹੋਤਾ | (8) ਡਾ. ਚਰਨਜੀਤ ਸਿੰਘ ਉਪਲ | (14) ਕਸ਼ਮੀਰ ਸਿੰਘ ਧੁੱਗਾ |
| (3) ਗੁਰਨਾਮ ਸਿੰਘ ਪੰਮਾ | (9) ਕੁਲਦੀਪ ਸਿੰਘ ਅਟਵਾਲ | (15) ਅਮੋਲਕ ਸਿੰਘ ਗਾਖਲ |
| (4) ਜਸਵੀਰ ਸਿੰਘ ਕੁਲਾਰ | (10) ਸੁਰਜੀਤ ਸਿੰਘ ਅਟਵਾਲ | (16) ਬਲਦੇਵ ਸਿੰਘ ਮਾਨ |
| (5) ਗੁਰਚਰਨ ਸਿੰਘ ਮਾਨ | (11) ਗੁਰਵਿੰਦਰ ਸਿੰਘ ਮਾਵੀ | (17) ਹੈਰੀ ਸਿੱਧੂ |
| (6) ਭੁਪਿੰਦਰ ਸਿੰਘ ਪਦਮ | (12) ਡਾ. ਹਰਮੇਸ਼ ਕੁਮਾਰ | (18) ਰਾਜ ਬਡਵਾਲ |



# Matrimonial ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: **510-938-7771** **shaadi@pardestimes.com**

2023/11

## ਵਰ ਦੀ ਲੋੜ

31 ਸਾਲਾ 'ਸੱਗੂ' ਰਾਮਗੜ੍ਹੀਆ ਲੜਕੀ, ਜੋ ਐਮ. ਡੀ. ਹੈ, ਕੱਦ 5 ਫੁੱਟ 3 ਇੰਚ ਹੈ। ਕਨੇਡੀਅਨ ਸਿਟੀਜ਼ਨ ਜੋ ਕੈਲੇਫੋਰਨੀਆ 'ਚ ਡਾਕਟਰ ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ- ਤਰਲੋਚਨ ਸਿੰਘ ਸੱਗੂ 416-886-9197
saggutarlochan@yahoo.com

2023/12

## ਵਰ ਦੀ ਲੋੜ

33 ਸਾਲਾ ਕੱਦ 5 ਫੁੱਟ 4 ਇੰਚ, ਨਿਊਯਾਰਕ ਵਿਖੇ ਅਟਾਰਨੀ ਦੇ ਤੌਰ ਤੇ ਕੰਮ ਕਰਦੀ ਸਿੱਖ ਲੜਕੀ, ਜਿਸਨੇ ਬੀ. ਐਸ. ਸੀ., ਸਾਈਕਲੌਜੀ ਤੇ ਜੇ. ਡੀ. ਐਲ ਐਲ ਬੀ ਦੀ ਸਿੱਖਿਆ ਹਾਸਲ ਕੀਤੀ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ 315-395-2585
Rimmi.kailey@gmail.com

ਇਸ਼ਤਿਹਾਰ ਬੁਕਿੰਗ ਲਈ ਸੰਪਰਕ ਕਰੋ: 510-938-7771
shaadi@pardestimes.com

2023/13

## ਲੜਕੀ ਦੀ ਲੋੜ

ਪਗੜੀਧਾਰੀ ਸਿੱਖ ਨੌਜਵਾਨ 'ਸੱਗੂ' ਸਿਟੀਜ਼ਨ, 31 ਸਾਲਾ, ਕੱਦ 5 ਫੁੱਟ 10 ਇੰਚ, ਬੀ. ਐਸ. ਸੀ./ ਐਮ. ਐਸ./ ਕੋਮਿਟਾ ਪਲੱਬ ਕੀਤੀ ਹੋਈ ਹੈ, ਲਈ ਚੰਗੀ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕਾਲ 661-496-1910
ਈਮੇਲ- chamkaur.saggu@gmail.com

2023/15

## ਲੜਕੀ ਦੀ ਲੋੜ

33 ਸਾਲਾ ਨੌਜਵਾਨ, ਕੱਦ 5 ਫੁੱਟ 11 ਇੰਚ, ਸੈਣੀ-ਹਿੰਦੂ ਸਾਫਟਵੇਅਰ ਇੰਜੀਨੀਅਰ, ਕੈਨੇਡਾ 'ਚ ਕੰਮ ਕਰਦੇ ਨੌਜਵਾਨ ਲਈ, ਪੜ੍ਹੀ-ਲਿਖੀ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਵੱਡਾ ਭਰਾ ਕੈਲੇਫੋਰਨੀਆ 'ਚ ਰਹਿੰਦੇ ਹਨ। ਮਾਤਾ ਸਕੂਲ ਪ੍ਰਿੰਸੀਪਲ ਹਨ। ਸੰਪਰਕ ਕਰੋ ਵਿਕਾਸ ਸੈਣੀ 209-765-3086
atulwork11@gmail.com

2023/16

## ਵਰ ਦੀ ਲੋੜ

ਇਕ ਸਿੱਖ (ਸੈਣੀ) ਲੜਕੀ, ਕੱਦ 5 ਫੁੱਟ 4 ਇੰਚ, 31 ਸਾਲਾ ਸੁੰਦਰ ਮੁਟਿਆਰ ਲਈ, ਜੋ ਸੈਨਹੋਜੇ, ਕੈਲੇਫੋਰਨੀਆ 'ਚ ਰਹਿ ਕੇ ਨਰਸਿੰਗ ਦੇ ਕਿੱਤੇ 'ਚ ਹੈ ਤੇ ਹੈਲਥ ਕੇਅਰ 'ਚ Lead TECH ਹੈ, ਵਾਸਤੇ ਪੜ੍ਹੇ-ਲਿਖੇ ਘਰਾਣੇ ਦੇ ਲੜਕੇ ਦੀ ਜ਼ਰੂਰਤ ਹੈ। ਫੋਨ ਕਰੋ- ਅਮਰਜੀਤ ਸਿੰਘ 408-393-7291 ajsingh@gmail.com

2023/17

## ਲੜਕੀ ਦੀ ਲੋੜ

ਜੱਟ ਸਿੱਖ ਤਲਾਕਸ਼ੁਦਾ, ਉਮਰ 40 ਸਾਲ, ਐਮ. ਬੀ. ਏ. ਡਿਗਰੀ, ਕੱਦ 5 ਫੁੱਟ 10 ਇੰਚ, ਬੇ-ਏਰੀਆ (ਕੈਲੇਫੋਰਨੀਆ) ਵਿਖੇ ਸੈਟਲ। ਆਪਣਾ ਘਰ ਅਤੇ ਵੱਡੀ ਟੈਕ ਕੰਪਨੀ ਵਿਚ ਸੀਨੀਅਰ ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਚੰਡੀਗੜ੍ਹ ਤੋਂ 12 ਸਾਲ ਪਹਿਲਾਂ ਆ ਕੇ ਅਮਰੀਕਾ ਵੱਸੇ ਹਨ। ਸਿਰਫ ਅਮਰੀਕਾ ਰਹਿੰਦੇ ਹੀ ਸੰਪਰਕ ਕਰਨ। ਜਾਤੀ ਦਾ ਬੰਧਨ ਨਹੀਂ। ਸੰਪਰਕ ਕਰੋ 341-345-1044,
ਈ-ਮੇਲ dhillonravi1983@gmail.com

# ਕੈਨੇਡਾ ਅਤੇ ਭਾਰਤ ਦੀਆਂ ਸਰਕਾਰਾਂ ਵਿਚਾਲੇ ਟਕਰਾਅ ਵਧਿਆ

## ਤਣਾਤਣੀ ਵਧੀ ਤਾਂ 2 ਲੱਖ ਭਾਰਤੀ ਵਿਦਿਆਰਥੀਆਂ ਦਾ ਵੀਜ਼ਾ ਰੱਦ ਕਰ ਸਕਦਾ ਹੈ ਕੈਨੇਡਾ


ਚੰਡੀਗੜ੍ਹ- ਕੈਨੇਡਾ ਅਤੇ ਭਾਰਤ ਦੀਆਂ ਸਰਕਾਰਾਂ ਵਿਚਾਲੇ ਵਧੇ ਤਣਾਅ ਦੇ ਕਾਰਨ ਦੇ ਸਟੱਡੀ ਵੀਜ਼ੇ 'ਤੇ ਪੰਜਾਬ ਤੋਂ ਜਾਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਦੀ ਚਿੰਤਾ ਵੱਧ ਗਈ ਹੈ। ਦੋਵਾਂ ਦੇਸ਼ਾਂ ਵਿਚਾਲੇ ਸ਼ੁਰੂ ਹੋਏ ਇਸ ਵਿਵਾਦ ਦਾ ਨਾ ਸਿਰਫ਼ ਵਪਾਰ ਪ੍ਰਭਾਵਿਤ ਹੋਵੇਗਾ ਸਗੋਂ ਕੈਨੇਡਾ ਦੇ ਵੱਡੀ ਗਿਣਤੀ ਲੋਕਾਂ ਖਾਸ ਕਰਕੇ ਪੰਜਾਬੀਆਂ 'ਤੇ ਵੀ ਅਸਰ ਪਵੇਗਾ। ਕੈਨੇਡਾ ਜਾਣ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਹੁਣ ਡਰ ਸਤਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਕੈਨੇਡਾ ਉਨ੍ਹਾਂ ਦੇ ਦਾਖਲੇ 'ਤੇ ਪਾਬੰਦੀ ਲਗਾ ਸਕਦਾ ਹੈ। ਹਾਲਾਂਕਿ ਇਸ ਦਾ ਪ੍ਰਭਾਵ ਇਕੱਲਾ ਭਾਰਤੀ ਮੂਲ ਦੇ ਵਿਦਿਆਰਥੀਆਂ 'ਤੇ ਨਹੀਂ ਪਵੇਗਾ ਬਲਕਿ ਕੈਨੇਡਾ ਦੀ ਅਰਥ-ਵਿਵਸਥਾ ਨੂੰ ਵੀ ਇਕ ਹੋਰ ਵੱਡਾ ਝਟਕਾ ਲੱਗੇਗਾ। ਕੈਨੇਡਾ ਵਿਚ ਚਲਦੇ ਹਜ਼ਾਰਾਂ ਕਾਲਜ ਬੰਦ ਹੋਣ ਦੇ ਕਿਨਾਰੇ ਪਹੁੰਚ ਜਾਣਗੇ, ਜੋ ਕਿ ਇਸ ਵਕਤ ਕੈਨੇਡਾ ਦੇ ਅਰਥਚਾਰੇ ਨੂੰ ਵੱਡਾ ਠੁੰਮਣਾ ਦੇ ਰਹੇ ਹਨ। ਇਸ ਸਮੇਂ ਪੰਜਾਬ ਦੇ ਲਗਭਗ ਦੋ ਲੱਖ ਵਿਦਿਆਰਥੀ ਸਟੱਡੀ ਵੀਜ਼ਾ (ਪੰਜਾਬ ਸਟੂਡੈਂਟਸ ਇਨ ਕੈਨੇਡਾ) 'ਤੇ ਕੈਨੇਡਾ ਗਏ ਹਨ । ਚੇਤੇ ਰਹੇ ਕਿ ਹਰ ਸਾਲ ਪੰਜਾਬ ਤੋਂ ਸੈਂਕੜੇ ਨੌਜਵਾਨ ਪੜ੍ਹਾਈ ਲਈ ਕੈਨੇਡਾ ਜਾਂਦੇ ਹਨ। ਪ੍ਰਤੀ ਵਿਦਿਆਰਥੀ ਫੀਸ 'ਤੇ ਲਗਭਗ 25 ਲੱਖ ਰੁਪਏ ਖਰਚ ਕੀਤੇ ਜਾਂਦੇ ਹਨ। ਹਾਲਾਂਕਿ, ਜੇਕਰ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧਦਾ ਰਹਿੰਦਾ ਹੈ, ਤਾਂ ਕੈਨੇਡਾ ਦੇਸ਼ ਵਿੱਚ ਦਾਖਲੇ ਲਈ ਨਿਯਮਾਂ ਨੂੰ ਸਖ਼ਤ ਕਰ ਸਕਦਾ ਹੈ। ਇਸ ਵਿੱਚ ਉਨ੍ਹਾਂ ਦਾ ਵੀਜ਼ਾ ਰੱਦ ਕਰਨਾ ਅਤੇ ਉਨ੍ਹਾਂ ਨੂੰ ਡਿਪੋਰਟ ਕਰਨਾ ਵੀ ਸ਼ਾਮਲ ਹੈ। ਪੰਜਾਬ ਦੇ ਲੋਕ ਕੈਨੇਡਾ ਵਿੱਚ ਕੰਮ ਕਰਦੇ ਹਨ। ਵਪਾਰਕ ਭਾਈਚਾਰੇ ਵਿੱਚ ਵੀ ਉਸਦਾ ਪ੍ਰਭਾਵ ਹੈ। ਖੇਤੀਬਾੜੀ ਤੋਂ ਲੈ ਕੇ ਡੇਅਰੀ ਫਾਰਮਿੰਗ ਤੱਕ ਵੀ ਪੰਜਾਬੀਆਂ ਵੱਲੋਂ ਕੀਤਾ ਜਾਂਦਾ ਹੈ। ਚੇਤੇ ਰਹੇ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖ਼ਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਭਾਰਤ ਅਤੇ ਕੈਨੇਡਾ ਦਰਮਿਆਨ ਵਿਵਾਦ 9 ਅਤੇ 10 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਹੋਏ ਜੀ-20 ਸੰਮੇਲਨ ਦੌਰਾਨ ਸ਼ੁਰੂ ਹੋਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਸੰਮੇਲਨ 'ਚ ਹਿੱਸਾ ਲੈਣ ਆਏ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲ ਕੈਨੇਡਾ 'ਚ ਖ਼ਾਲਿਸਤਾਨੀ ਸਰਗਰਮੀਆਂ ਵਧਣ ਦਾ ਮੁੱਦਾ ਉਠਾਇਆ।

ਅਮਰੀਕਾ, ਆਸਟਰੇਲੀਆ ਤੇ ਬਰਤਾਨੀਆ, ਜਿਨ੍ਹਾਂ ਦੇ ਆਗੂਆਂ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਫੋਨ ਕਰ ਕੇ ਹਰਦੀਪ ਨਿੱਝਰ ਦੇ ਕੇਸ ਬਾਰੇ ਜਾਣੂ ਕਰਾਇਆ ਹੈ, ਨੇ ਇਸ ਮਾਮਲੇ ਉਤੇ ਚਿੰਤਾ ਜ਼ਾਹਿਰ ਕੀਤੀ ਹੈ। ਵਾਈਟ ਹਾਊਸ ਨੇ ਟਰੂਡੋ ਵੱਲੋਂ ਲਾਏ ਦੋਸ਼ਾਂ 'ਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਵਾਈਟ ਹਾਊਸ ਦੀ ਕੌਮੀ ਸੁਰ-ਖਿਆ ਪਰਿਸ਼ਦ ਦੀ ਤਰਜਮਾਨ ਐਡਰੀਅਨ ਵਾਟਸਨ ਨੇ ਕਿਹਾ ਕਿ ਉਹ ਕੈਨੇਡਾ ਦੇ ਲਗਾਤਾਰ ਸੰਪਰਕ ਵਿਚ ਹਨ, ਇਹ ਜ਼ਰੂਰੀ ਹੈ ਕਿ ਕੈਨੇਡਾ ਦੀ ਜਾਂਚ ਅੱਗੇ ਵਧੇ ਤੇ ਜ਼ਿੰਮੇਵਾਰਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ। ਆਸਟਰੇਲੀਆ ਨੇ ਵੀ ਮਾਮਲੇ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

# ਇਰਾਨ 'ਚ ਨਜ਼ਰਬੰਦ ਅਮਰੀਕੀ ਰਿਹਾਅ ਹੋ ਕੇ ਦੇਸ਼ ਪੁੱਜੇ



ਵਾਸ਼ਿੰਗਟਨ- ਇਰਾਨ 'ਚ ਸਾਲਾਂ ਤੋਂ ਨਜ਼ਰਬੰਦ ਅਮਰੀਕੀ ਰਿਹਾਅ ਹੋਣ ਤੋਂ ਬਾਅਦ ਰਿਹਾਅ ਹੋ ਕੇ ਅਮਰੀਕਾ ਪਹੁੰਚ ਗਏ। ਇਸ ਰਿਹਾਈ ਲਈ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਛੇ ਅਰਬ ਅਮਰੀਕੀ ਡਾਲਰ ਦੀ ਕੁਰਕ ਕੀਤੀ ਇਰਾਨੀ ਪੂੰਜੀ ਨੂੰ ਜਾਰੀ ਕਰਨ ਲਈ ਸਹਿਮਤ ਹੋ ਗਏ ਹਨ। ਕੁਝ ਲੋਕ ਇਸ ਸੌਦੇ ਨੂੰ ਬਾਇਡਨ ਲਈ ਸਿਆਸੀ ਤੌਰ 'ਤੇ ਜੋਖ਼ਮ ਭਰਿਆ ਮੰਨ ਰਹੇ ਹਨ। ਅਮਰੀਕੀ ਕੈਦੀਆਂ ਦੇ ਪਰਿਵਾਰਾਂ ਨੇ ਰਿਹਾਈ ਨੂੰ ਸੰਭਵ ਬਣਾਉਣ ਲਈ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ।

PREET INDIA MARKET

10044 BRUCEVILLE RD #150,
ELK GROVE CA, 95757

ਭਾਰਤੀ, ਪਾਕਿਸਤਾਨੀ ਅਤੇ ਫਿਜ਼ੀਅਨ ਗਰੌਸਰੀ

India, Pakistani and Fijian Grocery

ਹਫਤੇ ਦੇ ਸਾਰੇ 7 ਦਿਨ ਖੁੱਲ੍ਹੀ

Phone Number:
(916)-714-6717, (916)-505-4056
Fax: (916)-714-4957
Email: rk8649@yahoo.com
harvinderkaur65@yahoo.com

Harvinder Kaur Pabla 916-505-6043




The California Learning Academy

Do you want to Start Your own Business?
Do you want to become Online Retailer?
Do you want to get E-Commerce Site?

Services Offered
* US Citizenship Interview Preparation
* Daily Use Englsh Coaching
* Ebay & Amazon Seller Coaching
* Notary Service by Appointment

WHY TO CHOOSE US?
Individual attention
Result driven coaching
Flexible timing

We Are Here For You
Call Us:
559-905-4749



ਸਿਟੀਜ਼ਨਸ਼ਿਪ ਦੀ ਤਿਆਰੀ
45 ਦਿਨਾਂ ਵਿਚ ਅੰਗਰੇਜ਼ੀ ਸਿੱਖੋ

www.thecalifornialearningacademy.com
thecalifornialearningacademy@gmail.com

Schedule Your Appointment Before Visit

5627 N Figarden Dr. Suite 114 # Fresno CA 93722

# Indo American Desh Bhagat Foundation of Bay Area

## ਮੇਲਾ ਗਦਰੀ ਬਾਬਿਆਂ ਦਾ



ਬਾਬਾ ਸੋਹਣ ਸਿੰਘ ਜੀ ਭਕਨਾ



ਸ਼ਹੀਦ ਸ: ਊਧਮ ਸਿੰਘ



ਸ਼ਹੀਦੇ ਆਜ਼ਮ ਸ: ਭਗਤ ਸਿੰਘ



ਸ਼ਹੀਦ ਕਰਤਾਰ ਸਿੰਘ ਸਰਾਭਾ



**Sushil Dosanjh**
Chief guest

**1521 California Circle Milpitas CA – 95035**

**Sep 23, 2023, ਸਮਾਂ 1 ਤੋਂ ਸ਼ਾਮ 6 ਵਜੇ ਤੱਕ**

ਸਭ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ

***Free entry, free food***



**Jot Ranjit**
Host

## ਗਦਰ ਪਾਰਟੀ ਦੇ ਸ਼ਹੀਦਾਂ ਅਤੇ ਸਮੂਹ ਇਨਕਲਾਬੀਆਂ ਅਤੇ ਦੇਸ਼ ਭਗਤਾਂ ਦੀ ਯਾਦ ਚ ਮੇਲਾ

**Singers: Satti Pabla, Jeeta Gill and Gidha, Bhangra groups**

Contact
**510 714 5058**
**Narinder Sujjon**




Contact
**408 250 6286**
**Harkewal S Sandhu**

**ਮੰਚ ਸੰਚਾਲਨ:- Kuldeep S. Sujjon and Prem Kumar Sharma**

**Main sponsors:** Pritam S. Grewal, Amrik Khudalia, Raj Bhanote, Gurjeet S. Hothi, Inderjit S. Sidhu, Bob Dhillon, Surjit S. Bains, Narjit Sujjon, American Truck & Trailer Repair & Towing, Jarnail S. Raja, Harinder Sujjon (Skylark Limousine), Kirpal S. Atwal, Harduman S. Sanghera, Sarbjit S. Sawadee, Manjeet S. Jhikka (Aidan West Realty Inc), Tarsem S. Atwal, Balwant Singh, Master Gurdial, Prem Kumar Rahon, Mastan Singh, Harbans S. Bola

**Mela Committee:** Kulbushan Kumar Happy, Sukhdev S. Sidhu, Balbir Johal, Iktar S. Sodhi, Mehnga S. Sarpanch

**Langar Committee:** Deepa Sandhu, Harbhajan Singh, Raja, and Balwant Singh

**Special thanks to University of Silicon Andhra, Milpitas CA**

**Sponsored by- Pardes Times**

# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28 ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ



*ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ*

ਫਰਿਜ਼ਨੋ (ਕੈਲੀਫੋਰਨੀਆਂ)- ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਫਰਿਜ਼ਨੋ ਵੱਲੋਂ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ 'ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 22ਵੀ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਅਤੇ ਅਮੈਰਕਿਨ ਐਨਥੰਮ ਉਪਰੰਤ ਕੀਤੀ ਗਈ।ਪਿਛੋਂ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿੱਛੋਂ ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵਿਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਅਤੇ ਪੱਪੀ ਭਦੌੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੈਰੀ ਮਾਨ, ਰਾਜ ਸਿੱਧੂ, ਕਾਕਾ ਅਮਰਜੀਤ ਸਿੰਘ, ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਰਾਜਕਰਨਬੀਰ ਸਿੰਘ, ਰੇਡੀਓ ਹੋਸਟ ਜਗਤਾਰ ਸਿੰਘ ਗਿੱਲ, ਪਰਮਪਾਲ ਸਿੰਘ, ਗੁਰਦੀਪ ਸ਼ੇਰਗਿੱਲ, ਰਣਜੋਧ ਸਿੰਘ ਰਿਆੜ, ਹਿਸਟੋਰੀਅਨ ਗਗਨਦੀਪ ਸਿੰਘ ਆਈ. ਏ. ਐਸ., ਮਲਕੀਤ ਸਿੰਘ ਕਿੰਗਰਾ, ਮਨਦੀਪ ਸਿੰਘ ਸਿਲਮਾਂ, ਜਗਦੀਸ਼ ਸਿੰਘ, ਹਰਨੇਕ



ਸਿੰਘ ਲੋਹਗੜ, ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ। ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇਕਲ ਮਾਹਿਰ ਨੇ ਵੀ ਖਾਲੜਾ ਸਾਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਇਸ ਮੌਕੇ ਪਾਰਕ ਦੀ ਸਫਾਈ ਵਾਲੇ ਮੁਲਾਜ਼ਮਾਂ ਗੈਬਰੀਅਲ ਅਤੇ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆ ਦੀ ਪਾਰਕ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਹੈਰੀ ਮਾਨ, ਪੱਤਰਕਾਰ ਨੀਟਾ ਮਾਛੀਕੇ, ਰਾਜਕਰਨਬੀਰ ਸਿੰਘ, ਹਰਜੋਤ ਸਿੰਘ ਖਾਲਸਾ, ਗੁਰਦੀਪ ਸ਼ੇਰਗਿੱਲ ਆਦਿ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।

ਅੰਤ ਵਿੱਚ ਖਾਲੜਾ ਪਾਰਕ ਵਾਲਿਆ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਖਾਲੜਾ ਸਾਬ੍ਹ ਦੇ ਜਵਾਈ ਸ.ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ਼ , ਸਮੂਹ ਬਾਬਿਆ ਦੀ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ - ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾ ਦੀ ਮਿਹਨਤ ਲਈ ਉਹਨਾਂ ਦਾ ਸ਼ਪੈਸ਼ਲ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਇਸ ਮੌਕੇ ਖਾਲੜਾ ਮਿਸ਼ਨ ਲਈ ਫਾਰਮਰ ਅਜੀਤ ਸਿੰਘ ਗਿੱਲ ਨੇ ਇੱਕ ਹਜ਼ਾਰ ਡਾਲਰ ਦਾ ਚੈਕ ਭੇਂਟ ਕੀਤਾ। ਫਾਰਮਰ ਚਰਨਜੀਤ ਸਿੰਘ ਬਾਠ ਅਤੇ ਟਰਾਂਸਪੋਰਟਰ ਜਸਪਾਲ ਸਿੰਘ ਧਾਲੀਵਾਲ ਨੇ ਵੀ ਪ੍ਰਬੰਧਕਾਂ ਨੂੰ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ।

# ਅਮਰੀਕਾ ਦੇ ਇਤਿਹਾਸ ਵਿਚ ਸਿੱਖਾਂ ਦੀ ਇਤਿਹਾਸਿਕ ਜਿੱਤ

*ਨੀਟਾ ਮਾਛੀਕੇ / ਕੁਲਵੰਤ ਧਾਲੀਆਂ*

ਸਿੱਖ ਭਾਈਚਾਰੇ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ 14 ਸਤੰਬਰ 2023 ਨੂੰ ਕੈਲੀਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਕੈਲੀਫੋਰਨੀਆਂ ਸਟੇਟ ਸੈਨੇਟ ਵਿੱਚ ਬਿੱਲ SB-847 ਵੱਡੇ ਬਹੁਮਤ ਨਾਲ ਪਾਸ ਹੋ ਗਿਆ ਹੈ। ਹੁਣ ਇਸ ਬਿੱਲ ਤੇ ਕੈਲੀਫੋਰਨੀਆਂ ਸਟੇਟ ਦੇ ਗਵਰਨਰ ਦੇ ਦਸਤਖ਼ਤ ਦੇ ਨਾਲ ਇਹ ਇੱਕ ਕਾਨੂੰਨ ਬਣ ਜਾਵੇਗਾ। ਇਸ ਦੇ ਤਹਿਤ ਜਲਦੀ ਹੀ ਸਿੱਖ ਸਿਰਾਂ ਉੱਪਰ ਪੱਗਾਂ, ਦਸਤਾਰਾਂ ਅਤੇ ਦੁਮਾਲੇ ਸਜਾਕੇ, ਕੈਲੀਫੋਰਨੀਆ ਸਟੇਟ ਵਿੱਚ ਕਾਨੂੰਨੀ ਤੌਰ ਤੇ ਮੋਟਰਸਾਈਕਲ ਚਲਾ ਸਕਦੇ ਹਨ। ਬਿੱਲ SB-847 ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ



ਮਾਹਰਾਂ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਸੀ। ਇਕ ਮੁਕੰਮਲ ਕਾਨੂੰਨ ਬਣਨ ਤੋਂ ਪਹਿਲਾ ਬਿੱਲ SB-847 ਨੂੰ ਬਹੁਤ ਸਾਰੀਆਂ ਸਟੇਟ ਕਮੇਟੀਆਂ, ਸੈਨੇਟ ਫਲੋਰ, ਅਸੈਂਬਲੀ ਫਲੋਰ ਅਤੇ ਹੋਰ ਬਹੁਤ ਸਾਰੀਆਂ ਪ੍ਰਕਿਰਿਆ ਵਿੱਚੋਂ ਲੰਘਣਾ ਪਇਆ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਨੇ ਬਹੁਤ ਮਿਹਨਤ ਕਰਕੇ ਬਿੱਲ ਭ-847 ਨੂੰ ਹਰ ਇੱਕ ਪੜਾਵ ਵਿੱਚੋਂ ਵੱਡੇ ਬਹੁਮਤ ਨਾਲ ਪਾਸ ਕਰਵਾਇਆ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਇਤਿਹਾਸ ਚ ਪਹਿਲੀ ਵਾਰ ਸਿੱਖਾਂ ਨੂੰ ਅਮਰੀਕਾ ਦੀ ਕਿਸੇ ਸਟੇਟ ਵਿੱਚ ਕਾਨੂੰਨੀ ਤੌਰ ਤੇ ਪੱਗ ਬੰਨ ਕੇ ਮੋਟਰ ਸਾਈਕਲ ਚਲਾਉਣ ਦਾ ਹੱਕ ਮਿਲਣ ਜਾ ਰਿਹਾ ਹੈ।

# ਨਿੱਝਰ ਕਤਲ ਕਾਂਡ 'ਚ ਕੈਨੇਡਾ ਨੇ ਭਾਰਤੀ ਡਿਪਲੋਮੈਟ ਨੂੰ ਦੇਸ਼ 'ਚੋਂ ਕੱਢਿਆ

ਟਰਾਂਟੋ- ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਿੱਖ ਵੱਖਵਾਦੀ ਆਗੂ ਦੇ ਕਤਲ ਵਿੱਚ 'ਭਾਰਤੀ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ' ਦੇ 'ਇਲਜ਼ਾਮਾਂ' ਦੀ ਜਾਂਚ ਦੌਰਾਨ ਕੈਨੇਡਾ ਸਰਕਾਰ ਨੇ ਸਿਖਰਲੇ ਭਾਰਤੀ ਡਿਪਲੋਮੈਟ ਨੂੰ ਕੱਢ ਦਿੱਤਾ ਹੈ। ਪਾਬੰਦੀਸ਼ੁਦਾ ਖ਼ਾਲਿਸਤਾਨ ਟਾਈਗਰ ਫੋਰਸ (ਕੇਟੀਐੱਫ) ਦੇ ਮੁਖੀ ਅਤੇ ਭਾਰਤ ਦੇ ਸਭ ਤੋਂ ਵੱਧ ਲੋੜੀਂਦੇ ਅਤਿਵਾਦੀ ਹਰਦੀਪ ਸਿੰਘ ਨਿੱਝਰ (45) ਦੀ 18 ਜੂਨ ਨੂੰ ਪੱਛਮੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਵਿੱਚ ਗੁਰਦੁਆਰੇ ਦੇ ਬਾਹਰ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸ੍ਰੀ ਟਰੂਡੋ ਨੇ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ 'ਚ ਆਪਣੇ ਸੰਬੋਧਨ ਵਿੱਚ ਕਿਹਾ, 'ਕੈਨੇਡੀਅਨ ਸੁਰੱਖਿਆ ਏਜੰਸੀਆਂ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਸਰਕਾਰ ਦੇ ਏਜੰਟ ਦੀ ਸ਼ਮੂਲੀਅਤ ਦੇ ਗੰਭੀਰ ਦੋਸ਼ਾਂ ਦੀ ਸਰਗਰਮੀ ਨਾਲ ਜਾਂਚ ਕਰ ਰਹੀਆਂ ਹਨ।'

**ਭਾਰਤ ਦੀ ਜੁਆਬੀ ਕਾਰਵਾਈ: ਕੈਨੇਡਾ ਦੇ ਸੀਨੀਅਰ ਡਿਪਲੋਮੈਟ ਨੂੰ 5 ਦਿਨਾਂ 'ਚ ਦੇਸ਼ ਛੱਡਣ ਦੇ ਹੁਕਮ**

ਕੈਨੇਡਾ ਨੇ ਵੱਲੋਂ ਕੀਤੀ ਕਾਰਵਾਈ ਦੇ ਜੁਆਬ ਵਿੱਚ ਭਾਰਤ ਨੇ ਸੀਨੀਅਰ ਕੈਨੇਡੀਅਨ ਡਿਪਲੋਮੈਟ ਨੂੰ ਕੱਢਣ ਦਾ ਫੈਸਲਾ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਸੀਨੀਅਰ ਕੈਨੇਡੀਅਨ ਡਿਪਲੋਮੈਟ ਨੂੰ ਪੰਜ ਦਿਨਾਂ ਦੇ ਅੰਦਰ ਭਾਰਤ ਛੱਡਣ ਦੇ ਹੁਕਮ ਦਿੱਤੇ ਹਨ।

**ਟਰੂਡੋ ਦੇ ਦੋਸ਼ ਬੇਤੁਕੇ ਤੇ ਬੇਬੁਨਿਆਦ: ਭਾਰਤ**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦੋਸ਼ਾਂ ਨੂੰ ਭਾਰਤ ਨੇ ਅੱਜ ਬੇਤੁਕਾ ਅਤੇ ਬੇਬੁਨਿਆਦ ਕਰਾਰ ਦਿੱਤਾ। ਇਥੇ ਵਿਦੇਸ਼ ਮੰਤਰਾਲੇ ਨੇ ਬਿਆਨ ਵਿੱਚ ਕਿਹਾ, 'ਕੈਨੇਡਾ ਵਿੱਚ ਕਿਸੇ ਵੀ ਹਿੰਸਾ ਵਿੱਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ ਬੇਤੁਕੇ ਅਤੇ ਬੇਬੁਨਿਆਦ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸਾਡੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਵਿੱਚ ਇਹੀ ਦੋਸ਼ ਲਗਾਏ ਸਨ, ਜਿਨ੍ਹਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਗਿਆ ਸੀ। ਭਾਰਤ ਜਮਹੂਰੀ ਮੁਲਕ ਹੈ, ਜੋ ਕਾਨੂੰਨ ਦੇ ਸ਼ਾਸਨ ਲਈ ਵਚਨਬੱਧ ਹੈ।'

# ਰਾਮਾਸਵਾਮੀ ਵੱਲੋਂ ਐੱਚ-1ਬੀ ਵੀਜ਼ਾ ਪ੍ਰੋਗਰਾਮ ਖ਼ਤਮ ਕਰਨ ਦਾ ਵਾਅਦਾ

ਵਾਸ਼ਿੰਗਟਨ- ਅਮਰੀਕਾ ਵਿੱਚ ਭਾਰਤੀ ਮੂਲ ਦੇ ਰਿਪਬਲਿਕਨ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਵਿਵੇਕ ਰਾਮਾਸਵਾਮੀ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਬੰਧੂਆ ਗੁਲਾਮੀ ਦੱਸਦੇ ਹੋਏ 2024 ਵਿੱਚ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਲਾਟਰੀ ਆਧਾਰਿਤ ਪ੍ਰਣਾਲੀ ਨੂੰ ਖ਼ਤਮ ਕਰਨ ਅਤੇ ਇਸ ਦੀ ਜਗ੍ਹਾ ਯੋਗਤਾ ਆਧਾਰਿਤ ਪ੍ਰਵੇਸ਼ ਪ੍ਰਣਾਲੀ ਲਿਆਉਣ ਦਾ ਵਾਅਦਾ ਕੀਤਾ ਹੈ। ਭਾਰਤੀ ਸੂਚਨਾ ਤਕਨਾਲੋਜੀ ਪੇਸ਼ੇਵਰਾਂ ਵੱਲੋਂ ਕਾਫੀ ਪਸੰਦ ਕੀਤਾ ਜਾਂਦਾ ਐੱਚ-1ਬੀ ਵੀਜ਼ਾ ਇਕ ਗੈਰ-ਪਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਪੇਸ਼ੇਵਰਾਂ ਨੂੰ ਅਜਿਹੇ ਅਹੁਦਿਆਂ 'ਤੇ ਨਿਯੁਕਤੀ ਦਾ ਅਧਿਕਾਰ ਦਿੰਦਾ ਹੈ ਜਿਨ੍ਹਾਂ ਵਿੱਚ ਤਕਨੀਕੀ ਮਾਹਿਰਾਂ ਦੀ ਜ਼ਰੂਰਤ ਹੁੰਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਦੇਸ਼ਾਂ ਤੋਂ ਹਰੇਕ ਸਾਲ ਹਜ਼ਾਰਾਂ ਪੇਸ਼ੇਵਰਾਂ ਦੀ ਭਰਤੀ ਕਰਨ ਲਈ ਇਸੇ ਵੀਜ਼ਾ ਪ੍ਰੋਗਰਾਮ 'ਤੇ ਨਿਰਭਰ ਹਨ। ਰਾਮਾਸਵਾਮੀ ਨੇ ਖ਼ੁਦ ਐੱਚ-1ਬੀ ਪ੍ਰੋਗਰਾਮ ਦਾ 29 ਵਾਰ ਇਸਤੇਮਾਲ ਕੀਤਾ ਹੈ। ਅਖ਼ਬਾਰ 'ਦਿ ਪੋਲੀਟਿਕੋ' ਦੀ ਖ਼ਬਰ ਮੁਤਾਬਕ 2018 ਤੋਂ 2023 ਤੱਕ ਅਮਰੀਕਾ ਨਾਗਰਿਕ ਤੇ ਇਮੀਗ੍ਰੇਸ਼ਨ ਸੇਵਾ ਨੇ ਕਾਮਿਆਂ ਨੂੰ ਐੱਚ-1ਬੀ ਵੀਜ਼ਾ ਪ੍ਰੋਗਰਾਮ ਤਹਿਤ ਭਰਤੀ ਕਰਨ ਲਈ ਰਾਮਾਸਵਾਮੀ ਦੀ ਪਿਛਲੀ ਕੰਪਨੀ ਰੋਇਵੇਂਟ ਸਾਇੰਸਿਜ਼ ਨੂੰ 29 ਵਾਰ ਮਨਜ਼ੂਰੀ ਦਿੱਤੀ ਹੈ। ਫਿਰ ਵੀ, ਅਖ਼ਬਾਰ ਨੇ 38 ਸਾਲਾ ਉੱਦਮੀ ਦੇ ਹਵਾਲੇ ਨਾਲ ਕਿਹਾ ਕਿ ਐੱਚ-1ਬੀ ਪ੍ਰਣਾਲੀ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਲਈ ਖ਼ਰਾਬ ਹੈ।

# ਕੈਨੇਡਾ ਦੇ ਬੀ.ਸੀ. 'ਚ ਸਿੱਖ ਵਿਦਿਆਰਥੀ 'ਤੇ ਹਮਲਾ

ਟੋਰਾਂਟੋ- ਭਾਰਤ ਨੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਹਾਈ ਸਕੂਲ ਦੇ 17 ਸਾਲਾ ਸਿੱਖ ਵਿਦਿਆਰਥੀ 'ਤੇ ਹਮਲੇ ਅਤੇ ਰਿੱਛ ਨੂੰ ਭਜਾਉਣ/ਡਰਾਉਣ ਵਾਲੀ ਸਪਰੇਅ ਵਰਤਣ ਦੀ ਨਿਖੇਧੀ ਕੀਤੀ ਹੈ। ਵੈਨਕੂਵਰ ਸਥਿਤ ਭਾਰਤੀ ਕੌਂਸੁਲੇਟ ਜਨਰਲ ਨੇ ਸਥਾਨਕ ਅਥਾਰਿਟੀਜ਼ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਪੂਰੇ ਮਾਮਲੇ ਦੀ ਜਾਂਚ ਕਰਕੇ ਸਾਜ਼ਿਸ਼ਘਾੜਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਇਹ ਘਟਨਾ 11 ਸਤੰਬਰ ਦੀ ਦੱਸੀ ਜਾਂਦੀ ਹੈ ਤੇ ਜਦੋਂ ਹਮਲਾ ਹੋਇਆ ਉਦੋਂ ਸਿੱਖ ਵਿਦਿਆਰਥੀ ਕੇਲੋਵਨਾ ਵਿੱਚ ਸਕੂਲ ਤੋਂ ਆਪਣੇ ਘਰ ਪਰਤ ਰਿਹਾ ਸੀ। ਕੇਲੋਵਨਾ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਨੇ ਇਕ ਬਿਆਨ ਵਿੱਚ ਕਿਹਾ ਕਿ ਸਿੱਖ ਵਿਦਿਆਰਥੀ 'ਤੇ ਹਮਲਾ ਓਕਾਨਾਗਨ ਸ਼ਹਿਰ ਵਿੱਚ ਰੁਟਲੈਂਡ ਰੋਡ ਤੇ ਰੋਬਸਨ ਰੋਡ ਦੇ ਚੌਰਾਹੇ 'ਤੇ ਬੱਸ ਸਟਾਪ ਨਜ਼ਦੀਕ ਸ਼ਾਮੀਂ 4 ਵਜੇ ਦੇ ਕਰੀਬ ਹੋਇਆ। ਰੌਇਲ ਪੁਲੀਸ ਨੇ ਹਮਲੇ ਦੇ ਦੋਸ਼ ਵਿੱਚ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਉਧਰ ਕੈਨੇਡਾ ਦੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਕ ਬਿਆਨ ਵਿੱਚ ਹਮਲੇ ਦੀ ਨਿਖੇਧੀ ਕੀਤੀ ਹੈ।

# ਸਿਦਕਦੀਪ ਸਿੰਘ ਨੇ ਬਣਾਇਆ ਸਭ ਤੋਂ ਲੰਮੇ ਕੇਸਾਂ ਦਾ ਰਿਕਾਰਡ

ਨਵੀਂ ਦਿੱਲੀ- ਉੱਤਰ ਪ੍ਰਦੇਸ਼ ਦੇ 15 ਸਾਲਾ ਸਿੱਖ ਬੱਚੇ ਸਿਦਕਦੀਪ ਸਿੰਘ ਚਾਹਲ ਨੇ ਇਕ ਵਿਲੱਖਣ ਵਿਸ਼ਵ ਰਿਕਾਰਡ ਬਣਾਇਆ ਹੈ, ਜਿਸ ਨੂੰ ਗਿੰਨੀਜ਼ ਬੁੱਕ ਨੇ ਵੀ ਮਾਨਤਾ ਦਿੱਤੀ ਹੈ। ਨੋਇਡਾ 'ਚ ਰਹਿੰਦੇ ਇਸ ਬੱਚੇ ਦੀ ਖ਼ਾਸੀਅਤ ਇਹ ਹੈ ਕਿ ਉਸ ਦੇ ਕੇਸ ਦੁਨੀਆ 'ਚ ਸਭ ਤੋਂ ਲੰਮੇ ਹਨ। ਦੁਨੀਆ 'ਚ ਕਿਸੇ ਵੀ ਮਰਦ ਦੇ ਕੇਸ (ਵਾਲ) ਇੰਨੇ ਲੰਮੇ ਨਹੀਂ ਹਨ। ਸਿਦਕਦੀਪ ਸਿੰਘ ਦੇ ਵਾਲਾਂ ਦੀ ਲੰਬਾਈ 4 ਫੁੱਟ ਸਾਢੇ ਨੌਂ ਇੰਚ (146.05 ਸੈਂਟੀਮੀਟਰ) ਹੈ। ਉਹ ਆਪਣੇ ਇਨ੍ਹਾਂ ਕੇਸਾਂ ਨੂੰ ਵਾਹਿਗੁਰੂ ਦਾ ਤੋਹਫ਼ਾ ਕਰਾਰ ਦਿੰਦਾ ਹੈ। ਉਸ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੂੰ ਆਪਣੇ ਕੇਸ ਧੋਣ 'ਚ ਹੀ 20 ਮਿੰਟ ਲੱਗ ਜਾਂਦੇ ਹਨ ਤੇ ਫਿਰ ਉਨ੍ਹਾਂ ਨੂੰ ਸੁਕਾਉਣ 'ਚ ਵੀ ਅੱਧਾ ਘੰਟਾ ਲੱਗਦਾ ਹੈ। ਉਸ ਤੋਂ ਬਾਅਦ ਉਨ੍ਹਾਂ 'ਚ 10 ਤੋਂ 15 ਮਿੰਟ ਬਰੱਸ਼ ਮਾਰਨਾ ਪੈਂਦਾ ਹੈ ਤੇ ਇਸ ਕਾਰਜ 'ਚ ਉਸ ਦੀ ਮਾਂ ਪੂਰਾ ਸਾਥ ਦਿੰਦੀ ਹੈ। ਉਸ ਦਾ ਇਹ ਵੀ ਕਹਿਣਾ ਹੈ ਕਿ ਜੇ ਉਸ ਦੀ ਮਾਂ ਇਸ ਮਾਮਲੇ 'ਚ ਸਾਥ ਨਾ ਦਿੰਦੀ, ਤਾਂ ਉਹ ਕਦੇ ਵੀ ਇਹ ਰਿਕਾਰਡ ਕਾਇਮ ਨਹੀਂ ਕਰ ਸਕਦਾ ਸੀ।

# ਅਰਥਚਾਰੇ ’ਚ ਤਰੱਕੀ ਦੇ ਮਾਪਦੰਡਾਂ ਬਾਰੇ ਸਵਾਲ



ਡਾ.ਸ ਸ ਛੀਨਾ

ਭਾਰਤ ਭਾਵੇਂ 5 ਟ੍ਰਿਲੀਅਨ ਡਾਲਰ (ਪੰਜ ਲੱਖ ਕਰੋੜ ਡਾਲਰ) ਵਾਲਾ ਅਰਥਚਾਰਾ ਤਾਂ ਨਹੀਂ ਬਣ ਸਕਿਆ ਪਰ ਪਿਛਲੇ ਸਾਲ ਇੰਗਲੈਂਡ ਨੂੰ ਪਛਾੜ ਕੇ ਦੁਨੀਆ ਦਾ ਪੰਜਵਾਂ ਅਰਥਚਾਰਾ ਜ਼ਰੂਰ ਬਣ ਗਿਆ ਹੈ। ਅਰਥਚਾਰੇ ਦੇ ਆਕਾਰ ਨੂੰ ਉਸ ਦੇਸ਼ ਵਿਚ ਇਕ ਸਾਲ ਵਿਚ ਪੈਦਾ ਹੋਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ (ਜੀਡੀਪੀ) ਦੇ ਆਧਾਰ ’ਤੇ ਮਾਪਿਆ ਜਾਂਦਾ ਹੈ। ਇਹ ਵਸਤੂਆਂ ਅਤੇ ਸੇਵਾਵਾਂ ਦੇਸ਼ ਦੀ ਵਸੋਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਹਨ। ਜੇ ਭਾਰਤ ਵਸੋਂ ਦੇ ਆਕਾਰ ਵਿਚ ਪਹਿਲੇ ਨੰਬਰ ’ਤੇ ਪਹੁੰਚ ਗਿਆ ਹੈ ਤਾਂ ਉਸ ਹਿਸਾਬ ਜੇ ਇਸ ਦੀ ਵਸੋਂ ਵੱਲੋਂ ਪੂਰਾ ਉਤਪਾਦਨ ਕੀਤਾ ਜਾ ਰਿਹਾ ਹੋਵੇ ਤਾਂ ਭਾਰਤ ਪਹਿਲੇ ਨੰਬਰ ਦਾ ਅਰਥਚਾਰਾ ਹੋਣਾ ਚਾਹੀਦਾ ਹੈ। ਜੇ ਭਾਰਤ ਦੀ ਵਸੋਂ ਦੁਨੀਆ ਦੀ ਵਸੋਂ ਦਾ 17.6 ਫੀਸਦੀ ਹੈ ਤਾਂ ਜੀਡੀਪੀ 17.6 ਦੇ ਬਰਾਬਰ ਹੋਣਾ ਚਾਹੀਦਾ ਹੈ ਪਰ ਉਹ ਸਿਰਫ਼ 3.5 ਫੀਸਦੀ ਹੈ ਜਿਹੜੀ 2014 ਵਿਚ ਸਿਰਫ਼ 2.6 ਫੀਸਦੀ ਸੀ।

ਕੀ ਪੰਜਵਾਂ ਵੱਡਾ ਅਰਥਚਾਰਾ ਹੋਣ ਕਰ ਕੇ ਭਾਰਤ ਦੇ ਆਮ ਵਿਅਕਤੀ ਵੀ ਪੰਜਵੇਂ ਦਰਜੇ ਵਾਲੀ ਖੁਸ਼ਹਾਲੀ ਮਾਣ ਰਹੇ ਹਨ? ਇਸ ਪ੍ਰਸ਼ਨ ਦਾ ਉੱਤਰ ਹੈ ਕਿ ਬਿਲਕੁਲ ਨਹੀਂ ਸਗੋਂ ਦੁਨੀਆ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਸਭ ਤੋਂ ਜ਼ਿਆਦਾ ਗਿਣਤੀ 22 ਫੀਸਦੀ ਜਾਂ ਤਕਰੀਬਨ 30 ਕਰੋੜ ਭਾਰਤ ਵਿਚ ਹਨ। ਦੁਨੀਆ ਵਿਚ ਸਭ ਤੋਂ ਵੱਧ ਬੇਰੁਜ਼ਗਾਰਾਂ ਦੀ ਗਿਣਤੀ ਵੀ 7 ਫੀਸਦੀ ਦੇ ਕਰੀਬ ਇਥੇ ਹੈ ਅਤੇ ਫਿਰ ਦੇਸ਼ ਦੇ 3 ਕਰੋੜ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹਨ। ਥੁੜ੍ਹਾਂ ਤੇ ਆਰਥਿਕ ਮੰਦਹਾਲੀ ਆਮ ਹੀ ਨਜ਼ਰ ਆ ਜਾਂਦੀ ਹੈ। ਭਾਰਤ ਭਾਵੇਂ ਪੰਜਵਾਂ ਵੱਡਾ ਆਰਥਚਾਰਾ ਬਣ ਗਿਆ ਹੈ ਪਰ ਇਸ ਦਾ ਆਕਾਰ ਅਮਰੀਕਾ, ਜਰਮਨੀ, ਜਪਾਨ ਅਤੇ ਚੀਨ ਦੇ ਅਰਥਚਾਰੇ ਤੋਂ ਅਜੇ ਵੀ ਬਹੁਤ ਪਿੱਛੇ ਹੈ।

ਅਮਰੀਕਾ ਦਾ ਜੀਡੀਪੀ 26.85 ਖਰਬ ਡਾਲਰ ਹੈ ਜਦੋਂਕਿ ਭਾਰਤ ਦਾ ਇਸ ਤੋਂ 7ਵੇਂ ਹਿੱਸੇ ਦੇ ਬਰਾਬਰ 3.74 ਅਰਬ ਡਾਲਰ ਹੈ। ਇੰਨੇ ਹੀ ਵਸੋਂ ਵਾਲੇ ਅਕਾਰ ਵਾਲੇ ਦੇਸ਼ ਚੀਨ ਦਾ ਜੀਡੀਪੀ ਵੀ 19.37 ਖਰਬ ਡਾਲਰ ਹੈ ਜਿਹੜਾ ਦੂਸਰੇ ਨੰਬਰ ’ਤੇ ਹੈ। ਜਪਾਨ ਅਤੇ ਜਰਮਨੀ ਦੀ ਵਸੋਂ ਭਾਵੇਂ ਕਿੰਨੀ ਘੱਟ ਹੈ, ਉਨ੍ਹਾਂ ਦਾ ਜੀਡੀਪੀ ਵੀ 4.41 ਖਰਬ ਡਾਲਰ ਅਤੇ 4.31 ਖਰਬ ਡਾਲਰ ਹੈ।

ਖੁਸ਼ਹਾਲੀ ਮਾਪਣ ਲਈ ਪ੍ਰਤੀ ਵਿਅਕਤੀ ਆਮਦਨ ਨੂੰ ਵੀ ਪੈਮਾਨਾ ਮੰਨਿਆ ਜਾਂਦਾ ਹੈ। ਉਸ ਹਿਸਾਬ ਭਾਰਤ ਕਿਤੇ ਪਿੱਛੇ ਹੈ। ਉਂਝ ਵੀ ਪ੍ਰਤੀ ਵਿਅਕਤੀ ਆਮਦਨ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਸਹੀ ਤਸਵੀਰ ਨਹੀਂ ਦੱਸਦੀ ਕਿਉਂ ਜੋ ਭਾਰਤ ਵਿਚ ਕਈ ਉਹ ਅਮੀਰ ਘਰਾਣੇ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਸੈਂਕੜੇ ਕਰੋੜ ਰੁਪਏ ਹੈ ਪਰ ਜ਼ਿਆਦਾ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਦੀ ਔਸਤ ਆਮਦਨ 10 ਹਜ਼ਾਰ ਰੁਪਏ ਤੋਂ ਵੀ ਘੱਟ ਹੈ। ਇਕ ਤਰਫ 3 ਲੱਖ ਰੁਪਏ ਤਨਖਾਹ ਲੈਣ ਵਾਲੇ ਅਤੇ ਦੂਸਰੀ ਤਰਫ 6 ਹਜ਼ਾਰ ਤਨਖਾਹ ਲੈਣ ਵਾਲੇ। ਫਿਰ ਵੀ ਜੇ ਵੱਖ ਵੱਖ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਦੀ ਤਸਵੀਰ ’ਤੇ ਨਜ਼ਰ ਮਾਰੀ ਜਾਵੇ ਤਾਂ ਇਹ ਪਤਾ ਲੱਗਦਾ ਹੈ ਕਿ ਭਾਰਤ ਭਾਵੇਂ ਪੰਜਵੇਂ ਨੰਬਰ ਦਾ ਅਰਥਚਾਰਾ ਬਣ ਗਿਆ ਹੈ ਪਰ ਇਸ ਦੀ ਪ੍ਰਤੀ ਵਿਅਕਤੀ ਆਮਦਨ ਅਮਰੀਕਾ ਦੀ ਪ੍ਰਤੀ ਵਿਅਕਤੀ ਆਮਦਨ ਤੋਂ 30 ਗੁਣਾਂ ਤੋਂ ਵੀ ਜ਼ਿਆਦਾ ਘਟ ਹੈ; ਇਥੋਂ ਤਕ ਕਿ ਆਸਟਰੇਲੀਆ ਜਿਹੜੇ ਪਹਿਲੇ 8 ਦੇਸ਼ਾਂ ਵਿਚ ਵੀ ਨਹੀਂ ਆਉਂਦਾ, ਉਸ ਦੀ ਪ੍ਰਤੀ ਵਿਅਕਤੀ ਆਮਦਨ 60797 ਡਾਲਰ ਪ੍ਰਤੀ ਸਾਲ ਹੈ। ਭਾਰਤ ਵਿਚ ਇਹ ਸਿਰਫ਼ 2085 ਡਾਲਰ ਹੈ।

ਪ੍ਰਤੀ ਵਿਅਕਤੀ ਆਮਦਨ ਭਾਵੇਂ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਪ੍ਰਤੀਕ ਨਹੀਂ, ਫਿਰ ਵੀ ਇਸ ਤੋਂ ਉਸ ਦੇਸ਼ ਦੇ ਆਮ ਵਿਅਕਤੀ ਦੀ ਆਰਥਿਕ ਹਾਲਤ ਅਤੇ ਉਸ ਦੇ ਰਹਿਣ ਸਹਿਣ ਦਾ ਅੰਦਾਜ਼ਾ ਹੋ ਜਾਂਦਾ ਹੈ। ਕੈਨੇਡਾ ਵਰਗਾ ਦੇਸ਼ ਜਿਹੜਾ ਅਰਥਚਾਰੇ ਦੇ ਕੁੱਲ ਆਕਾਰ ਦੇ ਹਿਸਾਬ ਭਾਰਤ ਤੋਂ ਕਿਤੇ ਪਿੱਛੇ ਹੈ, ਉਥੋਂ ਦੀ ਪ੍ਰਤੀ ਵਿਅਕਤੀ ਆਮਦਨ 54966 ਡਾਲਰ ਹੈ ਜਿਹੜੀ ਭਾਰਤ ਤੋਂ 25 ਗੁਣਾ ਤੋਂ ਵੀ ਜ਼ਿਆਦਾ ਹੈ। ਇਸੇ ਤਰ੍ਹਾਂ ਭਾਵੇਂ ਜਰਮਨੀ ਹੈ ਤਾਂ ਚੌਥੇ ਦਰਜੇ ਦਾ ਅਰਥਚਾਰਾ ਹੈ ਪਰ ਉਸ ਦੀ ਪ੍ਰਤੀ ਵਿਅਕਤੀ



ਆਮਦਨ 48562 ਡਾਲਰ ਹੈ। ਚੀਨ ਜਿਸ ਦੀ ਵਸੋਂ ਭਾਰਤ ਦੇ ਤਕਰੀਬਨ ਬਰਾਬਰ ਹੈ ਅਤੇ ਅਰਥਚਾਰੇ ਦੇ ਆਕਾਰ ਦੇ ਹਿਸਾਬ ਇਹ ਦੂਸਰੇ ਦਰਜੇ ’ਤੇ ਹੈ, ਦੀ ਪ੍ਰਤੀ ਵਿਅਕਤੀ ਆਮਦਨ 11560 ਡਾਲਰ (ਭਾਰਤ ਤੋਂ 5 ਗੁਣਾ ਤੋਂ ਵੀ ਜ਼ਿਆਦਾ) ਹੈ।

ਅਰਥਚਾਰੇ ਦੇ ਆਕਾਰ ਦੇ ਹਿਸਾਬ ਜੇ ਭਾਰਤ ਪੰਜਵੇਂ ਦਰਜੇ ’ਤੇ ਹੈ, ਆਉਣ ਵਾਲੇ ਸਮੇਂ ਵਿਚ ਉਮੀਦ ਕੀਤੀ ਜਾਂਦੀ ਹੈ ਕਿ ਇਹ ਸ਼ਾਇਦ ਤੀਸਰੇ ਦਰਜੇ ’ਤੇ ਆ ਜਾਵੇ ਪਰ ਇਸ ਦੇ ਬਾਵਜੂਦ ਭਾਰਤ ਵਿਚ ਆਮ ਮੰਦਹਾਲੀ ਹੈ। ਇਸ ਦੀ ਵੱਡੀ ਵਜ੍ਹਾ ਇਥੋਂ ਦੀ ਆਮਦਨ ਅਤੇ ਇਸ ਦੇ ਧਨ ਦੀ ਨਾ-ਬਰਾਬਰੀ ਹੈ।

ਔਕਸਫੈਮ ਦੀ ਰਿਪੋਰਟ ਅਨੁਸਾਰ ਇਥੋਂ ਦੀ ਇਕ ਫੀਸਦੀ ਵਸੋਂ ਕੋਲ ਦੇਸ਼ ਦੇ ਧਨ ਦਾ 40.5 ਫੀਸਦੀ ਹਿੱਸਾ ਹੈ ਅਤੇ ਹੇਠਲੇ 50 ਫੀਸਦੀ ਜਾਂ ਤਕਰੀਬਨ 70 ਕਰੋੜ ਲੋਕਾਂ ਕੋਲ ਸਿਰਫ਼ 3 ਫੀਸਦੀ ਧਨ ਹੈ। 2022 ਤਕ ਕਰੋਨਾ ਤੋਂ ਪ੍ਰਭਾਵਿਤ ਹੋ ਕੇ ਭਾਰਤ ਵਿਚ ਭੁੱਖਮਰੀ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਵਧ ਕੇ 35 ਕਰੋੜ ਹੋ ਗਈ ਸੀ। 2020 ਵਿਚ ਇਹ 19 ਕਰੋੜ ਸੀ। ਬਹੁਤ ਸਾਰੇ ਨੀਤੀਵਾਨਾਂ ਦਾ ਇਹ ਵਿਸ਼ਵਾਸ ਹੈ ਕਿ ਜਿੰਨਾ ਚਿਰ ਭਾਰਤ ਵਿਚ ਧਨ ਅਤੇ ਆਮਦਨ ਨਾ-ਬਰਾਬਰੀ ਰਹੇਗੀ, ਭਾਰਤ ਵਿਚ ਆਮ ਖੁਸ਼ਹਾਲੀ ਹੋ ਹੀ ਨਹੀਂ ਸਕਦੀ।

ਜਿਨ੍ਹਾਂ ਦੇਸ਼ਾਂ ਨੂੰ ਪਛਾੜ ਕੇ ਭਾਰਤ ਪੰਜਵੇਂ ਨੰਬਰ ’ਤੇ ਪਹੁੰਚਿਆ ਹੈ, ਉਨ੍ਹਾਂ ਦੇਸ਼ਾਂ ਵਿਚ ਰਹਿਣ-ਸਹਿਣ ਤੋਂ ਇਲਾਵਾ ਜੇ ਉਨ੍ਹਾਂ ਦੇਸ਼ਾਂ ਦੀ ਸਮਾਜਿਕ ਸੁਰੱਖਿਆ ਵੱਲ ਨਜ਼ਰ ਮਾਰੀਏ ਤਾਂ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਨ੍ਹਾਂ ਦੇਸ਼ਾਂ ਵਿਚ ਇਕ ਤਾਂ ਬੇਰੁਜ਼ਗਾਰੀ ਹੈ ਹੀ ਨਹੀਂ ਪਰ ਜੇ ਹੈ ਤਾਂ ਉਸ ਦਾ ਹੱਲ ਬੇਰੁਜ਼ਗਾਰੀ ਭੱਤਾ ਵੀ ਉਸ ਸਮੇਂ ਲਈ ਦਿੱਤਾ ਜਾਂਦਾ ਹੈ ਜਿੰਨਾ ਚਿਰ ਉਹ ਬੇਰੁਜ਼ਗਾਰ ਰਹਿੰਦੇ ਹਨ। ਬੁਢਾਪਾ ਪੈਨਸ਼ਨ ਉਨ੍ਹਾਂ ਦੇ ਰਹਿਣ-ਸਹਿਣ ਦੇ ਉੱਚੇ ਮਿਆਰ ਲਈ ਕਾਫੀ ਹੁੰਦੀ ਹੈ ਨਾ ਕਿ ਮਾਮੂਲੀ, ਟੋਕਨ ਬੁਢਾਪਾ ਪੈਨਸ਼ਨ। ਫਿਰ ਮੁਫਤ ਸਕੂਲੀ ਵਿਦਿਆ, ਮੁਫਤ ਇਲਾਜ ਅਤੇ ਸਭ ਤੋਂ ਵੱਧ, ਉਥੋਂ ਦੀ ਆਮਦਨ ਬਰਾਬਰੀ ਇਸ ਗੱਲ ਤੋਂ ਹੀ ਨਜ਼ਰ ਆ ਜਾਂਦੀ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਕੋਈ ਵੀ ਬੰਦਾ ਕਿਸੇ ਹੋਰ ਨੂੰ ਨੌਕਰ ਨਹੀਂ ਰੱਖ ਸਕਦਾ। ਇਹੋ ਵਜ੍ਹਾ ਹੈ ਕਿ ਮੰਤਰੀਆਂ ਕੋਲ ਵੀ ਡਰਾਈਵਰ ਦੀ ਸਹੂਲਤ ਕੁਝ ਹਾਲਾਤ ਵਿਚ ਹੀ ਹੈ। ਉਥੇ ਕਿਸੇ ਵੀ ਘਰ ਵਿਚ ਘਰੇਲੂ ਨੌਕਰ ਨਹੀਂ, ਬਾਲ ਮਜ਼ਦੂਰੀ ਦਾ ਨਾਂ ਨਿਸ਼ਾਨ ਨਹੀਂ। ਇਸ ਲਈ ਉਹ ਦੇਸ਼ ਭਾਵੇਂ 6ਵੇਂ, 7ਵੇਂ ਜਾਂ ਕਿਸੇ ਵੀ ਦਰਜੇ ਦੇ ਅਰਥਚਾਰੇ ਵਾਲੇ ਹੋਣ, ਉਨ੍ਹਾਂ ਦੇਸ਼ਾਂ ਵਿਚ ਆਮ ਖੁਸ਼ਹਾਲੀ ਹੈ ਜਿਹੜੀ ਭਾਰਤ ਦੇ ਪੰਜਵੇਂ ਸਥਾਨ ’ਤੇ ਪਹੁੰਚ ਕੇ ਵੀ ਅਜੇ ਕਿਤੇ ਦੂਰ ਦੀ ਗੱਲ ਜਾਪਦੀ ਹੈ।

ਭਾਰਤ ਦੀ ਸਿਰਫ਼ 2085 ਡਾਲਰ ਪ੍ਰਤੀ ਵਿਅਕਤੀ ਆਮਦਨ ਇਸ ਦੇਸ਼ ਨੂੰ ਤਕਰੀਬਨ 100ਵੇਂ ਦਰਜੇ ਦਾ ਦੇਸ਼ ਬਣਾਉਂਦੀ ਹੈ ਪਰ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਨੂੰ ਕਿਸੇ ਤਰ੍ਹਾਂ ਵੀ ਖੁਸ਼ਹਾਲੀ ਦਾ ਸੂਚਕ ਨਹੀਂ ਮੰਨਿਆ ਜਾ ਸਕਦਾ। 2085 ਡਾਲਰਾਂ ਦਾ ਅਰਥ ਹੈ ਕਿ ਭਾਰਤ ਵਿਚ ਹਰ ਵਿਅਕਤੀ ਦੀ ਔਸਤ ਆਮਦਨ ਤਕਰੀਬਨ 1.5 ਲੱਖ ਰੁਪਏ ਦੇ ਬਰਾਬਰ ਹੈ ਪਰ ਕੀ ਆਮ ਬੰਦੇ ਦੀ ਸਮਝ ਵਿਚ ਇਹ ਗੱਲ ਆ ਸਕਦੀ ਹੈ ਕਿ ਭਾਰਤ ਦੇ 5 ਜੀਆਂ ਵਾਲੇ ਹਰ ਪਰਿਵਾਰ ਨੂੰ ਸਾਲਾਨਾ 7.5 ਲੱਖ ਰੁਪਏ ਆਮਦਨ ਆ ਰਹੀ ਹੈ। ਅਸਲ ਵਿਚ ਭਾਰਤ ਵਿਚ ਆਮਦਨ ਦੀ ਨਾ-ਬਰਾਬਰੀ ਲਗਾਤਾਰ ਵਧਦੀ ਹੀ ਗਈ ਹੈ।

ਭਾਰਤ ਦੀ ਸੁਤੰਤਰਤਾ ਸਮੇਂ ਬਣੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਇਹ ਗੱਲ ਕਹੀ ਗਈ ਸੀ ਕਿ ਭਾਰਤ ਵਿਚ ਸਮਾਜਵਾਦੀ ਢਾਂਚਾ ਕਾਇਮ ਕੀਤਾ ਜਾਵੇਗਾ। ਇਸ ਦਾ ਸਪੱਸ਼ਟ ਅਰਥ ਸੀ ਕਿ ਆਮਦਨ ਬਰਾਬਰੀ ਬਣਾਈ ਜਾਵੇਗੀ। ਇਸ ਲਈ ਸ਼ੁਰੂ ਵਿਚ ਇਕ ਤਾਂ ਜ਼ਮੀਨ ਦੀ ਉਪਰਲੀ ਸੀਮਾ ਤੈਅ ਕੀਤੀ ਗਈ ਅਤੇ ਨਿੱਜੀ ਕਾਰੋਬਾਰਾਂ ਦੀ ਜਗ੍ਹਾ ਜਨਤਕ ਜਾਂ ਸਰਕਾਰੀ ਕਾਰੋਬਾਰ ਸ਼ੁਰੂ ਕੀਤੇ ਗਏ ਪਰ ਸਰਕਾਰੀ ਕਾਰੋਬਾਰ ਪ੍ਰਬੰਧਕੀ ਅਯੋਗਤਾ ਕਰ ਕੇ ਘਾਟੇ ਵਿਚ ਜਾਣੇ ਸ਼ੁਰੂ ਹੋ ਗਏ ਅਤੇ ਇਕ ਤੋਂ ਬਾਅਦ ਇਕ ਬੰਦ ਹੁੰਦੇ ਗਏ।

1991 ਵਿਚ ਵਿਸ਼ਵ ਵਿਚ ਆਈਆਂ ਵੱਡੀਆਂ ਆਰਥਿਕ ਤਬਦੀਲੀਆਂ ਤੋਂ ਬਾਅਦ ਭਾਰਤ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਕਰ ਕੇ ਨਿੱਜੀਕਰਨ ਨੂੰ ਇੰਨੀਆਂ ਖੁੱਲ੍ਹਾਂ ਦਿੱਤੀਆਂ ਗਈਆਂ ਕਿ ਠੇਕੇ ਦੇ ਕਿਰਤੀਆਂ ਦੀ ਗਿਣਤੀ ਲਗਾਤਾਰ ਵਧਦੀ ਗਈ। ਇਸੇ ਕਰ ਕੇ ਸਮਾਜਕ ਸੁਰੱਖਿਆ ਦਾ ਜਿਹੜਾ ਕੰਮ 1950 ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ, ਉਹ ਲਗਾਤਾਰ ਘਟਦਾ ਗਿਆ।

ਕਾਰਪੋਰੇਟ ਸੈਕਟਰ ਦੇ ਲਗਾਤਾਰ ਵਧਣ ਕਰ ਕੇ ਕਈ ਕਾਰਪੋਰੇਟ ਤਾਂ ਹਜ਼ਾਰਾਂ-ਕਰੋੜਾਂ ਰੁਪਏ ਸਾਲਾਨਾ ਕਮਾ ਰਹੇ ਹਨ, ਉਸ ਹਾਲਤ ਵਿਚ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਕਿਸ ਤਰ੍ਹਾਂ ਆਮ ਖੁਸ਼ਹਾਲੀ ਦਾ ਅੰਦਾਜ਼ਾ ਲਾਇਆ ਜਾਵੇਗਾ? ਟੈਕਸ ਦੇਣ ਵਾਲਿਆਂ ਦੀ ਗਿਣਤੀ 140 ਕਰੋੜ ਵਿਚੋਂ 3 ਕਰੋੜ ਵੀ ਨਹੀਂ ਅਤੇ ਬਾਕੀ ਆਮਦਨ ਕਰ ਦੇ ਘੇਰੇ ਵਿਚ ਨਹੀਂ ਆਉਂਦੇ।

SINGH WORLD travel
Lycamobile
Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991

TANVIR Tour & Travels
FRESNO
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com
(559) 803-0055
www.tanvirtravels.com

# ਪੰਜਾਬ ਤੋਂ ਵਿਦਿਆਰਥੀਆਂ ਦਾ ਪਰਵਾਸ ਅਤੇ ਇਸ ਦੇ ਅਸਰ



ਸੁੱਚਾ ਸਿੰਘ ਗਿੱਲ

ਕਿਸੇ ਵੀ ਵਰਤਾਰੇ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਸ ਦੇ ਸਾਰੇ ਪੱਖ ਵਿਚਾਰੇ ਜਾਣ। ਸਾਡੀ ਜ਼ਿੰਦਗੀ ਵਿਚ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਹੋਰ ਪਹਿਲੂ ਆਪਸ ਵਿਚ ਜੈਵਿਕ ਤੌਰ ਨਾਲ ਜੁੜੇ ਹੋਏ ਹਨ। ਇਹ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਵਿਚੋਂ ਕਿਸੇ ਇੱਕ ਬਾਰੇ ਵਿਚਾਰ ਕਰਦੇ ਸਮੇਂ ਉਸ ਨਾਲ ਸਬੰਧਿਤ ਦੂਜੇ ਪਹਿਲੂਆਂ ਨੂੰ ਵਿਚਾਰਨ ਬਗੈਰ ਉਸ ਵਰਤਾਰੇ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ। ਇਹ ਪਹਿਲੂ ਸਮੇਂ ਨਾਲ ਬਦਲਦੇ ਰਹਿੰਦੇ ਹਨ ਅਤੇ ਇਨ੍ਹਾਂ ਦੀ ਤਬਦੀਲੀ ਦੀ ਦਰ ਤੇ ਦਿਸ਼ਾ ਅਲੱਗ ਅਲੱਗ ਹੋ ਸਕਦੀ ਹੈ। ਇਸ ਕਰ ਕੇ ਕਿਸੇ ਵਰਤਾਰੇ ਨੂੰ ਵਿਚਾਰਦੇ ਸਮੇਂ ਤਬਦੀਲੀ ਅਤੇ ਉਸ ਦੀ ਦਿਸ਼ਾ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ। ਕਿਹਾ ਜਾਂਦਾ ਹੈ ਕਿ 'ਤਬਦੀਲੀ ਕੁਦਰਤ ਦਾ ਨਿਯਮ ਹੈ', ਇਸ ਪ੍ਰਸੰਗ ਵਿਚ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਪੰਜਾਬ 'ਤੇ ਪੈ ਰਹੇ ਪ੍ਰਭਾਵਾਂ ਨੂੰ ਸਮਝਣਾ ਬਣਦਾ ਹੈ।

ਪੰਜਾਬ ਤੋਂ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਇਹ ਮੁੱਖ ਤੌਰ 'ਤੇ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ, ਅਮਰੀਕਾ ਆਦਿ ਪੱਛਮੀ ਦੇਸ਼ਾਂ ਦੇ ਕਾਲਜਾਂ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ। ਇਨ੍ਹਾਂ ਦੇਸ਼ਾਂ ਵਿਚ ਇਨ੍ਹਾਂ ਵਿਦਿਆਰਥੀਆਂ ਨੂੰ ਪਹਿਲਾਂ ਦੇ ਮੁਕਾਬਲੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਨੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ, ਪਰਿਵਾਰਾਂ, ਆਰਥਿਕਤਾ, ਪ੍ਰਸ਼ਾਸਨ ਅਤੇ ਸਭਿਆਚਾਰ 'ਤੇ ਪ੍ਰਭਾਵ ਪੈ ਰਿਹਾ ਹੈ। ਇਨ੍ਹਾਂ ਮਸਲਿਆਂ ਬਾਰੇ ਵਿਚਾਰਾਂ ਨੂੰ ਸਰਲਤਾ ਵਾਸਤੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ ਵਿਦਿਆਰਥੀਆਂ ਦੀ ਵਿਦੇਸ਼ਾਂ ਵਿਚ ਬਦਲਦੀ ਪ੍ਰੋਫਾਈਲ ਨੂੰ ਸਮਰਪਿਤ ਹੈ। ਦੂਜੇ ਭਾਗ ਵਿਚ ਅੱਜ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਹੈ। ਤੀਜੇ ਭਾਗ ਵਿਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੇ ਵਿਦਿਅਕ ਸੰਸਥਾਵਾਂ, ਸੂਬੇ ਦੀ ਆਰਥਿਕਤਾ, ਪ੍ਰਸ਼ਾਸਨ ਤੇ ਸਭਿਆਚਾਰਕ ਪ੍ਰਭਾਵਾਂ ਬਾਰੇ ਚਰਚਾ ਹੈ। ਅਖੀਰਲੇ ਹਿੱਸੇ ਵਿਚ ਕੁਝ ਵਿਚਾਰਨ ਵਾਲੇ ਨੁਕਤੇ ਪੇਸ਼ ਕੀਤੇ ਹਨ।

ਪੰਜਾਬ ਤੋਂ ਵਿਦੇਸ਼ਾਂ ਵਿਚ ਵਿਦਿਆਰਥੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਯੂਨੀਵਰਸਿਟੀਆਂ ਵਿਚ ਦਾਖ਼ਲੇ ਲੈ ਕੇ ਪੜ੍ਹਨ ਜਾ ਰਹੇ ਹਨ। ਗ਼ਦਰ ਲਹਿਰ ਦੇ ਮੋਢੀਆਂ ਵਿਚੋਂ ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਚ ਪੜ੍ਹਾਈ ਲਈ ਦਾਖਲਾ ਲਿਆ ਸੀ। ਉਸ ਸਮੇਂ ਭਾਰਤ ਬਰਤਾਨੀਆ ਦੀ ਕਾਲੋਨੀ ਸੀ ਅਤੇ ਵਿਦਿਆਰਥੀਆਂ ਨੂੰ ਆਪਣੇ ਖਰਚੇ ਦਾ ਪ੍ਰਬੰਧ ਆਪ ਕਰਨਾ ਪੈਂਦਾ ਸੀ। ਇਸ ਕਰ ਕੇ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਗਿਣਤੀ ਦੇ ਵਿਦਿਆਰਥੀ ਹੀ ਪਹੁੰਚ ਸਕਦੇ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਨੂੰ ਬਤੌਰ ਆਜ਼ਾਦ ਦੇਸ਼, ਬਰਤਾਨੀਆ ਨੇ ਕਾਮਨਵੈਲਥ ਦੇਸ਼ਾਂ ਦੇ ਸੰਗਠਨ ਵਿਚ ਸ਼ਾਮਲ ਕੀਤਾ ਤਾਂ ਭਾਰਤੀ ਮੂਲ ਦੇ ਵਿਦਿਆਰਥੀਆਂ ਵਾਸਤੇ ਕਾਮਨਵੈਲਥ ਵਜ਼ੀਫ਼ੇ ਕਾਇਮ ਕੀਤੇ ਗਏ। ਇਹ ਵਜ਼ੀਫ਼ੇ ਆਮ ਤੌਰ 'ਤੇ ਯੋਗਤਾ ਦੇ ਆਧਾਰ 'ਤੇ ਦਿੱਤੇ ਜਾਂਦੇ ਸਨ। ਬਰਤਾਨੀਆ ਕਾਮਨਵੈਲਥ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਵਜ਼ੀਫ਼ੇ ਲਈ ਚੁਣੇ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਸ਼ਨ/ਪੀਐੱਚਡੀ ਲਈ ਦਾਖਲਾ ਦਿੱਤਾ ਜਾਂਦਾ ਸੀ। ਇਹ ਵਿਦਿਆਰਥੀ ਬਾਂਡ ਭਰ ਕੇ ਵਿਦੇਸ਼ ਜਾਂਦੇ ਸਨ ਅਤੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਭਾਰਤ ਦੀਆਂ ਯੂਨੀਵਰਸਿਟੀਆਂ ਕਾਲਜਾਂ ਵਿਚ ਪੜ੍ਹਾਉਣ ਅਤੇ ਖੋਜ ਦਾ ਕੰਮ ਕਰਦੇ ਸਨ। 1960ਵਿਆਂ ਵਿਚ ਅਮਰੀਕਾ ਦੀ ਫੋਰਡ ਫਾਊਂਡੇਸ਼ਨ ਅਤੇ ਰਾਕਫੈਲਰ ਫਾਊਂਡੇਸ਼ਨ ਦੇ ਅਜਿਹੇ ਵਜ਼ੀਫਿਆਂ ਦਾ ਇੰਤਜ਼ਾਮ ਭਾਰਤੀ ਵਿਦਿਆਰਥੀਆਂ ਵਾਸਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਕੀਤਾ ਗਿਆ ਸੀ।

ਆਜ਼ਾਦੀ ਤੋਂ ਬਾਅਦ ਪਹਿਲੀ ਪੀੜ੍ਹੀ ਦੇ ਭਾਰਤੀ ਯੂਨੀਵਰਸਿਟੀਆਂ ਦੇ ਬਹੁਤੇ ਪ੍ਰੋਫੈਸਰਾਂ ਕੋਲ ਬਾਹਰ ਦੀਆਂ ਯੂਨੀਵਰਸਿਟੀਆਂ ਵਾਲੀਆਂ ਉੱਚ ਡਿਗਰੀਆਂ ਸਨ। ਇਹ ਵਰਤਾਰਾ 1970ਵੀਆਂ ਦੇ ਅਖੀਰ ਤੱਕ ਚਲਦਾ ਰਿਹਾ ਪਰ 1980ਵਿਆਂ ਤੋਂ ਬਾਅਦ ਇਨ੍ਹਾਂ ਦੇਸ਼ਾਂ ਵਿਚ ਨਵ-ਉਦਾਰਵਾਦੀ ਨੀਤੀਆਂ ਤੋਂ ਬਾਅਦ ਇਨ੍ਹਾਂ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਕਾਫ਼ੀ ਵਾਧਾ ਕੀਤਾ ਗਿਆ ਜਿਸ ਕਾਰਨ ਪੁਰਾਣੇ ਵਜ਼ੀਫ਼ੇ ਨਿਗੂਣੇ ਹੋ ਗਏ। ਇਸ ਨਾਲ ਭਾਰਤ ਵਿਚੋਂ ਉੱਚ ਵਿੱਦਿਆ ਲਈ ਵਿਦਿਆਰਥੀਆਂ ਦਾ ਵਹਾਅ ਘਟ ਗਿਆ। 1990ਵਿਆਂ ਦੇ ਮੱਧ ਤੋਂ ਬਾਅਦ ਭਾਰਤ ਵਿਚੋਂ ਤਕਨਾਲੋਜੀ ਦੇ ਗਰੈਜੂਏਟਾਂ ਨੇ ਬਾਹਰ ਵੱਲ, ਖਾਸ ਕਰ ਕੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵੱਲ ਵਹੀਰਾਂ ਘੱਤੀਆਂ। ਇਨ੍ਹਾਂ ਵਲੋਂ ਇੰਟਰਨੈੱਟ ਤਕਨਾਲੋਜੀ ਵਿਚ ਗਿਣਨਯੋਗ ਰੋਲ ਸਿਲੀਕੌਨ ਘਾਟੀ ਵਿਚ ਅਦਾ ਕੀਤਾ ਗਿਆ।




ਇਸ ਤੋਂ ਬਾਅਦ ਭਾਰਤ, ਖਾਸ ਕਰ ਕੇ ਪੰਜਾਬ ਵਿਚ ਵਿਦਿਆਰਥੀਆਂ ਦਾ ਪੱਛਮੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਦਾਖ਼ਲੇ ਦਾ ਰੁਝਾਨ ਕਾਫ਼ੀ ਵਧ ਗਿਆ। ਸੂਬੇ ਦੇ ਹਰ ਸ਼ਹਿਰ ਅਤੇ ਕਸਬੇ ਵਿਚ ਆਈਲੈਟਸ ਅਤੇ ਟੌਅਫਲ ਦੀ ਟ੍ਰੇਨਿੰਗ ਦੇ ਪ੍ਰਾਈਵੇਟ ਕੇਂਦਰ ਖੁੱਲ੍ਹ ਗਏ। ਇਸ ਦੇ ਨਾਲ ਹੀ ਟਰੈਵਲ ਏਜੰਟਾਂ ਦਾ ਜਾਲ਼ ਵੀ ਸੂਬੇ ਵਿਚ ਫੈਲ ਗਿਆ। ਹੁਣ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਵਿਚ ਸਿਫਤੀ ਤਬਦੀਲੀ ਆਈ ਹੈ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀਆਂ ਦੀ ਉਮਰ ਛੋਟੀ ਹੈ ਅਤੇ ਉਹ ਬਾਹਰਵੀਂ ਜਮਾਤ (10+2) ਤੋਂ ਬਾਅਦ ਆਈਲੈਟਸ ਦਾ ਇਮਤਿਹਾਨ ਪਾਸ ਕਰ ਕੇ ਬਾਹਰ ਜਾ ਰਹੇ ਹਨ। ਇਨ੍ਹਾਂ ਨੇ ਅਜੇ ਤੱਕ ਸਪੈਸ਼ਲਿਸਟਾਂ ਵਾਲੀ ਕੋਈ ਲਾਈਨ ਵੀ ਨਹੀਂ ਚੁਣੀ ਹੁੰਦੀ। ਜਿਸ ਡਿਗਰੀ ਜਾਂ ਡਿਪਲੋਮਾ ਵਿਚ ਦਾਖਲਾ ਮਿਲਦਾ ਹੈ ਅਤੇ ਜਿਸ ਕਾਲਜ ਜਾਂ ਯੂਨੀਵਰਸਿਟੀ ਵਿਚ ਮਿਲਦਾ ਹੈ, ਲੈ ਲੈਂਦੇ ਹਨ। ਇਨ੍ਹਾਂ ਕੋਲ ਕੋਈ ਵਜ਼ੀਫਾ ਜਾਂ ਸਰਕਾਰੀ ਮਦਦ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ। ਸ਼ੁਰੂ ਵਿਚ ਇਹ ਵੀਜ਼ਾ ਲੱਗਣ ਤੋਂ ਬਾਅਦ ਹਵਾਈ ਜਹਾਜ਼ ਦੀ ਟਿਕਟ, ਛੇ ਮਹੀਨਿਆਂ ਦੀ ਫੀਸ ਅਤੇ ਰਹਿਣ ਦੇ ਖਰਚੇ ਦਾ ਇੰਤਜ਼ਾਮ ਕਰ ਕੇ ਬਾਹਰ ਵਿਦੇਸ਼ ਜਾਂਦੇ ਹਨ। ਇਸ ਕਰ ਕੇ ਇਹ ਬਹੁਤ ਗਰੀਬ ਵਰਗ ਨਾਲ ਸਬੰਧਿਤ ਨਹੀਂ। ਇਹ ਵਿਦਿਆਰਥੀ ਮੱਧ ਵਰਗ ਅਤੇ ਇਸ ਤੋਂ ਉਪਰ ਦੇ ਵਰਗਾਂ ਨਾਲ ਸਬੰਧਿਤ ਹਨ। ਕਾਫੀ ਗਿਣਤੀ ਵਿਦਿਆਰਥੀ ਕਿਸਾਨਾਂ ਦੇ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਕਾਫੀ ਕਿਸਾਨ ਪਰਿਵਾਰ ਆਪਣੀਆਂ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਦਾ ਮੰਤਵ ਕੁਝ ਵਿਦਿਆ ਪ੍ਰਾਪਤ ਕਰ ਕੇ ਵਿਦੇਸ਼ਾਂ ਵਿਚ ਪੱਕੇ ਪੈਰੀਂ ਰਹਿਣ ਦਾ ਹੁੰਦਾ ਹੈ। ਇਹ ਪੰਜਾਬ ਵਾਪਸ ਨਹੀਂ ਜਾਣਾ ਚਾਹੁੰਦੇ। ਵਿਦੇਸ਼ ਪਹੁੰਚ ਕੇ ਇਨ੍ਹਾਂ ਵਿਦਿਆਰਥੀਆਂ ਨੂੰ ਕਈ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਨਵੇਂ ਮੁਲਕ ਦੇ ਸੱਭਿਆਚਾਰ ਅਤੇ ਮਾਹੌਲ ਨੂੰ ਸਮਝਣ ਅਤੇ ਉਸ ਨਾਲ ਇੱਕਮਿਕ ਹੋਣ ਵਿਚ ਵਕਤ ਲਗਦਾ ਹੈ। ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਆਉਣ ਤੋਂ ਪਹਿਲਾਂ ਜਿਸ ਮੁਲਕ ਵਿਚ ਜਾਣਾ ਹੁੰਦਾ ਹੈ, ਉਸ ਬਾਰੇ ਓਰੀਐਂਨਟੇਸ਼ਨ ਕੋਰਸ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। ਇਸ ਕਰ ਕੇ ਕਾਫ਼ੀ ਵਿਦਿਆਰਥੀਆਂ ਨੂੰ ਨਵੇਂ ਮਾਹੌਲ ਵਿਚ ਰਚਣ ਮਿਚਣ ਲਈ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ ਵਿਚ ਕਈ ਵਿਦਿਆਰਥੀ ਮਾਮੂਲੀ ਸ਼ਰਾਰਤ ਕਾਰਨ ਮੁਸ਼ਕਿਲ ਵਿਚ ਫਸ ਜਾਂਦੇ ਹਨ ਪਰ ਮੁੱਖ ਪ੍ਰੇਸ਼ਾਨੀ ਥੋੜ੍ਹੇ ਸਮੇਂ ਬਾਅਦ ਆਰਥਿਕ ਤੌਰ 'ਤੇ ਤੰਗੀ ਦੀ ਆਣ ਫੜਦੀ ਹੈ। ਦੂਜੇ ਸਮੈਸਟਰ ਦੀ ਫੀਸ ਦਾ ਪ੍ਰਬੰਧ ਅਤੇ ਰਹਿਣ ਸਹਿਣ ਦੇ ਖਰਚੇ ਦਾ ਇੰਤਜ਼ਾਮ ਤੰਗ ਕਰਨ ਲੱਗ ਪੈਂਦਾ ਹੈ। ਇਸ ਵਾਸਤੇ ਅੱਲੜ ਉਮਰੇ ਪੜ੍ਹਾਈ ਦੇ ਨਾਲ ਨਾਲ ਕੁਝ ਘੰਟਿਆਂ ਦੀ ਰੋਜ਼ਾਨਾ ਨੌਕਰੀ ਦੀ ਭਾਲ ਕਰਨੀ ਪੈਂਦੀ ਹੈ।

ਕੋਵਿਡ-19 ਮਹਾਮਾਰੀ ਤੋਂ ਬਾਅਦ ਵਿਦੇਸ਼ਾਂ ਵਿਚ ਕੰਮ ਕਰਨ ਦੇ ਮੌਕੇ ਕਾਫੀ ਘਟ ਗਏ ਹਨ। ਜਿਹੜੇ ਕੰਮ ਮਿਲਦੇ ਹਨ, ਉਨ੍ਹਾਂ ਵਿਚ ਉਜਰਤਾਂ ਕਾਫ਼ੀ ਘਟ ਮਿਲਦੀਆਂ ਹਨ। ਇਸ ਕਰ ਕੇ ਗੁਜ਼ਾਰਾ ਮੁਸ਼ਕਿਲ ਹੋ ਜਾਂਦਾ ਹੈ। ਇਸ ਕਾਰਨ ਕੁਝ ਵਿਦਿਆਰਥੀਆਂ ਨੂੰ ਮਾਨਸਿਕ ਤਣਾਓ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਪਿਛਲੇ ਦਿਨੀਂ ਇਸ ਕਾਰਨ ਕੁਝ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ, ਨਸ਼ਿਆਂ ਅਤੇ ਐਕਸੀਡੈਂਟ ਦੇ ਸ਼ਿਕਾਰ ਹੋਣ ਬਾਰੇ ਖ਼ਬਰਾਂ ਮੀਡੀਆ ਵਿਚ ਆਈਆਂ ਹਨ। ਸੋਹਣ ਸਿੰਘ ਖਾਲਸਾ ਨੇ 12 ਜੂਨ 2023 ਨੂੰ ਵੀਡੀਓ ਜਾਰੀ ਕਰ ਕੇ ਪੰਜਾਬ ਦੇ ਲੋਕਾਂ ਨੂੰ ਚਿਤਾਵਨੀ ਦਿਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਤੋਂ ਗੁਰੇਜ਼ ਕਰਨ। ਹੋਰਨਾਂ ਗੱਲਾਂ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਮੁਸ਼ਕਿਲਾਂ ਕਾਰਨ ਹਰ ਹਫ਼ਤੇ 7-8 ਵਿਦਿਆਰਥੀ ਦਿਲ ਫੇਲ੍ਹ ਹੋਣ, ਐਕਸੀਡੈਂਟ, ਨਸ਼ਿਆਂ ਕਾਰਨ ਜਾਂ ਆਤਮ-ਹੱਤਿਆਵਾਂ ਦਾ ਸ਼ਿਕਾਰ ਹੋ ਰਹੇ ਹਨ। ਦੱਸਿਆ ਗਿਆ ਕਿ ਦਸੰਬਰ ਵਿਚ ਆਏ ਕਈ ਵਿਦਿਆਰਥੀਆਂ ਨੂੰ ਅਜੇ ਤੱਕ ਵੀ ਕੰਮ ਨਹੀਂ ਮਿਲਿਆ। ਕੁਝ ਵਿਦਿਆਰਥੀ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋ ਰਹੇ ਹਨ। ਇਸ ਬਾਰੇ 700 ਵਿਦਿਆਰਥੀਆਂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਵਿਚ ਮੁਸ਼ਕਿਲ ਆ ਰਹੀ ਹੈ ਅਤੇ ਕੁਝ ਉੱਤੇ ਵਾਪਿਸ ਜਾਣ ਦਾ ਖ਼ਤਰਾ ਅਜੇ ਟਲਿਆ ਨਹੀਂ। ਬਹੁਤੇ ਵਿਦਿਆਰਥੀਆਂ ਦਾ ਮਕਸਦ ਪੜ੍ਹਾਈ ਦੇ ਬਹਾਨੇ ਵਿਦੇਸ਼ਾਂ ਵਿਚ ਪੱਕਾ ਵਸੇਬਾ ਕਰਨਾ ਹੈ। ਉਨ੍ਹਾਂ ਵਿਚੋਂ ਕੁਝ ਮੌਕਾ ਮਿਲਦਿਆਂ ਹੀ ਪੜ੍ਹਾਈ ਛੱਡ ਕੇ ਨੌਕਰੀ ਕਰ ਲੈਂਦੇ ਹਨ। ਇਸ ਕਰ ਕੇ ਆਸਟਰੇਲੀਆ ਦੀਆਂ ਪੰਜ ਯੂਨੀਵਰਸਿਟੀਆਂ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੇ ਦਾਖ਼ਲੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਜੇ ਇਨ੍ਹਾਂ ਵਿਦਿਆਰਥੀਆਂ ਦਾ ਕਿਰਦਾਰ ਇਸ ਤਰ੍ਹਾਂ ਦਾ ਰਿਹਾ ਤਾਂ ਇਹ ਸਮੱਸਿਆ ਹੋਰ ਦੇਸ਼ਾਂ ਵਿਚ ਵੀ ਆ ਸਕਦੀ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਪਰਵਾਸ ਨਿਯਮਿਤ ਹੈ। ਲੋੜ ਪੈਣ 'ਤੇ ਕਿਸੇ ਦੇਸ਼/ਇਲਾਕੇ ਤੋਂ ਇਸ ਸਬੰਧੀ ਰੋਕ/ਸੀਮਾ ਲੱਗ ਸਕਦੀ ਹੈ।

ਵੱਡੀ ਗਿਣਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦੇ ਅਰਥਚਾਰੇ, ਸਿੱਖਿਆ ਸੰਸਥਾਵਾਂ ਅਤੇ ਸਮਾਜਿਕ ਪ੍ਰਭਾਵ ਪੈ ਰਹੇ ਹਨ। ਸੰਜੀਵ ਬਰਿਆਣਾ ਨੇ ਅੰਗਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਵਿਚ ਚੰਡੀਗੜ੍ਹ ਸਥਿਤ ਕੈਨੇਡੀਅਨ ਕੌਂਸਲੇਟ ਦੇ ਹਵਾਲੇ ਨਾਲ ਪਿਛਲੇ ਤਿੰਨ ਸਾਲਾਂ ਦੇ ਪੜ੍ਹਾਈ ਵੀਜ਼ਿਆਂ ਬਾਰੇ ਅੰਕੜੇ ਜਾਰੀ ਕੀਤੇ ਹਨ। ਉਸ ਅਨੁਸਾਰ, 2020 ਵਿਚ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 80,880 ਸੀ ਜਿਹੜੀ 2021 ਵਿਚ ਵਧ ਕੇ 1,69,410 ਅਤੇ 2022 ਵਿਚ 2,26,095 ਹੋ ਗਈ। ਤਿੰਨ ਸਾਲਾਂ ਵਿਚ 167% ਸਿਰਫ਼ ਕੈਨੇਡਾ ਵਿਚ ਜਾਣ ਵਾਲੇ ਵਿਦਿਆਰਥੀਆਂ ਵਿਚ ਵਾਧਾ ਹੋਇਆ ਹੈ। ਇਹ ਵਿਦਿਆਰਥੀ ਮੁੱਖ ਤੌਰ 'ਤੇ ਪੰਜਾਬ ਅਤੇ ਹਰਿਆਣਾ ਤੋਂ ਹਨ। ਇਸ ਵਿਚ ਹੋਰ ਵਿਕਸਤ ਦੇਸ਼ਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸ਼ਾਮਲ ਨਹੀਂ। ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਕਿਸੇ ਵਿਦਵਾਨ ਜਾਂ ਸਰਕਾਰ ਨੇ ਇਕੱਠੀ ਨਹੀਂ ਕੀਤੀ ਹੈ। ਇਹ ਅਨੁਮਾਨ/ਅੰਦਾਜ਼ੇ ਆਮ ਹਨ ਕਿ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਜੇ ਮੰਨ ਲਿਆ ਜਾਵੇ ਕਿ ਹਰ ਸਾਲ ਇੱਕ ਲੱਖ ਵਿਦਿਆਰਥੀ ਪੰਜਾਬ ਤੋਂ ਵਿਦੇਸ਼ ਪੜ੍ਹਨ ਲਈ ਜਾ ਰਹੇ ਹਨ, ਤੇ ਔਸਤਨ ਹਰ ਵਿਦਿਆਰਥੀ 10 ਲੱਖ ਤੋਂ 15 ਲੱਖ ਰੁਪਏ ਆਪਣੇ ਨਾਲ ਫ਼ੀਸ ਅਤੇ ਖਰਚੇ ਵਾਸਤੇ ਲੈ ਕੇ ਜਾ ਰਿਹਾ ਹੈ ਤਾਂ ਸੂਬੇ ਵਿਚੋਂ 10,000 ਤੋਂ 15,000 ਕਰੋੜ ਰੁਪਏ ਦੇ ਬਰਾਬਰ ਹਰ ਸਾਲ ਸਰਮਾਇਆ ਵਿਦੇਸ਼ ਜਾ ਰਿਹਾ ਹੈ। ਜੇ ਇਹ ਵਿਦਿਆਰਥੀ ਪੰਜਾਬ ਵਿਚ ਰਹਿ ਕੇ ਸਿੱਖਿਆ ਪ੍ਰਾਪਤ ਕਰਦੇ ਤਾਂ ਇਹ ਸਰਮਾਇਆ ਸੂਬੇ ਵਿਚ ਨਿਵੇਸ਼ ਦਾ ਰੂਪ ਧਾਰ ਸਕਦਾ ਸੀ ਜਿਸ ਨਾਲ ਆਮਦਨ ਅਤੇ ਰੁਜ਼ਗਾਰ ਵਿਚ ਵਾਧਾ ਹੋ ਸਕਦਾ ਸੀ। ਜੇ ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ 2 ਲੱਖ ਮੰਨ ਲਈ ਜਾਵੇ ਤਾਂ ਇਹ ਸਰਮਾਇਆ ਨਿਵੇਸ਼ ਦੁੱਗਣਾ ਹੋ ਸਕਦਾ ਸੀ। ਅਸੀਂ ਆਪਣੇ ਬੱਚਿਆਂ ਨੂੰ ਪਾਲਣ ਪੋਸਣ ਤੋਂ ਬਾਅਦ ਉਨ੍ਹਾਂ ਨੂੰ ਵੱਡੀ ਰਕਮ ਦੇ ਕੇ ਬਾਹਰ ਭੇਜ ਰਹੇ ਹਾਂ। ਇਸ ਕਰ ਕੇ ਪੰਜਾਬ ਵਿਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਖੋਰਾ ਲੱਗਣਾ ਲਾਜ਼ਮੀ ਹੈ। ਅਸੀਂ ਇਕੱਲਾ ਪੈਸਾ/ਸਰਮਾਇਆ ਹੀ ਨਹੀਂ ਬਾਹਰ ਭੇਜ ਰਹੇ ਸਗੋਂ ਇਨ੍ਹਾਂ ਬੱਚਿਆਂ ਦੇ ਰੂਪ ਵਿਚ ਬਹੁਕੀਮਤੀ ਮਨੁੱਖੀ ਸਰੋਤ ਬਰਾਮਦ ਕਰ ਰਹੇ ਹਾਂ। ਇਨ੍ਹਾਂ ਬੱਚਿਆਂ ਵਿਚ ਕਾਫ਼ੀ ਬੱਚੇ ਲਾਇਕ ਅਤੇ ਹੋਣਹਾਰ ਹਨ ਜਿਨ੍ਹਾਂ ਦੇ ਬਾਹਰ ਜਾਣ ਨਾਲ ਪੰਜਾਬ ਭਾਰੀ ਨੁਕਸਾਨ ਉਠਾ ਰਿਹਾ ਹੈ। ਇਉਂ ਪੰਜਾਬ ਆਪਣੇ ਹੀ ਭਵਿੱਖ ਨਾਲ ਖਿਲਵਾੜ ਕਰ ਰਿਹਾ ਹੈ। ਇਨ੍ਹਾਂ ਵਿਚੋਂ ਕਾਫ਼ੀ ਗਿਣਤੀ ਵਿਚ ਡਾਕਟਰ, ਇੰਜਨੀਅਰ, ਅਧਿਆਪਕ, ਵਕੀਲ, ਜੱਜ, ਉਦਯੋਗਪਤੀ, ਸਾਹਿਤਕਾਰ, ਮੈਨੇਜਰ, ਅਫਸਰ, ਕਲਾਕਾਰ ਅਤੇ ਸਿਆਣੇ ਲੀਡਰ ਬਣਨ ਦੇ ਕਾਬਲ ਹਨ। ਇਸ ਨੁਕਸਾਨ ਨੂੰ ਰੁਪਇਆਂ ਵਿਚ ਮਾਪਿਆ ਨਹੀਂ ਜਾ ਸਕਦਾ। ਇਹ ਸਾਡਾ ਸਮਾਜਿਕ, ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਨੁਕਸਾਨ ਹੈ।

ਇੰਨੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਦੇ ਵਿਦੇਸ਼ ਜਾਣ ਕਾਰਨ ਕਈ ਕਾਲਜਾਂ ਵਿਚ ਦਾਖਲਾ 15-40% ਤੱਕ ਘਟ ਗਿਆ ਹੈ। ਬੀਏ, ਬੀਐੱਸਸੀ, ਐੱਮਏ ਅਤੇ ਤਕਨਾਲੋਜੀ ਦੇ ਕੋਰਸਾਂ ਵਿਚ ਵਿਚ ਕਾਲਜਾਂ ਨੂੰ ਵਿਦਿਆਰਥੀ ਨਹੀਂ ਮਿਲ ਰਹੇ। ਇਹ ਖ਼ਬਰਾਂ ਜਲੰਧਰ ਅਤੇ ਅੰਮ੍ਰਿਤਸਰ ਸਥਿਤ ਕਾਲਜਾਂ ਤੋਂ ਮਿਲ ਰਹੀਆਂ ਹਨ (ਪੰਜਾਬੀ ਟ੍ਰਿਬਿਊਨ ਤੇ ਦਿ ਟ੍ਰਿਬਿਊਨ, 19 ਜੂਨ 2023, 17 ਜੁਲਾਈ 2023)। ਛੋਟੇ ਸ਼ਹਿਰਾਂ ਕਸਬਿਆਂ ਦੇ ਕਾਲਜ ਬੰਦ ਹੋਣ ਕਿਨਾਰੇ ਪੁੱਜ ਗਏ ਹਨ। ਬੰਦ ਹੋਣ ਵਾਲੇ ਕਾਲਜਾਂ ਵਿਚ ਨਰਸਿੰਗ, ਬੀਐੱਡ, ਬੀਡੀਐੱਸ ਅਤੇ ਤਕਨਾਲੋਜੀ ਤੇ ਮੈਨੇਜਮੈਂਟ ਨਾਲ ਸਬੰਧਿਤ ਹਨ। ਇਨ੍ਹਾਂ ਦੀਆਂ ਇਮਾਰਤਾਂ ਅਤੇ ਸਾਜ਼ੋ-ਸਾਮਾਨ 'ਤੇ ਕਰੋੜਾਂ ਰੁਪਏ ਖਰਚ ਹੋਏ ਹਨ ਜਿਹੜੇ ਹੁਣ ਵਿਅਰਥ ਹੋ ਗਏ ਲਗਦੇ ਹਨ। ਇਸ ਵਰਤਾਰੇ ਨਾਲ ਪੰਜਾਬ ਵਿਚ ਕਾਰੋਬਾਰ ਨੂੰ ਧੱਕਾ ਲਗਦਾ ਹੈ ਅਤੇ ਸਮਾਜਿਕ ਤੌਰ 'ਤੇ ਬੌਧਿਕ ਅਸੰਤੁਲਨ ਪੈਦਾ ਹੋ ਰਿਹਾ ਹੈ। ਇਸ ਕਾਰਨ ਸੱਭਿਆਚਾਰਕ ਤੌਰ 'ਤੇ ਵਿਗਾੜ ਪੈਦਾ ਹੋ ਰਹੇ ਹਨ। ਨੌਜਵਾਨਾਂ ਵਿਚ ਨਸ਼ਿਆਂ ਦਾ ਫੈਲਾਓ ਅਤੇ ਗੈਂਗਸਟਰ ਗਰੁੱਪਾਂ ਦਾ ਪੈਦਾ ਹੋਣਾ ਇਸ ਦੇ ਸੂਚਕ ਹਨ।

ਇੰਨੀ ਵੱਡੀ ਗਿਣਤੀ ਵਿਚ ਛੋਟੀ ਉਮਰੇ ਵਿਦਿਆਰਥੀਆਂ ਦਾ ਵਿਦੇਸ਼ ਜਾਣਾ ਬੱਚਿਆਂ ਵਾਸਤੇ ਮੁਸ਼ਕਿਲਾਂ ਪੈਦਾ ਕਰਦਾ ਹੈ। ਮਾਪਿਆਂ ਵਾਸਤੇ ਵੀ ਕਾਫ਼ੀ ਮਹਿੰਗਾ ਸੌਦਾ ਹੈ। ਕਈ ਵਾਰ ਇਹ ਉਨ੍ਹਾਂ ਦੀ ਸਾਰੀ ਉਮਰ ਦੀ ਕਮਾਈ ਅਤੇ ਜਾਇਦਾਦ ਨੂੰ ਵੀ ਖਾ ਜਾਣ ਦਾ ਸਬਬ ਬਣ ਜਾਂਦਾ ਹੈ। ਇਹ ਪੰਜਾਬ ਦੇ ਖਿੱਤੇ ਵਿਚੋਂ ਭੌਤਿਕ ਅਤੇ ਮਨੁੱਖੀ ਸਰਮਾਏ ਨੂੰ ਬਾਹਰ ਭੇਜ ਕੇ ਇਥੇ ਵਿਕਾਸ ਦੀ ਗਤੀ ਨੂੰ ਧੀਮਾ ਕਰਦਾ ਹੈ ਅਤੇ ਸੂਬੇ ਵਾਸਤੇ ਕਾਫ਼ੀ ਨੁਕਸਾਨ ਦਾ ਕਾਰਨ ਹੈ। ਇਸ ਵਰਤਾਰੇ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਵਾਸਤੇ ਪੰਜਾਬ ਸਰਕਾਰ ਇਸ ਬਾਰੇ ਗੰਭੀਰ ਅਧਿਐਨ ਕਰ ਕੇ/ਕਰਵਾ ਕੇ ਨੀਤੀਗਤ ਫ਼ੈਸਲੇ ਕਰੇ। ਇਸ ਕਿਸਮ ਦੇ ਪਰਵਾਸ ਦੇ ਕਾਰਨਾਂ ਦਾ ਪਤਾ ਲਗਾਉਣ ਬਾਅਦ ਇਸ ਵਰਤਾਰੇ ਦੀ ਰੋਕਥਾਮ ਲਈ ਢੁਕਵੇਂ ਕਦਮ ਚੁੱਕਣਾ ਅੱਜ ਸਮੇਂ ਦੀ ਲੋੜ ਹੈ। ਇਸ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀਆਂ ਦਾ ਵਿਦੇਸ਼ ਪੜ੍ਹਨਾ ਬਿਲਕੁਲ ਬੰਦ ਕਰਨਾ ਹੈ। ਕੁਝ ਵਿਦਿਆਰਥੀ ਉਚੇਰੀ ਸਿੱਖਿਆ ਅਤੇ ਨਵੀਂ ਤਕਨੀਕ ਵਾਸਤੇ ਵਿਦੇਸ਼ ਵੀ ਪੜ੍ਹਨੇ ਚਾਹੀਦੇ ਹਨ ਪਰ ਉਨ੍ਹਾਂ ਵਾਸਤੇ ਲੋੜੀਂਦੇ ਵਜ਼ੀਫ਼ਿਆਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਪੰਜਾਬ ਦੇ ਵਿਦਿਅਕ ਢਾਂਚੇ ਵਿਚ ਸੁਧਾਰ ਕਰ ਕੇ ਵਿਦਿਆ ਦਾ ਮਿਆਰ ਸੁਧਾਰਨਾ ਅਤੇ ਪੜ੍ਹੇ ਲਿਖੇ ਨੌਜਵਾਨਾਂ ਵਾਸਤੇ ਮਿਆਰੀ ਰੁਜ਼ਗਾਰ ਦਾ ਪ੍ਰਬੰਧ ਕਰਨਾ, ਸਿਵਲ ਤੇ ਪੁਲੀਸ ਪ੍ਰਸ਼ਾਸਨ ਸੁਧਾਰਨਾ ਤਾਂ ਕਿ ਲੋਕਾਂ ਦੀ ਜਾਨ ਮਾਲ ਸੁਰੱਖਿਅਤ ਹੋਵੇ ਅਤੇ ਲੋਕ ਪੰਜਾਬ ਵਿਚ ਰਹਿਣ 'ਤੇ ਮਾਣ ਮਹਿਸੂਸ ਕਰਨ। ਇਸ ਤੋਂ ਇਲਾਵਾ ਸਿਹਤ ਸਹੂਲਤਾਂ ਦਾ ਪਸਾਰ ਅਤੇ ਮਿਆਰ ਠੀਕ ਕਰਨ ਨਾਲ ਮਨੁੱਖੀ ਸਰੋਤ ਤੇ ਭੌਤਿਕ ਸਰਮਾਏ ਦੇ ਵਿਕਾਸ ਨਾਲ ਸੂਬਾ ਖੁਸ਼ਹਾਲੀ ਵੱਲ ਵਧ ਸਕਦਾ ਹੈ। ਪੰਜਾਬ ਸਰਕਾਰ ਇਸ ਬਾਬਤ ਮੌਲਿਕ ਭੂਮਿਕਾ ਨਿਭਾ ਸਕਦੀ ਹੈ। ਆਈਲੈਟਸ ਕੇਂਦਰਾਂ ਅਤੇ ਟਰੈਵਲ ਏਜੰਟਾਂ ਨੂੰ ਰੈਗੂਲੇਟ/ਨਿਯਮਿਤ ਕਰਨ ਦੀ ਪ੍ਰਕਿਰਿਆ ਅਤੇ ਆਰਥਿਕ-ਸਮਾਜਿਕ ਵਿਕਾਸ ਦੇ ਠੋਸ ਪ੍ਰੋਗਰਾਮ ਇਸ ਕਾਰਜ ਵਿਚ ਮਦਦਗਾਰ ਸਾਬਤ ਹੋ ਸਕਦੇ ਹਨ। ਇਹ ਕੰਮ ਇਕੱਲਿਆਂ ਸਰਕਾਰ ਕੋਲੋਂ ਸੰਭਵ ਨਹੀਂ ਹੈ। ਇਸ ਵਾਸਤੇ ਪੰਜਾਬ ਦੀ ਸਮਾਜਿਕ ਲਹਿਰ ਨੂੰ ਠੋਸ ਯੋਗਦਾਨ ਪਾਉਣਾ ਪਵੇਗਾ। ਇਸ ਵਾਸਤੇ ਚੇਤਨਾ ਫੈਲਾਉਣ ਦਾ ਕਾਰਜ ਸਰਗਰਮ ਜਥੇਬੰਦੀਆਂ ਅਤੇ ਅਧਿਆਪਕ ਲਹਿਰ ਨੂੰ ਵੀ ਅਪਣਾਉਣਾ ਪੈਣਾ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਮੇਕ ਇਨ ਇੰਡੀਆ ਆਪਣਾ ਟੀਚਾ ਪੂਰਾ ਕਰ ਸਕੇਗਾ




ਪਰਸਾ ਵੈਂਕਟੇਸ਼ਵਰ ਰਾਓ ਜੂਨੀਅਰ

ਮੇਕ ਇਨ ਇੰਡੀਆ (ਭਾਰਤ ਵਿਚ ਬਣਾਓ) ਬੀਤੇ ਨੌਂ ਸਾਲਾਂ ਤੋਂ ਨਰਿੰਦਰ ਮੋਦੀ ਸਰਕਾਰ ਦਾ ਪੱਕਾ ਅਤੇ ਲਗਾਤਾਰ ਵਿਸ਼ਾ-ਵਸਤੂ ਰਿਹਾ ਹੈ। ਤਤਕਾਲੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ 2014 ਵਿਚ ਪੇਸ਼ ਕੀਤੇ ਗਏ ਬਜਟ ਵਿਚ ਨਿੱਕੀਆਂ, ਦਰਮਿਆਨੀਆਂ ਤੇ ਛੋਟੀਆਂ ਸਨਅਤਾਂ ਲਈ 10 ਹਜ਼ਾਰ ਕਰੋੜ ਰੁਪਏ ਦਾ ਉੱਦਮ ਪੂੰਜੀ ਫੰਡ ਕਾਇਮ ਕੀਤਾ ਗਿਆ ਸੀ ਅਤੇ ਆਟੋਮੋਬੀਲ ਤੇ ਖ਼ਪਤਕਾਰੀ ਹੰਢਣਸਾਰ ਵਸਤਾਂ ਵਾਸਤੇ ਆਬਕਾਰੀ ਕਰ ਛੋਟ ਵਿਚ ਛੇ ਮਹੀਨਿਆਂ ਦਾ ਵਾਧਾ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਦਿਹਾੜੇ ਮੌਕੇ ਆਪਣੇ ਪਹਿਲੇ ਭਾਸ਼ਣ ਵਿਚ ਇਹ ਜ਼ੋਰਦਾਰ ਐਲਾਨ ਕੀਤਾ ਸੀ, "ਆਓ ਅਤੇ ਭਾਰਤ ਵਿਚ ਬਣਾਓ (ਮੇਕ ਇਨ ਇੰਡੀਆ)। ਪਲਾਸਟਿਕ ਦਾ ਸਾਮਾਨ ਹੋਵੇ, ਭਾਵੇਂ ਕਾਰਾਂ ਜਾਂ ਉਪਗ੍ਰਹਿ ਹੋਣ ਜਾਂ ਖੇਤੀਬਾੜੀ ਉਤਪਾਦ ਹੋਣ, ਆਓ ਭਾਰਤ ਵਿਚ ਬਣਾਓ।" ਇਹ ਗੱਲ ਪ੍ਰਧਾਨ ਮੰਤਰੀ ਮੋਦੀ ਦੀਆਂ ਤਕਰੀਰਾਂ ਵਿਚ ਅਕਸਰ ਆਖੀ ਜਾਂਦੀ ਹੈ, ਜਿਵੇਂ ਅਜਿਹਾ ਉਦੋਂ ਵੀ ਦੇਖਣ ਨੂੰ ਮਿ-ਲਿਆ ਜਦੋਂ ਉਨ੍ਹਾਂ ਬੀਤੇ ਮਹੀਨੇ ਗੁਜਰਾਤ ਵਿਚ ਹੋਏ ਸਿਮੀਕੌਨ ਇੰਡੀਆ-2023 ਦੌਰਾਨ ਆਲਮੀ ਕੰਪਨੀਆਂ ਨੂੰ ਭਾਰਤ ਵਿਚ ਸੈਮੀਕੰਡਕਟਰ ਬਣਾਉਣ ਦੀ ਇਕਾਈ ਲਾਉਣ ਦਾ ਸੱਦਾ ਦਿੱਤਾ।

ਮਈ 2020 ਦੌਰਾਨ ਜਦੋਂ ਭਾਰਤ ਅਤੇ ਸਾਰਾ ਸੰਸਾਰ ਕੋਵਿਡ-19 ਦੇ ਪਹਿਲੇ ਹੱਲੇ ਨਾਲ ਜੂਝ ਰਹੇ ਸਨ ਅਤੇ ਪ੍ਰਧਾਨ ਮੰਤਰੀ ਨੇ ਦੇਸ਼ ਵਿਆਪੀ ਲੌਕਡਾਊਨ ਦਾ ਐਲਾਨ ਕੀਤਾ ਸੀ ਤਾਂ ਉਹ 'ਆਤਮ-ਨਿਰਭਰ ਭਾਰਤ' ਦਾ ਮੰਤਰ ਲੈ ਕੇ ਆਏ। ਉਨ੍ਹਾਂ ਕਿਹਾ ਕਿ ਭਾਰਤ ਨੂੰ ਆਪਣੇ ਲਈ ਵੀ ਅਤੇ ਦੁਨੀਆ ਲਈ ਵੀ ਮਾਲ ਖ਼ੁਦ ਤਿਆਰ ਕਰਨਾ ਚਾਹੀਦਾ ਹੈ ਪਰ 15 ਅਗਸਤ 2014 ਦੀ ਤਕਰੀਰ ਵਿਚ ਹੀ ਆਤਮ-ਨਿਰਭਰ ਅਰਥਚਾਰੇ ਦੇ ਬੀਜ ਪਏ ਸਨ। ਉਨ੍ਹਾਂ ਕਿਹਾ ਸੀ, "ਸਾਨੂੰ ਅਜਿਹਾ ਰਾਸ਼ਟਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਹੜਾ ਦਰਾਮਦ ਨਾ ਕਰੇ ਸਗੋਂ ਬਰਾਮਦ ਕਰੇ। ਮੈਂ ਨੌਜਵਾਨਾਂ ਨੂੰ ਦਰਾਮਦਸ਼ੁਦਾ ਵਸਤਾਂ ਉਤੇ ਨਿਰਭਰਤਾ ਘਟਾਉਣ ਦੀ ਅਪੀਲ ਕਰਦਾ ਹਾਂ।"

ਫਿਰ ਇਸ ਯੋਜਨਾ ਨੂੰ ਫਲ ਕਿਉਂ ਨਹੀਂ ਪਿਆ? ਮੈਨੂਫੈਕਚਰਿੰਗ ਸੈਕਟਰ (ਮਾਲ ਦੀ ਤਿਆਰੀ ਕਰਨ ਵਾਲਾ ਸੈਕਟਰ) ਦੀ ਕਾਰਗੁਜ਼ਾਰੀ ਮੱਠੀ ਚੱਲ ਰਹੀ ਹੈ। ਕੁਝ ਕੁ ਆਲਮੀ ਫਰਮਾਂ ਜਿਵੇਂ ਐਪਲ ਨੇ ਆਪਣਾ ਅਸੈਂਬਲਿੰਗ ਦਾ ਕੰਮ ਭਾਰਤ ਵਿਚ ਲਿਆਂਦਾ ਹੈ ਪਰ ਪੂਰੀ ਤਰ੍ਹਾਂ ਨਹੀਂ। ਸਿੱਧੇ ਵਿਦੇਸ਼ੀ ਨਿਵੇਸ਼ (ਐੱਫਡੀਆਈ) ਦਾ ਵਹਾਅ ਭਾਵੇਂ ਵਧਿਆ ਹੈ ਅਤੇ ਇਹ 2014-15 ਦੇ 45 ਅਰਬ ਡਾਲਰ ਤੋਂ ਵਧ ਕੇ 2021-22 ਵਿਚ 85 ਅਰਬ ਡਾਲਰ ਹੋ ਗਿਆ ਪਰ ਇਸ ਨੇ ਮੈਨੂਫੈਕਚਰਿੰਗ ਨੂੰ ਹੁਲਾਰਾ ਨਹੀਂ ਦਿੱਤਾ। ਭਾਰਤ ਦੀ ਮੈਨੂਫੈਕਚਰਿੰਗ ਪੈਦਾਵਾਰ ਦਾ ਮੁੱਲ 2022 ਵਿਚ 450.86 ਅਰਬ ਡਾਲਰ ਰਿਹਾ ਜਿਹੜਾ ਜੀਡੀਪੀ (ਕੁੱਲ ਘਰੇਲੂ ਪੈਦਾਵਾਰ) ਦਾ 13.32 ਫ਼ੀਸਦੀ ਬਣਦਾ ਹੈ। ਇਹ 2021 ਦੇ 445.91 ਅਰਬ ਡਾਲਰ (ਜੀਡੀਪੀ ਦਾ 14.47 ਫ਼ੀਸਦੀ) ਤੋਂ ਘੱਟ ਸੀ। ਸਾਲ 2015 ਵਿਚ ਮੈਨੂਫੈਕਚਰਿੰਗ ਪੈਦਾਵਾਰ 327.82 ਅਰਬ ਡਾਲਰ ਸੀ ਜੋ ਜੀਡੀਪੀ ਦਾ 15.58 ਫ਼ੀਸਦੀ ਬਣਦਾ ਹੈ ਅਤੇ ਇਹ ਬੀਤੇ ਨੌਂ ਸਾਲਾਂ ਦੌਰਾਨ ਜੀਡੀਪੀ ਦੇ ਪੱਖ ਤੋਂ ਸਭ ਤੋਂ ਵੱਡਾ ਹਿੱਸਾ ਸੀ।

ਮੈਨੂਫੈਕਚਰਿੰਗ ਵਿਚ ਰੁਜ਼ਗਾਰ 2010-11 ਵਿਚ 6 ਕਰੋੜ ਨਾਲ ਚੋਟੀ ਉਤੇ ਪੁੱਜਣ ਤੋਂ ਬਾਅਦ 2020-21 ਤੱਕ ਲਗਾਤਾਰ ਘਟਦਾ ਗਿਆ ਅਤੇ ਇਹ 2022 ਵਿਚ ਵਧ ਕੇ 6.3 ਕਰੋੜ ਹੋਇਆ। ਮੈਨੂਫੈਕਚਰਿੰਗ ਵਿਚ ਬਰਾਮਦਾਂ 2022-23 ਦੌਰਾਨ 447.26 ਅਰਬ ਡਾਲਰ ਦੀਆਂ ਰਹੀਆਂ ਜਦੋਂਕਿ ਇਸ ਦੌਰਾਨ ਦਰਾਮਦਾਂ 714.24 ਅਰਬ ਡਾਲਰ ਦੀਆਂ ਹੋਈਆਂ ਪਰ ਬਰਾਮਦ-ਦਰਾਮਦ ਦਾ ਤਵਾਜ਼ਨ ਮੁੱਖ ਨੁਕਤਾ ਨਹੀਂ ਹੋਣਾ ਚਾਹੀਦਾ। ਵਿਦੇਸ਼ੀ ਮੁਦਰਾ ਬਚਾਉਣ ਦੀ ਖ਼ਾਤਰ ਦਰਾਮਦਾਂ ਨੂੰ ਰੋਕਿਆ ਨਹੀਂ ਜਾ ਸਕਦਾ। ਇਹ ਔਖੇ ਹਾਲਾਤ ਵਾਲੇ ਅਰਥਚਾਰੇ ਦਾ ਸੰਕੇਤ ਹੈ, ਨਾ ਕਿ ਵਧਦੇ-ਫੁੱਲਦੇ ਅਰਥਚਾਰੇ ਦਾ।

ਮੋਦੀ ਸਰਕਾਰ ਦੀ ਇਹ ਧਾਰਨਾ ਕਿ ਬਰਾਮਦਾਂ ਨੂੰ ਹੁਲਾਰਾ ਦੇਣ ਲਈ ਦਰਾਮਦਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ, ਨੁਕਸਦਾਰ ਹੈ। ਬਰਾਮਦਾਂ ਵਿਚ ਇਜ਼ਾਫ਼ਾ ਬਰਾਮਦ ਕਰਨ ਵਾਲੇ ਮੁਲਕ ਦੀ ਸਮਰੱਥਾ ਦੇ ਆਧਾਰ ਉਤੇ ਹੁੰਦਾ ਹੈ। ਜੇ ਭਾਰਤ ਵੱਖੋ-ਵੱਖ ਸੈਕਟਰਾਂ ਵਿਚ ਆਪਣੀ ਸਮਰੱਥਾ ਵਧਾਉਂਦਾ ਹੈ ਤਾਂ ਬਰਾਮਦਾਂ ਲਈ ਵਧਣਾ-ਫੁੱਲਣਾ ਆਸਾਨ ਹੋ ਜਾਵੇਗਾ। 1991 ਦੇ ਸੁਧਾਰਾਂ ਦੇ ਦੌਰ ਤੋਂ ਪਹਿਲਾਂ ਦਰਾਮਦਾਂ ਤੋਂ ਬਚਣਾ ਨਾਕਾਮ ਨੀਤੀ ਕਦਮ ਰਿਹਾ ਹੈ। ਵਿਦੇਸ਼ੀ ਵਸਤਾਂ ਨਾਲ ਮੁਕਾਬਲੇ ਦੀ ਅਣਹੋਂਦ ਵਿਚ ਦੇਸੀ ਮੈਨੂਫੈਕਚਰਿੰਗ ਆਪਣੇ ਉਤਪਾਦਾਂ ਵਿਚ ਸੁਧਾਰ ਕਰਨ ਦੇ ਸਮਰੱਥ ਨਹੀਂ ਹੋ ਸਕੇਗੀ ਅਤੇ ਇਸ ਸੂਰਤ ਵਿਚ ਉਹ ਬਰਾਮਦਾਂ ਦੇ ਮੁੱਲ ਨਹੀਂ ਘਟਾ ਸਕੇਗੀ। ਮੋਦੀ ਸਰਕਾਰ ਵੀ ਉਸੇ ਜਾਲ ਵਿਚ ਫਸ ਰਹੀ ਹੈ ਜਿਵੇਂ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਇੰਦਰਾ ਗਾਂਧੀ ਤੱਕ ਸਮੇਂ ਸਮੇਂ ਦੀਆਂ ਕਾਂਗਰਸੀ ਸਰਕਾਰਾਂ ਕਰਦੀਆਂ ਰਹੀਆਂ ਹਨ।

ਮੋਦੀ ਸਰਕਾਰ ਵੱਲੋਂ ਅਪਣਾਈ ਗਈ ਦੂਜੀ ਰਣਨੀਤੀ ਹੈ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਆਪਣੀਆਂ ਮੈਨੂਫੈਕਚਰਿੰਗ ਇਕਾਈਆਂ ਲਾਉਣ ਅਤੇ ਤਕਨਾਲੋਜੀ ਤਬਾਦਲੇ ਰਾਹੀਂ ਇਸ ਦੀ ਜਾਣਕਾਰੀ ਸਾਂਝੀ ਕਰਨ ਲਈ ਮਨਾਉਣਾ ਅਤੇ ਲੋੜ ਪਵੇ ਤਾਂ ਬਾਂਹ ਵੀ ਮਰੋੜਨਾ ਪਰ ਇਹ ਦੇਖਿਆ-ਪਰਖਿਆ-ਨਾਕਾਮ ਹੋ ਚੁੱਕਾ ਫਾਰਮੂਲਾ ਸਾਬਤ ਹੋਇਆ ਹੈ। ਤਕਨਾਲੋਜੀ ਦਾ ਤਬਾਦਲਾ ਸਿਰਫ਼ ਬਰਾਮਦ ਕੀਤੇ ਜਾ ਰਹੇ ਉਤਪਾਦ ਤੱਕ ਹੀ ਸੀਮਤ ਹੁੰਦਾ ਹੈ, ਜਦੋਂਕਿ ਵਿਦੇਸ਼ੀ ਉਤਪਾਦਕ ਆਪਣੇ ਸਿਸਟਮ ਵਿਚ ਲਗਾਤਾਰ ਸੁਧਾਰ ਕਰਦਾ ਰਹੇਗਾ ਅਤੇ ਉਹ ਇਸ ਦੀ ਜਾਣਕਾਰੀ ਆਪਣੇ ਵਪਾਰਕ ਭਾਈਵਾਲ ਨਾਲ ਸਾਂਝੀ ਕਰਨ ਦਾ ਪਾਬੰਦ ਨਹੀਂ ਹੋਵੇਗਾ। ਇਸ ਲਈ ਫਿਰ ਭਾਵੇਂ ਫਰਾਂਸ ਦੇ ਜੰਗੀ ਜਹਾਜ਼ ਰਫਾਲ ਹੋਣ ਜਾਂ ਇਥੋਂ ਤੱਕ ਕਿ ਅਮਰੀਕਾ ਤੋਂ ਦਰਾਮਦ ਕੀਤੇ ਜਾ ਰਹੇ ਜੈੱਟ ਇੰਜਣ ਜਿਨ੍ਹਾਂ ਨੂੰ ਤੇਜਸ ਜੰਗੀ ਜਹਾਜ਼ਾਂ ਵਿਚ ਲਾਇਆ ਜਾਣਾ ਹੈ, ਸਮੱਸਿਆ ਉਵੇਂ ਹੀ ਰਹੇਗੀ। ਉਤਪਾਦ ਵਿਚ ਕੋਈ ਸੁਧਾਰ ਨਹੀਂ ਹੋਵੇਗਾ। ਭਾਰਤ ਨੂੰ ਆਪਣੀ ਸਮਰੱਥਾ ਖ਼ੁਦ ਬਣਾਉਣੀ ਹੋਵੇਗੀ।

ਦਰਅਸਲ ਜਦੋਂ ਸਰਕਾਰ ਨੇ ਇਕਦਮ ਲੈਪਟਾਪਸ, ਟੇਬਲੈਟਸ ਅਤੇ ਪਰਸਨਲ ਕੰਪਿਊਟਰਾਂ ਦੀਆਂ ਦਰਾਮਦਾਂ ਉਤੇ ਬੰਦਸ਼ਾਂ ਆਇਦ ਕੀਤੀਆਂ ਤਾਂ ਬਾਜ਼ਾਰ ਵਿਚ ਨਿਰਾਸ਼ਾ ਦਾ ਆਲਮ ਸੀ। ਜਦੋਂ ਨਿਜੀ ਕੰਪਨੀਆਂ ਨੇ ਆਪਣੀਆਂ ਸ਼ਿਪਮੈਂਟਸ ਬੰਦ ਕਰ ਦਿੱਤੀਆਂ ਤਾਂ ਇਸ ਸਬੰਧੀ ਆਖ਼ਰੀ ਤਾਰੀਖ਼ ਪਹਿਲੀ ਨਵੰਬਰ ਤੱਕ ਵਧਾਉਣੀ ਪਈ। ਦਰਾਮਦਾਂ ਨੂੰ ਘਰੇਲੂ ਪੱਧਰ 'ਤੇ ਤਿਆਰ ਕੀਤੇ ਜਾਣ ਵਾਲੇ ਸਾਮਾਨ ਨਾਲ ਹੀ ਬਦਲਿਆ ਜਾ ਸਕਦਾ ਹੈ, ਉਹ ਵੀ ਉਦੋਂ ਜਦੋਂ ਘਰੇਲੂ ਉਤਪਾਦਕ ਦਰਾਮਦਸ਼ੁਦਾ ਵਸਤਾਂ ਵਰਗੇ ਹੀ ਵਧੀਆ ਉਤਪਾਦ ਬਣਾਉਣ ਦੇ ਸਮਰੱਥ ਹੋਣਗੇ। ਭਾਰਤ ਵਿਚ ਬਣੀਆਂ ਵਸਤਾਂ ਨੂੰ ਹੁਲਾਰਾ ਦੇਣ ਲਈ ਰਾਸ਼ਟਰਵਾਦ ਆਧਾਰਿਤ ਸੱਦੇ ਦੇਣ ਦੀ ਆਰਥਿਕ ਤੌਰ 'ਤੇ ਕੋਈ ਤੁਕ ਨਹੀਂ ਬਣਦੀ; ਕਿਉਂਕਿ ਇਸ ਨਾਲ ਲੰਮੇ ਸਮੇਂ ਵਿਚ ਭਾਰਤ ਦੇ ਬਰਾਮਦਾਂ ਦੇ ਪੱਖ ਤੋਂ ਆਰਥਿਕ ਵਿਕਾਸ ਨੂੰ ਨੁਕਸਾਨ ਪੁੱਜੇਗਾ। ਮੋਦੀ ਭਾਵੇਂ ਭਾਰਤ ਵੱਲੋਂ ਸਾਰੇ ਸੰਸਾਰ ਲਈ ਉਤਪਾਦਨ ਕੀਤੇ ਜਾਣ ਬਾਰੇ ਜ਼ੋਰਦਾਰ ਢੰਗ ਨਾਲ ਗੱਲ ਕਰਦੇ ਹਨ ਪਰ ਦੂਜੇ ਪਾਸੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ 'ਆਤਮ-ਨਿਰਭਰ ਭਾਰਤ' ਦਾ ਮਤਲਬ 'ਬੰਦ ਅਰਥਚਾਰਾ' ਨਹੀਂ ਹੈ। ਇੰਝ ਕਿਹਾ ਜਾ ਸਕਦਾ ਹੈ ਕਿ ਦਰਾਮਦਾਂ ਘਟਾਉਣ ਅਤੇ ਬਰਾਮਦਾਂ ਵਧਾਉਣ ਦੀ ਯੋਜਨਾ ਵੇਲਾ ਵਿਹਾਅ ਚੁੱਕੀ ਹੈ।

ਮੋਦੀ ਸਰਕਾਰ ਦੇ ਘੱਟ ਤੋਂ ਘੱਟ ਸਮੇਂ ਵਿਚ ਨਤੀਜੇ ਹਾਸਲ ਕਰਨ ਦੇ ਟੀਚੇ ਸਹੀ ਨਹੀਂ ਹਨ। ਨਵੀਆਂ ਕਾਢਾਂ ਲਈ ਸਰਕਾਰ ਵੱਲੋਂ ਦਿੱਤੀ ਜਾਂਦੀ ਮਾਲੀ ਇਮਦਾਦ ਇਕ ਹੱਦ ਤੱਕ ਸਫਲਤਾ ਹਾਸਲ ਕਰਨ ਲਈ ਭਾਰਤੀ ਸਨਅਤ ਵਾਸਤੇ ਮਦਦਗਾਰ ਸਾਬਤ ਹੋ ਸਕਦੀ ਹੈ ਪਰ ਯੂਨੀਵਰਸਿਟੀਆਂ ਅਤੇ ਨਿਜੀ ਸਨਅਤੀ ਖੋਜ ਸਹੂਲਤਾਂ ਦੇ ਪ੍ਰਸੰਗ ਵਿਚ ਸਾਨੂੰ ਖੋਜ ਤੇ ਵਿਕਾਸ ਸਬੰਧੀ ਬੁਨਿਆਦੀ ਢਾਂਚੇ ਦੀ ਲੋੜ ਹੈ। ਇਹ ਕੰਮ ਇਕੱਲੀ ਸਰਕਾਰ ਨਹੀਂ ਕਰ ਸਕਦੀ।

ਭਾਰਤ ਲਈ ਮਾਲ ਦੀ ਤਿਆਰੀ ਦੇ ਮਾਮਲੇ ਵਿਚ ਹੱਥ ਉੱਚਾ ਕਰਨ ਲਈ ਵਿਦੇਸ਼ੀ ਉਤਪਾਦਕਾਂ ਨੂੰ ਇਥੇ ਲਿਆਉਣ ਦੀਆਂ ਕੋਸ਼ਿਸ਼ਾਂ ਮਦਦਗਾਰ ਨਹੀਂ ਹੋਣਗੀਆਂ। ਚੀਨ ਨੇ ਆਲਮੀ ਕੰਪਨੀਆਂ ਨੂੰ ਮਾਲੀ ਪ੍ਰੇਰਕ ਅਤੇ ਸਸਤੀ ਮਜ਼ਦੂਰੀ ਮੁਹੱਈਆ ਕਰਵਾ ਕੇ ਆਪਣੇ ਕੋਲ ਬੁਲਾਉਣ ਦਾ ਤਜਰਬਾ ਕੀਤਾ ਹੈ ਪਰ ਇਸ ਨੇ ਚੀਨ ਦੀ ਆਪਣੇ ਤੌਰ 'ਤੇ ਤਕਨਾਲੋਜੀ ਪੱਖੋਂ ਜਪਾਨ, ਜਰਮਨੀ ਅਤੇ ਦੱਖਣੀ ਕੋਰੀਆ ਵਾਂਗ ਵੱਡੀ ਸ਼ਕਤੀ ਬਣਨ ਵਾਸਤੇ ਕੋਈ ਮਦਦ ਨਹੀਂ ਕੀਤੀ। ਮੁਲਕ ਦੇ ਮੈਨੂਫੈਕਚਰਿੰਗ ਦਾ ਧੁਰਾ ਹੋਣ ਵਜੋਂ ਜੋ ਦਿਖਾਵੇ ਕੀਤੇ ਜਾ ਰਹੇ ਹਨ, ਉਹ ਮਹਿਜ਼ ਵਿਦੇਸ਼ੀ ਕੰਪਨੀਆਂ ਲਈ ਸਹੂਲਤਾਂ ਤਿਆਰ ਕਰ ਕੇ ਦੇਣਾ ਹੈ ਤਾਂ ਕਿ ਉਹ ਵਸਤਾਂ ਬਣਾ ਸਕਣ ਤੇ ਉਨ੍ਹਾਂ ਨੂੰ ਬਰਾਮਦ ਕਰਨ, ਭਾਵ ਉਤਪਾਦਕਾਂ ਲਈ ਮਹਿਜ਼ ਗੁਦਾਮ ਬਣ ਜਾਣਾ।

ਦੁੱਖ ਦੀ ਗੱਲ ਹੈ ਕਿ ਮੋਦੀ ਸਰਕਾਰ ਮੈਨੂਫੈਕਚਰਿੰਗ ਦਾ ਧੁਰਾ ਬਣਨ ਲਈ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਆਪਣੀਆਂ ਇਕਾਈਆਂ ਕਾਇਮ ਕਰਨ ਲਈ ਚੁਣ ਕੇ ਚੀਨ ਵਰਗਾ ਹੀ ਗ਼ਲਤ ਕਦਮ ਚੁੱਕ ਰਹੀ ਹੈ। ਇਹ ਛੋਟੀ ਮਿਆਦ ਦਾ ਤਾਂ ਵਧੀਆ ਕਦਮ ਹੈ ਤਾਂ ਕਿ ਅਰਥਚਾਰਾ ਵਿਕਾਸ ਕਰੇ, ਬਰਾਮਦਾਂ ਵਿਚ ਇਜ਼ਾਫ਼ਾ ਹੋਵੇ ਅਤੇ ਨਾਲ ਹੀ ਆਲਮੀ ਸਪਲਾਈ ਲੜੀ ਦਾ ਅਹਿਮ ਹਿੱਸਾ ਬਣਿਆ ਜਾ ਸਕੇ ਪਰ ਇਹ ਸਫ਼ਰ ਬੱਸ ਇਥੇ ਹੀ ਖ਼ਤਮ ਹੋ ਜਾਂਦਾ ਹੈ।

ਵਿਦੇਸ਼ੀ ਕੰਪਨੀਆਂ ਜਦੋਂ ਵੀ ਚਾਹੁਣ, ਆਪਣਾ ਬੋਰੀ-ਬਿਸਤਰਾ ਗੋਲ ਕਰ ਕੇ ਕਿਤੇ ਹੋਰ ਜਾ ਸਕਦੀਆਂ ਹਨ; ਜਿਵੇਂ ਉਨ੍ਹਾਂ ਵਿਚੋਂ ਕੁਝ ਇਸ ਵੇਲੇ ਕਰ ਵੀ ਰਹੀਆਂ ਹਨ, ਉਹ ਚੀਨ ਤੋਂ ਕੰਮ ਸਮੇਟ ਕੇ ਭਾਰਤ ਆਉਣਾ ਚਾਹੁੰਦੀਆਂ ਹਨ ਜਾਂ ਫਿਰ ਚੀਨ ਤੋਂ ਵੀਅਤਨਾਮ ਜਾ ਰਹੀਆਂ ਹਨ। ਬਾਅਦ ਵਿਚ ਕਿਸੇ ਸਮੇਂ ਅਜਿਹੇ ਵਿਦੇਸ਼ੀ ਉਤਪਾਦਕ ਭਾਰਤ ਤੋਂ ਵੀ ਕਿਸੇ ਹੋਰ ਮੁਲਕ ਵਿਚ ਜਾ ਸਕਦੇ ਹਨ।

# ਕਸ਼ਮੀਰ 'ਚ ਦਹਿਸ਼ਤਗਰਦੀ ਦਾ ਖ਼ਾਤਮਾ

ਧਰਤੀ ਦਾ 'ਸੁਰਗ' ਅਖਵਾਉਣ ਵਾਲੀ ਕਸ਼ਮੀਰ ਵਾਦੀ 'ਚੋਂ ਦਹਿਸ਼ਤਗਰਦੀ ਦਾ ਖ਼ਾਤਮਾ ਹਾਲੇ ਤੱਕ ਨਹੀਂ ਹੋ ਸਕਿਆ ਹੈ। ਮੁਹਾਲੀ ਦੇ ਕਰਨਲ ਮਨਪ੍ਰੀਤ ਸਿੰਘ ਅਤੇ ਦੋ ਹੋਰ ਫ਼ੌਜੀ ਜਵਾਨਾਂ ਦੀ ਸ਼ਹਾਦਤ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਅਜਿਹੀਆਂ ਅੱਤਵਾਦੀ ਵਾਰਦਾਤਾਂ ਤੋਂ ਇਲਾਵਾ ਵੀ ਇਸ ਪਰਬਤੀ ਸੂਬੇ 'ਚ ਬਹੁਤ ਕੁਝ ਗ਼ਲਤ ਵਾਪਰ ਰਿਹਾ ਹੈ।

ਬੀਤੀ 25 ਅਗਸਤ ਨੂੰ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ 59 ਸਾਲਾ ਸਰਕਾਰੀ ਅਧਿਕਾਰੀ ਗੁਰਮੀਤ ਸਿੰਘ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ ਸੀ। ਉਸ ਤੋਂ ਅੱਠ ਦਿਨਾਂ ਬਾਅਦ ਦੱਖਣੀ ਕਸ਼ਮੀਰ ਦੇ ਤ੍ਰਾਲ 'ਚ 75 ਸਾਲਾ ਸੇਵਾ-ਮੁਕਤ ਸਰਕਾਰੀ ਅਫ਼ਸਰ ਕਰਨ ਸਿੰਘ ਦੀ ਲਾਸ਼ ਮਿਲ ਗਈ। ਜੰਮੂ-ਕਸ਼ਮੀਰ ਪੁਲਿਸ ਨੂੰ ਕਾਤਲਾਂ ਦੀ ਹਾਲੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲ ਸਕੀ ਹੈ। ਇਹ ਇਕ ਹਕੀਕਤ ਹੈ ਕਿ ਕਸ਼ਮੀਰ ਵਾਦੀ 'ਚ ਜੋ ਕੁਝ ਵੀ ਵਾਪਰਦਾ ਹੈ, ਉਸ ਦਾ ਨੋਟਿਸ ਕੌਮਾਂਤਰੀ ਪੱਧਰ 'ਤੇ ਜ਼ਰੂਰ ਲਿਆ ਜਾਂਦਾ ਹੈ।

ਖ਼ਾਸ ਤੌਰ 'ਤੇ ਪਾਕਿਸਤਾਨ 'ਚ ਬੈਠੇ ਭਾਰਤ-ਵਿਰੋਧੀ ਦਹਿਸ਼ਤਗਰਦ ਅਨਸਰਾਂ ਨੂੰ ਵੀ ਨਾਂਹ-ਪੱਖੀ ਟਿੱਪਣੀਆਂ ਕਰਨ ਦਾ ਮੌਕਾ ਮਿਲ ਜਾਂਦਾ ਹੈ ਜਦਕਿ ਵਾਦੀ 'ਚ ਅੱਤਵਾਦੀ ਵਾਰਦਾਤਾਂ ਨੂੰ ਉਹੀ ਲੋਕ ਅੰਜਾਮ ਦਿੰਦੇ ਹਨ। ਲਗਪਗ 135 ਕਿਲੋਮੀਟਰ ਲੰਬੀ ਖ਼ੂਬਸੂਰਤ ਵਾਦੀ ਪੀਰ ਪੰਜਾਲ ਦੀ ਪਰਬਤ-ਲੜੀ ਨਾਲ ਭਰਪੂਰ ਹੈ। ਇਹ ਪਰਬਤ ਹੀ ਪਾਕਿਸਤਾਨ ਤੇ ਚੀਨ ਦੀ ਕੌਮਾਂਤਰੀ ਸਰਹੱਦ ਵੀ ਬਣ ਜਾਂਦੇ ਹਨ। ਜਿਹਲਮ ਦਰਿਆ ਵਾਦੀ ਨੂੰ ਸਿੰਜਦਾ ਹੈ।

ਇਸ ਖੇਤਰ ਦੇ ਖ਼ੂਬਸੂਰਤ ਕੁਦਰਤੀ ਨਜ਼ਾਰੇ ਵੇਖਦਿਆਂ ਹੀ ਬਣਦੇ ਹਨ। ਪਾਕਿਸਤਾਨ ਵੱਲੋਂ ਭਾਰਤ ਤੋਂ ਬੰਗਲਾਦੇਸ਼ ਦਾ ਬਦਲਾ ਲੈਣ ਲਈ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਬਿਨਾਂ ਵਜ੍ਹਾ ਕਸ਼ਮੀਰ ਦਾ ਮੁੱਦਾ ਕੌਮਾਂਤਰੀ ਪੱਧਰ 'ਤੇ ਚੁੱਕਿਆ ਜਾਂਦਾ ਹੈ। ਉਸ ਦੇਸ਼ ਦੇ ਆਗੂ ਇਸੇ ਨੂੰ ਮੁੱਖ ਮੁੱਦਾ ਬਣਾ ਕੇ ਚੋਣਾਂ ਵੀ ਲੜਦੇ ਹਨ ਤੇ ਕਸ਼ਮੀਰੀ ਅਵਾਮ ਦੇ ਅਸਲ ਹਮਾਇਤੀ ਹੋਣ ਦੇ ਦਮਗਜੇ ਮਾਰਦੇ ਹਨ। ਭਾਰਤ ਸਰਕਾਰ ਨੇ ਜਦੋਂ ਪੰਜ ਅਗਸਤ 2019 ਨੂੰ ਧਾਰਾ 370 ਖ਼ਤਮ ਕੀਤੀ ਸੀ ਤਦ ਵੀ ਪਾਕਿ ਦੇ ਅਖੌਤੀ ਆਗੂਆਂ ਨੇ ਕਸ਼ਮੀਰ ਦੀ ਜਨਤਾ ਨੂੰ ਭੜਕਾਉਣ ਦੀ ਬਹੁਤ ਕੋਸ਼ਿਸ਼ ਕੀਤੀ ਸੀ।


ਉਦੋਂ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਜਾ ਕੇ ਵੀ ਅਪੀਲ ਕੀਤੀ ਸੀ ਪਰ ਭਾਰਤ ਸਰਕਾਰ ਨੇ ਸਪਸ਼ਟ ਕਰ ਦਿੱਤਾ ਸੀ ਕਿ ਕਿਸੇ ਹੋਰ ਦੇਸ਼ ਨੂੰ ਸਾਡੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣ ਦੀ ਲੋੜ ਨਹੀਂ ਹੈ। ਦੋ ਕਸ਼ਮੀਰੀ ਸਿੱਖਾਂ ਦੀ ਭੇਤਭਰੀ ਹਾਲਤ 'ਚ ਮੌਤ ਲਈ ਜ਼ਿੰਮੇਵਾਰ ਕਾਤਲਾਂ ਨੂੰ ਹਾਲੇ ਤੱਕ ਕਿਉਂ ਗ੍ਰਿਫ਼ਤਾਰ ਨਹੀਂ ਕੀਤਾ ਗਿਆ? ਕੀ ਪੁਲਿਸ ਤੇ ਹੋਰ ਜਾਂਚ ਅਧਿਕਾਰੀਆਂ ਨੂੰ ਇਹ ਨਹੀਂ ਪਤਾ ਲੱਗਾ ਕਿ ਜੰਮੂ-ਕਸ਼ਮੀਰ ਸਰਕਾਰ ਦੇ ਮਾਰਗ ਤੇ ਭਵਨ ਵਿਭਾਗ ਦੇ ਸਹਾਇਕ ਕਾਰਜਕਾਰੀ ਇੰਜੀਨੀਅਰ ਗੁਰਮੀਤ ਸਿੰਘ 'ਤੇ ਕੁਝ ਉੱਚ ਅਧਿਕਾਰੀਆਂ ਨੇ ਲਗਾਤਾਰ ਦਬਾਅ ਬਣਾਇਆ ਹੋਇਆ ਸੀ ਕਿਉਂਕਿ ਉਹ ਇਕ ਸਥਾਨਕ ਠੇਕੇਦਾਰ ਨੂੰ ਲਾਭ ਪਹੁੰਚਾਉਣਾ ਚਾਹੁੰਦੇ ਸਨ।

ਕੁਝ ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ ਪਰ ਉਨ੍ਹਾਂ ਨੂੰ ਥੋੜ੍ਹੀ ਪੁੱਛ-ਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਅਜਿਹੇ ਹਾਲਾਤ 'ਚ ਵਾਦੀ ਦੇ ਸਿੱਖਾਂ 'ਚ ਸਹਿਮ ਦਾ ਮਾਹੌਲ ਹੈ। ਸਥਾਨਕ ਵਾਸੀ ਪਿਛਲੇ ਕਾਲ਼ੇ ਦੌਰ ਦੇ ਸਮਿਆਂ ਵਾਂਗ ਦੁਬਾਰਾ ਹਿਜਰਤ ਕਰ ਕੇ ਨਾ ਜਾਣ, ਹੁਣ ਇਹ ਯਕੀਨੀ ਬਣਾਉਣ ਦੀ ਲੋੜ ਜਾਪਦੀ ਹੈ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੀ ਅਗਵਾਈ ਹੇਠਲੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਪ੍ਰਸ਼ਾਸਨ ਨੂੰ ਇਸ ਪਾਸੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਇਹ 'ਜੰਨਤ' ਕਿਤੇ 'ਦੋਜ਼ਖ਼' ਨਾ ਬਣ ਜਾਵੇ।

# ਓਜ਼ੋਨ ਪਰਤ ਸਦਕਾ ਹੀ ਧਰਤੀ 'ਤੇ ਜੀਵਨ ਸੰਭਵ ਹੈ

ਰਵਿੰਦਰ ਸਿੰਘ ਤਰੈਂ

ਪੂਰੇ ਵਿਸ਼ਵ 'ਚ 16 ਸਤੰਬਰ ਦਾ ਦਿਨ ਓਜ਼ੋਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਆਕਸੀਜਨ ਦੇ ਅਣੂਆਂ ਦੀ ਪਰਤ ਨੂੰ ਓਜ਼ੋਨ ਪਰਤ ਦਾ ਨਾਮ ਦਿੱਤਾ ਗਿਆ ਹੈ ਜੋ ਕਿ ਵਾਯੂਮੰਡਲ 'ਚ 10 ਤੋਂ 50 ਕਿਲੋਮੀਟਰ ਦੇ ਘੇਰੇ ਵਿਚ ਹੁੰਦੀ ਹੈ। ਇਹ ਪਰਤ ਸੂਰਜ ਤੋਂ ਆ ਰਹੀਆਂ ਬਹੁਤ ਖ਼ਤਰਨਾਕ ਕਿਰਨਾਂ ਤੋਂ ਸਾਨੂੰ ਸੁਰੱਖਿਅਤ ਰੱਖਦੀ ਹੈ। ਜੇ ਇਹ ਪਰਤ ਨਾ ਹੋਵੇ ਤਾਂ ਸੂਰਜ ਤੋਂ ਸਿੱਧੀਆਂ ਆ ਰਹੀਆਂ ਯੂ.ਵੀ. ਕਿਰਨਾਂ ਮਨੁੱਖੀ ਜ਼ਿੰਦਗੀ ਤੇ ਜੀਵ-ਜੰਤੂਆਂ ਨੂੰ ਖ਼ਤਰੇ 'ਚ ਪਾ ਸਕਦੀਆਂ ਹਨ। ਅੱਜ ਆਕਸੀਜਨ ਤੋਂ ਵੀ ਜ਼ਿਆਦਾ ਸਾਨੂੰ ਓਜ਼ੋਨ ਪਰਤ ਦੀ ਰੱਖਿਆ ਕਰਨ ਦੀ ਲੋੜ ਹੈ। ਸੰਨ 1985 'ਚ ਜਦੋਂ ਬ੍ਰਿਟਿਸ਼ ਵਿਗਿਆਨੀ ਖੋਜ ਲਈ ਐਂਟਾਰਕਟਿਕਾ ਗਏ ਸਨ ਤਾਂ ਓਥੇ ਓਜ਼ੋਨ ਪਰਤ ਵਿਚ ਛੇਕ ਹੋਣ ਦੀ ਗੱਲ ਸਾਹਮਣੇ ਆਈ ਸੀ ਜਿਸ ਦੀ ਪੁਸ਼ਟੀ ਨਾਸਾ ਵੱਲੋਂ ਵੀ ਖੋਜ ਤੋਂ ਬਾਅਦ ਕੀਤੀ ਗਈ ਸੀ। ਕੁਝ ਸਾਲਾਂ ਤੋਂ ਮਨੁੱਖ ਦੁਆਰਾ ਕੀਤੀਆਂ ਜਾ ਰਹੀਆਂ ਵਾਤਾਵਰਨ ਖ਼ਿਲਾਫ਼ ਗਤੀਵਿਧੀਆਂ, ਸਨਅਤਾਂ ਤੇ ਆਧੁਨਿਕ ਢੰਗ ਨਾਲ ਜ਼ਿੰਦਗੀ ਜਿਊਣ ਦੇ ਤਰੀਕਿਆਂ ਨੇ ਓਜ਼ੋਨ ਪਰਤ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਸਾਡੀ ਜ਼ਿੰਦਗੀ ਦੇ ਸੁਰੱਖਿਆ ਕਵਚ ਓਜ਼ੋਨ ਪਰਤ ਨੂੰ ਅਸੀਂ ਖ਼ਤਰੇ 'ਚ ਪਾਉਂਦੇ ਜਾ ਰਹੇ ਹਾਂ। ਜ਼ਿਆਦਾਤਰ ਫਰਿੱਜ, ਏਸੀ ਅਤੇ ਵਾਹਨਾਂ ਵਿੱਚੋਂ ਨਿਕਲਣ ਵਾਲੀਆਂ ਗੈਸਾਂ ਇਸ ਪਰਤ ਦੀ ਹੋਂਦ ਲਈ ਖ਼ਤਰਨਾਕ ਸਾਬਿਤ ਹੋ ਰਹੀਆਂ ਹਨ। ਇਸੇ ਖ਼ਤਰੇ ਨੂੰ ਭਾਂਪਦਿਆਂ 16 ਸਤੰਬਰ 1987 ਨੂੰ ਸੰਯੁਕਤ ਰਾਸ਼ਟਰ ਸਮੇਤ 45 ਹੋਰ ਦੇਸ਼ਾਂ ਨੇ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਪਦਾਰਥਾਂ ਦੀ ਵਰਤੋਂ ਘਟਾਉਣ ਲਈ ਮਾਂਟਰੀਅਲ ਪ੍ਰੋਟੋਕਾਲ ਸਮਝੌਤੇ ਤਹਿਤ ਦਸਤਖ਼ਤ ਕੀਤੇ ਸਨ।




ਮਾਂਟਰੀਅਲ ਪ੍ਰੋਟੋਕਾਲ ਦਾ ਉਦੇਸ਼ ਓਜ਼ੋਨ ਪਰਤ ਨੂੰ ਖ਼ਤਮ ਕਰਨ ਵਾਲੇ ਪਦਾਰਥਾਂ ਕਲੋਰੋਫਲੋਰੋ ਕਾਰਬਨ ਜੋ ਫਰਿੱਜਾਂ ਅਤੇ ਏਸੀ 'ਚੋਂ ਕਾਫ਼ੀ ਮਾਤਰਾ 'ਚ ਨਿਕਲ ਕੇ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਰਹੇ ਹਨ, ਉਨ੍ਹਾਂ ਦੀ ਵਰਤੋਂ ਨੂੰ ਘੱਟ ਕਰ ਕੇ ਓਜ਼ੋਨ ਪਰਤ ਦੀ ਰੱਖਿਆ ਕਰਨਾ ਸੀ। ਜੇ ਇਸ ਪਰਤ 'ਚ ਛੇਕ ਹੁੰਦੇ ਹਨ ਤਾਂ ਇਨਸਾਨਾਂ 'ਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਚਮੜੀ ਦਾ ਕੈਂਸਰ, ਉਮਰ ਤੋਂ ਪਹਿਲਾਂ ਬੁਢਾਪਾ, ਅੱਖਾਂ ਦੀ ਰੋਸ਼ਨੀ ਖ਼ਤਮ ਹੋਣਾ, ਪਾਚਨ ਤੰਤਰ ਦਾ ਕਮਜ਼ੋਰ ਹੋਣਾ ਆਦਿ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਪਰਤ ਧਰਤੀ 'ਤੇ ਹਵਾ ਮੰਡਲ ਦੇ ਤਾਪਮਾਨ ਨੂੰ ਵੀ ਕੰਟਰੋਲ ਕਰਦੀ ਹੈ। ਮਨੁੱਖ ਛੋਟੀਆਂ-ਮੋਟੀਆਂ ਕੋਸ਼ਿਸ਼ਾਂ ਰਾਹੀਂ ਇਸ ਸੁਰੱਖਿਆ ਕਵਚ ਨੂੰ ਬਚਾ ਸਕਦਾ ਹੈ। ਸਰਕਾਰਾਂ ਓਜ਼ੋਨ ਪਰਤ ਦੀ ਸੁਰੱਖਿਆ ਲਈ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਉਦਯੋਗਾਂ ਰਾਹੀਂ ਨਿਕਲਣ ਵਾਲੇ ਧੂੰਏਂ, ਕੈਮੀਕਲ ਪਲਾਂਟਾਂ 'ਚੋਂ ਨਿਕਲਣ ਵਾਲੀਆਂ ਗੈਸਾਂ, ਵਾਹਨਾਂ ਵਿੱਚੋਂ ਨਿਕਲਣ ਵਾਲੇ ਧੂੰਏਂ, ਰਬੜ ਤੇ ਪਲਾਸਟਿਕ ਦੇ ਟਾਇਰਾਂ ਨੂੰ ਸਾੜਨ ਤੋਂ ਰੋਕਣ ਆਦਿ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ।

ਵੱਧ ਪੇੜ-ਪੌਦੇ ਲਗਾ ਕੇ ਓਜ਼ੋਨ ਪਰਤ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ। ਸੋ, ਆਓ! ਓਜ਼ੋਨ ਪਰਤ ਨੂੰ ਸੁਰੱਖਿਅਤ ਰੱਖਣ ਦਾ ਅਹਿਦ ਲਈਏ।

# 'ਹੀਰੋਇਨ ਆਫ ਦਿ ਹਾਈਜੈਕਿੰਗ' ਨੀਰਜਾ ਭਨੋਟ



'ਜ਼ਿੰਦਗੀ ਵੱਡੀ ਹੋਣੀ ਚਾਹੀਦੀ ਐ, ਲੰਬੀ ਨਹੀਂ...' ਅਕਸਰ ਰਾਜੇਸ਼ ਖੰਨਾ ਦਾ ਇਹ ਡਾਇਲਾਗ ਬੋਲਣ ਵਾਲੀ ਉਨ੍ਹਾਂ ਦੀ ਫੈਨ ਨੀਰਜਾ ਭਨੋਟ ਨੇ ਸਿਰਫ਼ 23 ਸਾਲ ਦੀ ਉਮਰ ਵਿੱਚ ਅਜਿਹੀ ਬਹਾਦਰੀ ਦਿਖਾਈ ਕਿ ਅੱਜ ਦੁਨੀਆਂ ਉਨ੍ਹਾਂ ਨੂੰ 'ਹੀਰੋਇਨ ਆਫ ਦਿ ਹਾਈਜੈਕਿੰਗ' ਦੇ ਨਾਂ ਨਾਲ ਜਾਣਦੀ ਹੈ। ਸਤੰਬਰ 1986 ਵਿੱਚ ਹੋਏ ਜਹਾਜ਼ ਹਾਈਜੈਕ ਵਿੱਚ ਉਨ੍ਹਾਂ ਨੇ ਆਪਣੀ ਸਮਝਦਾਰੀ ਨਾਲ 300 ਤੋਂ ਵੱਧ ਲੋਕਾਂ ਦੀ ਜਾਨ ਬਚਾਈ ਸੀ। ਨੀਰਜਾ ਭਨੋਟ ਦੀ ਬਹਾਦਰੀ ਦੇ ਕਿੱਸੇ ਤੁਹਾਨੂੰ ਹਰ ਥਾਂ ਸੁਣਨ-ਪੜ੍ਹਨ ਨੂੰ ਮਿਲ ਜਾਣਗੇ, ਪਰ ਇੰਨੀ ਹਿੰਮਤ ਨਾਲ ਡਟ ਕੇ ਹਾਈਜੈਕਰਾਂ ਦਾ ਸਾਹਮਣਾ ਕਰਨ ਵਾਲੇ ਨੀਰਜਾ ਨਿੱਜੀ ਜ਼ਿੰਦਗੀ ਵਿੱਚ ਕਿਹੋ ਜਿਹੇ ਸਨ। ਇਸ ਲੇਖ ਵਿੱਚ ਅਸੀਂ ਤੁਹਾਨੂੰ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੇ ਕਈ ਅਹਿਮ ਤੇ ਦਿਲਚਸਪ ਕਿੱਸੇ ਦੱਸਾਂਗੇ ਤੇ 1986 ਦੇ ਉਸ ਹਾਈਜੈਕ ਹਾਦਸੇ ਦੀ ਵੀ ਗੱਲ ਕਰਾਂਗੇ।

### ਨੀਰਜਾ ਭਨੋਟ ਨੇ 1986 ਵਿੱਚ ਜਦੋਂ ਹਾਈਜੈਕਰਾਂ ਦਾ ਡਟ ਕੇ ਕੀਤਾ ਸਾਹਮਣਾ

5 ਸਤੰਬਰ 1986 ਨੂੰ 'ਪੈਨ ਅਮਰੀਕਨ ਵਰਲਡ ਏਅਰਵੇਜ਼ ਫਲਾਈਟ 73' ਮੁੰਬਈ ਤੋਂ ਕਰਾਚੀ ਅਤੇ ਫਰੈਂਕਫਰਟ ਹੁੰਦੇ ਹੋਏ ਨਿਊਯਾਰਕ ਜਾ ਰਹੀ ਸੀ। ਰਸਤੇ ਵਿੱਚ ਇਸ ਨੂੰ ਕਰਾਚੀ ਵਿੱਚ ਅਗਵਾ ਕਰ ਲਿਆ ਗਿਆ ਸੀ। ਹਾਈਜੈਕ ਵਿੱਚ ਸ਼ਾਮਲ 4 ਅਗਵਾਕਾਰਾਂ ਨੇ ਖ਼ੁਦ ਨੂੰ ਅਤੇ ਜਹਾਜ਼ ਨੂੰ ਉਡਾਉਣ ਦੀ ਯੋਜਨਾ ਬਣਾਈ ਸੀ। ਪਰ 16 ਘੰਟੇ ਬਾਅਦ ਜਹਾਜ਼ ਵਿੱਚ ਤੇਲ ਖ਼ਤਮ ਹੋ ਗਿਆ ਤੇ ਬਿਜਲੀ ਕੱਟ ਹੋ ਗਈ ਜਿਸ ਕਾਰਨ ਉਹ ਅਜਿਹਾ ਨਾ ਕਰ ਸਕੇ। ਨੀਰਜਾ ਭਨੋਟ ਉਸ ਜਹਾਜ਼ ਵਿੱਚ ਸੀਨੀਅਰ ਫਲਾਈਟ ਪਰਸਰ ਸਨ। ਉਨ੍ਹਾਂ ਨੇ ਆਪਣੀ ਸਮਝਦਾਰੀ ਦਿਖਾਉਂਦੇ ਹੋਏ ਪਹਿਲਾਂ ਜਹਾਜ਼ ਦੇ ਪਲਾਇਟਾਂ ਨੂੰ ਇਸਦੀ ਜਾਣਕਾਰੀ ਦਿੱਤੀ।



ਨੀਰਜਾ ਦੀ ਇਸ ਕਾਲ ਤੋਂ ਬਾਅਦ ਜਹਾਜ਼ ਦੇ ਪਾਇਲਟ, ਕੋ-ਪਾਇਲਟ ਅਤੇ ਫਲਾਈਟ ਇੰਜੀਨੀਅਰ ਐਮਰਜੈਂਸੀ ਰਸਤੇ ਤੋਂ ਭੱਜ ਗਏ। ਅਗਵਾਕਾਰਾਂ ਨਾਲ 16 ਘੰਟੇ ਦੀ ਜੱਦੋਜਹਿਦ ਤੋਂ ਬਾਅਦ ਨੀਰਜਾ ਨੇ ਹਨੇਰਾ ਹੁੰਦਿਆਂ ਹੀ ਜਹਾਜ਼ ਦੀ ਐਮਰਜੈਂਸੀ ਖਿੜਕੀ ਖੋਲ੍ਹ ਦਿੱਤੀ ਤੇ ਯਾਤਰੀ ਬਾਹਰ ਨਿਕਲਣ ਲੱਗੇ।

ਲਗਭਗ ਸਾਰੇ ਯਾਤਰੀ ਜਹਾਜ਼ ਵਿੱਚੋਂ ਬਾਹਰ ਨਿਕਲ ਚੁੱਕੇ ਸਨ ਪਰ ਤਿੰਨ ਛੋਟੇ ਬੱਚੇ ਜਹਾਜ਼ ਦੇ ਅੰਦਰ ਹੀ ਫਸੇ ਹੋਏ ਸਨ। ਨੀਰਜਾ ਜਦੋਂ ਉਨ੍ਹਾਂ ਬੱਚਿਆਂ ਨੂੰ ਜਹਾਜ਼ ਤੋਂ ਬਾਹਰ ਕੱਢ ਰਹੇ ਸਨ, ਉਸ ਵੇਲੇ ਅਗਵਾਕਾਰਾਂ ਦੀ ਨਜ਼ਰ ਨੀਰਜਾ ਉੱਤੇ ਪਈ। ਇਸ ਦੌਰਾਨ ਬੱਚੇ ਤਾਂ ਬਚ ਗਏ ਪਰ ਹਾਈਜੈਕਰਾਂ ਦੀਆਂ ਗੋਲੀਆਂ ਤੋਂ ਨੀਰਜਾ ਨਾ ਬਚ ਸਕੇ। ਇਸ ਫਲਾਈਟ ਵਿੱਚ ਕੁੱਲ 360 ਯਾਤਰੀ ਤੇ 19 ਕਰੂ ਮੈਂਬਰ ਸਨ। ਜਿਨ੍ਹਾਂ ਵਿੱਚੋਂ 22 ਲੋਕਾਂ ਦੀ ਜਾਨ ਚਲੀ ਗਈ ਤੇ 150 ਲੋਕ ਜ਼ਖ਼ਮੀ ਹੋਏ ਸਨ।

ਹਾਈਜੈਕਰ ਫਲਸਤੀਨੀ ਮੁਸਲਿਮ ਲੜਾਕੇ ਸਨ ਅਤੇ ਇਨ੍ਹਾਂ ਵਿੱਚ ਮੁੱਖ ਹਾਈਜੈਕਰ ਜ਼ਾਇਦ ਹਸਨ ਅਬਦ ਅਲ ਲਤੀਫ਼ ਮਸੂਦ ਅਲ-ਸਾਫਾਰੀਨੀ ਸੀ, ਜਿਸ ਨੂੰ ਪਾਕਿਸਤਾਨ ਨੇ 2001 ਵਿੱਚ ਅਮਰੀਕੀ ਜਾਂਚ ਏਜੰਸੀ ਫੈਡਰਲ ਬਿਊਰੋ ਇਨਵੈਸਟੀਗੇਸ਼ਨ ਨੂੰ ਸੌਂਪ ਦਿੱਤਾ। ਉਸ ਨੂੰ ਅਮਰੀਕਾ ਲਿਜਾਇਆ ਗਿਆ ਜਿੱਥੇ ਉਸ ਨੂੰ 160 ਸਾਲ ਦੀ ਸਜ਼ਾ ਸੁਣਾਈ ਗਈ।

### ਨੀਰਜਾ ਆਪਣੇ ਪਿਤਾ ਵਾਂਗ ਨਿਡਰ ਸੀ

ਸਾਲ 1987 ਵਿੱਚ ਨੀਰਜਾ ਨੂੰ ਉਨ੍ਹਾਂ ਦੀ ਇਸ ਬਹਾਦਰੀ ਲਈ ਭਾਰਤ ਸਰਕਾਰ ਵੱਲੋਂ ਅਸ਼ੋਕ ਚੱਕਰ, ਪਾਕਿਸਤਾਨ ਸਰਕਾਰ ਵੱਲੋਂ ਤਮਗਾ-ਏ-ਪਾਕਿਸਤਾਨ ਅਤੇ ਅਮਰੀਕੀ ਸਰਕਾਰ ਵੱਲੋਂ ਹੀਰੋਇਜ਼ਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। 2016 ਵਿੱਚ ਨੀਰਜਾ ਫ਼ਿਲਮ ਵੀ ਆਈ ਸੀ, ਜਿਸ ਵਿੱਚ ਸੋਨਮ ਕਪੂਰ ਨੇ ਨੀਰਜਾ ਭਨੋਟ ਦਾ ਕਿਰਦਾਰ ਅਦਾ ਕੀਤਾ ਹੈ। ਸਾਲ 2016 ਵਿੱਚ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਸੋਨਮ ਕਪੂਰ ਨੇ ਬੀਬੀਸੀ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਨੀਰਜਾ ਦੀ ਮਾਂ ਨੇ ਉਨ੍ਹਾਂ ਨੂੰ ਇੱਕ ਕਿੱਸਾ ਸੁਣਾਇਆ ਸੀ। ਨੀਰਜਾ ਦੀ ਮਾਂ ਰਮਾ ਭਨੋਟ ਜਦੋਂ ਅਸ਼ੋਕ ਚੱਕਰ ਲੈਣ ਗਏ ਤਾਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਕਿਹਾ ਕਿ ਤੁਸੀਂ ਰੋ ਕਿਉਂ ਰਹੇ ਹੋ, ਤੁਹਾਨੂੰ ਤਾਂ ਅਜਿਹੀ ਔਲਾਦ ਮਿਲਣ ਉੱਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ।

ਨੀਰਜਾ ਦੇ ਵੱਡੇ ਭਰਾ ਅਖਿਲ ਭਨੋਟ ਨੀਰਜਾ ਦੇ ਹਿੰਮਤ ਦੇ ਕਿੱਸੇ ਯਾਦ ਕਰਦੇ ਹਨ। ਅਖਿਲ ਭਨੋਟ ਦੱਸਦੇ ਹਨ,''ਨੀਰਜਾ ਕਿਸੇ ਕੋਲੋਂ ਡਰਦੀ ਨਹੀਂ ਸੀ, ਉਹ ਆਪਣੀ ਸੋਚ ਉੱਤੇ ਅੜੀ ਰਹਿੰਦੀ ਸੀ। ਉਹ ਸਾਡੇ ਪਿਤਾ ਵਾਂਗ ਨਿਡਰ ਸੀ ਤੇ ਉਨ੍ਹਾਂ ਤੋਂ ਹੀ ਪ੍ਰੇਰਿਤ ਸੀ।'' ਉਹ ਇੱਕ ਵਾਰ ਦਾ ਕਿੱਸਾ ਸੁਣਾਉਂਦਿਆ ਦੱਸਦੇ ਹਨ,''ਇੱਕ ਵਾਰ ਨੀਰਜਾ ਮੇਰੇ ਨਾਲ ਸਕੂਟਰ ਉੱਤੇ ਕਾਲਜ ਜਾ ਰਹੀ ਸੀ ਤੇ ਰਸਤੇ ਵਿੱਚ ਇੱਕ ਆਦਮੀ ਆਪਣੀ ਪਤਨੀ ਨਾਲ ਕੁੱਟਮਾਰ ਕਰ ਰਿਹਾ ਸੀ, ਨੀਰਜਾ ਨੇ ਉੱਥੇ ਹੀ ਸਕੂਟਰ ਰੁਕਵਾਇਆ ਤੇ ਜਾ ਕੇ ਉਸ ਆਦਮੀ ਦਾ ਹੱਥ ਫੜ ਲਿਆ।'' ''ਹਾਲਾਂਕਿ ਉਸ ਔਰਤ ਨੇ ਨੀਰਜਾ ਨੂੰ ਪਿੱਛੇ ਹਟਣ ਲਈ ਕਿਹਾ ਕਿ ਇਹ ਉਨ੍ਹਾਂ ਦਾ ਨਿੱਜੀ ਮਾਮਲਾ ਹੈ, ਫਿਰ ਵੀ ਨੀਰਜਾ ਹਟੀ ਨਹੀਂ ਤੇ ਅਸੀਂ ਬੜੀ ਮੁਸ਼ਕਿਲ ਨਾਲ ਸਮਝਾ ਕੇ ਉਸ ਨੂੰ ਘਰ ਲਿਆਏ।'' ''ਉਸ ਵੇਲੇ ਨੀਰਜਾ ਨੇ ਝੁਟਕੀ ਮਾਰ ਕੇ ਕਿਹਾ ਸੀ, ਇਸ ਜ਼ਿੰਦਗੀ ਨੇ ਲੰਘ ਜਾਣਾ ਹੈ ਤੇ ਪਤਾ ਵੀ ਨਹੀਂ ਲੱਗਣਾ। ਮੈਂ ਆਪਣੇ ਸਿਧਾਂਤਾ ਨਾਲ ਕਦੇ ਸਮਝੌਤਾ ਨਹੀਂ ਕਰਾਂਗੀ, ਉੱਥੇ ਜੋ ਹੋ ਰਿਹਾ ਸੀ ਉਹ ਮੇਰੇ ਕੋਲੋਂ ਬਰਦਾਸ਼ਤ ਨਹੀਂ ਹੋਇਆ।''

### ਏਅਰਹੋਸਟਸ ਦੇ ਨਾਲ-ਨਾਲ ਇੱਕ ਕਾਮਯਾਬ ਮਾਡਲ ਵੀ

7 ਸਤੰਬਰ 1963 ਨੂੰ ਜੰਮੇ ਨੀਰਜਾ ਇੱਕ ਪੰਜਾਬੀ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨੂੰ ਪਿਆਰ ਨਾਲ ਲਾਡੋ ਕਹਿ ਕੇ ਬੁਲਾਉਂਦਾ ਸੀ। ਉਨ੍ਹਾਂ ਦਾ ਪਰਿਵਾਰ ਚੰਡੀਗੜ੍ਹ ਦਾ ਰਹਿਣ ਵਾਲਾ ਹੈ। ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਪਿਤਾ ਹਰੀਸ਼ ਭਨੋਟ, ਮਾਂ ਰਮਾ ਭਨੋਟ ਤੇ ਦੋ ਵੱਡੇ ਭਰਾ ਅਨੀਸ਼ ਤੇ ਅਖਿਲ ਭਨੋਟ ਸਨ। ਉਨ੍ਹਾਂ ਦੇ ਪਿਤਾ ਹਰੀਸ਼ ਭਨੋਟ ਹਿੰਦੁਸਤਾਨ ਟਾਈਮਜ਼ ਵਿੱਚ ਬਤੌਰ ਪੱਤਰਕਾਰ ਨੌਕਰੀ ਕਰਦੇ ਸਨ। ਨੀਰਜਾ ਅਜੇ ਛੇਵੀਂ ਕਲਾਸ ਵਿੱਚ ਹੀ ਪੜ੍ਹਦੇ ਸਨ ਕਿ ਉਨ੍ਹਾਂ ਦੇ ਪਿਤਾ ਦੀ ਟਰਾਂ-ਸਫਰ ਮੁੰਬਈ ਹੋ ਗਈ।

ਮੁੰਬਈ ਵਿੱਚ ਹੀ ਉਨ੍ਹਾਂ ਨੇ ਆਪਣੀ ਅੱਗੇ ਦੀ ਸਕੂਲੀ ਪੜ੍ਹਾਈ ਕੀਤੀ। ਉਹ ਬੌਂਬੇ ਸਕੋਟਿਸ਼ ਸਕੂਲ ਵਿੱਚ ਪੜ੍ਹੇ ਤੇ ਫਿਰ ਜ਼ੇਵੀਅਰ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਪੜ੍ਹ-ਾਈ ਦੇ ਨਾਲ- ਨਾਲ ਹੀ ਨੀਰਜਾ ਮਾਡਲਿੰਗ ਵੀ ਕਰਨ ਲੱਗ ਗਏ ਸਨ। ਉਨ੍ਹਾਂ ਦਾ ਮਾਡਲਿੰਗ ਕਰੀਅਰ ਵੀ ਕਾਫ਼ੀ ਚੰਗਾ ਚੱਲ ਰਿਹਾ ਸੀ। ਨੀਰਜਾ ਨੇ 80 ਦੇ ਦੌਰ ਦੀਆਂ ਕਈ ਮਸ਼ਹੂਰ ਕੰਪਨੀਆਂ ਲਈ ਇਸ਼ਤਿਹਾਰ ਕੀਤੇ। ਉਨ੍ਹਾਂ ਦੇ ਭਰਾ ਅਖਿਲ ਦੱਸਦੇ ਹਨ ਕਿ ਨੀਰਜਾ ਨੇ ਸਿਰਫ਼ 19 ਸਾਲ ਦੀ ਉਮਰ ਵਿੱਚ ਹੀ ਮਾਡਲਿੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਅਖਿਲ ਭਨੋਟ ਉਨ੍ਹਾਂ ਦੇ ਮਾਡਲ ਬਣਨ ਦਾ ਕਿੱਸਾ ਵੀ ਸੁਣ-ਾਉਂਦੇ ਹਨ। ਉਹ ਕਹਿੰਦੇ ਹਨ, ''ਨੀਰਜਾ ਇੱਕ ਵਾਰ ਆਪਣੇ ਦੋਸਤਾਂ ਨਾਲ ਕਾਲਜ ਦੇ ਬਾਹਰ ਖੜ੍ਹੇ ਸਨ ਤੇ ਉਸ ਵੇਲੇ ਬੌਂਬੇ ਨਾਮ ਦੀ ਮੈਗਜ਼ੀਨ ਗਰਲਜ਼ ਨੈਕਸਟ ਡੋਰ ਨਾਮ ਦਾ ਆਰਟੀਕਲ ਕਰ ਰਹੀ ਸੀ, ਉਸਦੇ ਲਈ ਉਨ੍ਹਾਂ ਨੇ ਨੀਰਜਾ ਦੀ ਫੋਟੋ ਖਿੱਚ ਲਈ।'' ''ਜਦੋਂ ਉਹ ਫੋਟੋ ਮੈਗਜ਼ੀਨ ਵਿੱਚ ਛਪੀ ਤਾਂ ਇਹ ਦੇਖ ਕੇ ਉਨ੍ਹਾਂ ਨੂੰ ਕਈ ਮਸ਼ਹੂਰ ਕੰਪ-ਨੀਆਂ ਦੇ ਇਸ਼ਤਿਹਾਰ ਲਈ ਆਫਰ ਆਉਣ ਲੱਗੇ।'' ਨੀਰਜਾ ਨੇ ਵੱਖੋ-ਵੱਖ ਕੰਪਨੀਆਂ ਲਈ 70 ਤੋਂ 80 ਇਸ਼ਤਿਹਾਰ ਕੀਤੇ ਸਨ।

### ਹਰ ਵੇਲੇ ਹੱਸਣ ਵਾਲੀ ਨੀਰਜਾ ਦੀ ਜ਼ਿੰਦਗੀ 'ਚ ਇੱਕ ਦੁਖ ਵੀ ਆਇਆ

ਨੀਰਜਾ ਬਾਰੇ ਉਨ੍ਹਾਂ ਦੇ ਭਰਾ ਦੱਸਦੇ ਹਨ ਕਿ ਉਹ ਇੱਕ ਜ਼ਿੰਦਾ ਦਿਲ ਕੁੜੀ ਸੀ, ਮਿਊਜ਼ਿਕ ਨਾਲ ਉਸ ਨੂੰ ਬਹੁਤ ਪਿਆਰ ਸੀ ਤੇ ਹਮੇਸ਼ਾ ਸਭ ਨੂੰ ਹਸਾਉਂਦੀ ਸੀ। ਅਖਿਲ ਭਨੋਟ ਦੱਸਦੇ ਹਨ ਕਿ ਨੀਰਜਾ ਇੱਕ ਵਾਰ ਹੱਸਣਾ ਸ਼ੁਰੂ ਹੁੰਦੀ ਤੇ ਫਿਰ ਰੁਕਦੀ ਨਹੀਂ ਸੀ। ਹੱਸ-ਹੱਸ ਕੇ ਉਸਦੀਆਂ ਅੱਖਾਂ ਵਿੱਚ ਹੰਝੂ ਆ ਜਾਂਦੇ ਸੀ ਪਰ ਉਹ ਹੱਸਣੋ ਨਹੀਂ ਸੀ ਹਟਦੀ। ''ਜੇਕਰ ਪਰਿਵਾਰ ਵਿੱਚ ਕੋਈ ਰੋਂਦਾ ਜਾਂ ਉਦਾਸ ਹੁੰਦਾ ਤਾਂ ਉਸਦਾ ਇੱਕ ਹੀ ਡਾਇਲਾਗ ਹੁੰਦਾ ਸੀ, ਪੁਸ਼ਪਾ ਆਈ ਹੇਟ ਟੇਅਰਸ'।'' ਨੀਰਜਾ ਭਨੋਟ ਰਾਜੇਸ਼ ਖੰਨਾ ਦੇ ਬਹੁਤ ਵੱਡੇ ਫੈਨ ਸਨ ਤੇ ਅਕਸਰ ਉਨ੍ਹਾਂ ਦੇ ਡਾਇਲਾਗ ਬੋਲਦੇ ਸਨ। ਅਖਿਲ ਭਨੋਟ ਦੱਸਦੇ ਹਨ,'' ਨੀਰਜਾ ਬਹੁਤ ਵਾਰ ਰਾਜੇਸ਼ ਖੰਨਾ ਦਾ ਡਾਇਲਾਗ 'ਬਾਬੂਮੋਸ਼ਾਏ ਜ਼ਿੰਦਗੀ ਬੜੀ ਹੋਨੀ ਚਾਹੀਏ, ਲੰਬੀ ਨਹੀਂ...' ਬੋਲਦੇ ਸਨ।''

ਅਖਿਲ ਭਨੋਟ ਦੱਸਦੇ ਹਨ ਕਿ ਨੀਰਜਾ ਆਪਣੇ ਪਿਤਾ ਨੂੰ ਬਹੁਤ ਮੰਨਦੀ ਸੀ ਤੇ ਕਦੇ ਵੀ ਉਨ੍ਹਾਂ ਦਾ ਕਿਹਾ ਨਹੀਂ ਮੋੜਦੀ ਸੀ। 1985 ਵਿੱਚ ਉਨ੍ਹਾਂ ਦੇ ਪਿਤਾ ਉਨ੍ਹਾਂ ਲਈ ਰਿਸ਼ਤਾ ਲੈ ਕੇ ਆਏ। ਵਿਆਹ ਨਾ ਕਰਵਾਉਣ ਦੀ ਇੱਛਾ ਰੱਖਣ ਵਾਲੇ ਨੀਰਜਾ ਨੇ ਆਪਣੇ ਪਿਤਾ ਦਾ ਕਿਹਾ ਨਾ ਮੋੜਿਆ ਤੇ ਉਨ੍ਹਾਂ ਦੀ ਖੁਸ਼ੀ ਲਈ ਵਿਆਹ ਕਰਵਾ ਲਿਆ। ਵਿਆਹ ਤੋਂ ਬਾਅਦ ਉਨ੍ਹਾਂ ਦੇ ਪਤੀ ਨੀਰਜਾ ਨੂੰ ਆਪਣੇ ਨਾਲ ਸ਼ਾਰਜਾਂ ਲੈ ਗਏ। ਅਖਿਲ ਭਨੋਟ ਮੁਤਾਬਕ ਨੀਰਜਾ ਸਿਰਫ਼ ਉੱਥੇ ਦੋ ਮਹੀਨੇ ਹੀ ਰਹੇ। ਉਨ੍ਹਾਂ ਦੇ ਪਤੀ ਵੱਲੋਂ ਉਨ੍ਹਾਂ ਨੂੰ ਦਹੇਜ ਲਈ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ। ਜਿਸ ਸਭ ਤੋਂ ਦੁਖੀ ਨੀਰਜਾ ਕਿਸੇ ਬਹਾਨੇ ਮੁੰਬਈ ਪਰਤ ਆਈ ਤੇ ਫਿਰ ਕਦੇ ਵਾਪਿਸ ਨਹੀਂ ਗਈ।

### ਨੀਰਜਾ ਦੀ ਏਅਰਹੋਸਟਸ ਬਣਨ ਦੀ ਇੱਛਾ ਵੀ ਨਹੀਂ ਸੀ

ਸ਼ਾਰਜਾਂ ਤੋਂ ਮੁੰਬਈ ਪਰਤਣ ਤੋਂ ਬਾਅਦ ਨੀਰਜਾ ਨੇ ਮੁੜ ਆਪਣੇ ਮਾਡਲਿੰਗ ਕਰੀਅਰ ਨੂੰ ਜਾਰੀ ਕੀਤਾ। ਉਨ੍ਹਾਂ ਦੀ ਇੱਕ ਸਹੇਲੀ ਨੇ ਏਅਰਲਾਈਨ 'ਪੈਨ ਐਮ' ਵਿੱਚ ਏਅਰਹੋਸਟਸ ਦੀ ਨੌਕਰੀ ਲਈ ਅਪਲਾਈ ਕੀਤਾ ਸੀ।ਅਖਿਲ ਭਨੋਟ ਦੱਸਦੇ ਹਨ ਕਿ ਉਨ੍ਹਾਂ ਦੀ ਸਹੇਲੀ ਨੇ ਨੀਰਜਾ ਨੂੰ ਬੇਨਤੀ ਕੀਤੀ ਕਿ ਉਹ ਇੰਟਰਵਿਊ ਵੇਲੇ ਉਨ੍ਹਾਂ ਦੇ ਨਾਲ ਚੱਲੇ ਤੇ ਮੇਕਅਪ ਵਿੱਚ ਉਨ੍ਹਾਂ ਦੀ ਮਦਦ ਕਰੇ। ਇਸ ਦੌਰਾਨ ਹੀ ਨੀਰਜਾ ਨੂੰ ਵੇਖ ਏਅਰਲਾਈਨ ਦੇ ਕਿਸੇ ਸ਼ਖ਼ਸ ਨੇ ਸਲਾਹ ਦਿੱਤੀ ਕਿ ਉਹ 'ਪੈਨ ਐਮ' ਵਿੱਚ ਭਰਤੀ ਲਈ ਅਪਲਾਈ ਕਰਨ।

ਨੀਰਜਾ ਨੂੰ ਏਅਰਹੋਸਟਸ ਦੇ ਲਈ ਚੁਣ ਲਿਆ ਗਿਆ ਤੇ ਟ੍ਰੇਨਿੰਗ ਲਈ ਮਿਆਮੀ ਭੇਜਿਆ ਗਿਆ। ਮਿਆਮੀ ਵਿੱਚ ਹੀ ਟ੍ਰੇਨਿੰਗ ਦੌਰਾਨ ਨੀਰਜਾ ਨੂੰ ਪਰਸਰ ਵਜੋਂ ਪ੍ਰਮੋਟ ਕਰ ਦਿੱਤਾ ਗਿਆ। ਨੀਰਜਾ 1986 ਵਿੱਚ ਹੀ 'ਪੈਨ ਐਮ' ਵਿੱਚ ਭਰਤੀ ਹੋਏ ਸਨ। ਜਿਸ ਦਿਨ ਉਨ੍ਹਾਂ ਦਾ ਜਹਾਜ਼ ਹਾਈਜੈਕ ਹੋਇਆ, ਉਸ ਦਿਨ ਇਹ ਉਨ੍ਹਾਂ ਦੀ ਸਤਵੀਂ ਯਾਤਰਾ ਸੀ।

5 ਸਤੰਬਰ 1986 ਨੂੰ ਜਿਸ ਦਿਨ ਕਰਾਚੀ ਵਿੱਚ 'ਪੈਨ ਐਮ' ਜਹਾਜ਼ ਹਾਈਜੈਕ ਕੀਤਾ ਗਿਆ, ਉਸ ਦਿਨ ਨੀਰਜਾ ਦੀ ਛੁੱਟੀ ਸੀ। ਉਨ੍ਹਾਂ ਦੇ ਕਰੂ ਵਿੱਚੋਂ ਕਿਸੇ ਹੋਰ ਦੀ ਡਿਊਟੀ ਸੀ। ਅਖਿਲ ਭਨੋਟ ਦੱਸਦੇ ਹਨ,''ਉਸ ਦਿਨ ਜਿਸਦੀ ਡਿਊਟੀ ਸੀ, ਉਸ ਵੱਲੋਂ ਸੰਦੇਸ਼ ਆਇਆ ਕਿ ਸਿਹਤ ਖ਼ਰਾਬ ਹੋਣ ਕਰਕੇ ਉਹ ਡਿਊਟੀ ਨਹੀਂ ਦੇ ਸਕਗੀ।'' ''ਫਿਰ ਨੀਰਜਾ ਨੂੰ ਬੇਨਤੀ ਕੀਤੀ ਗਈ ਤੇ ਉਹ ਜਾਣ ਲਈ ਤਿਆਰ ਹੋ ਗਈ।''

ਇਸ ਹਾਦਸੇ ਤੋਂ ਕਰੀਬ ਇੱਕ ਹਫ਼ਤਾ ਪਹਿਲਾਂ ਹੀ ਐਂਟੀ ਹਾਈਜੈਕ ਟ੍ਰੇਨਿੰਗ ਲੈ ਕੇ ਨੀਰਜਾ ਲੰਡਨ ਤੋਂ ਪਰਤੇ ਸਨ। ਨੀਰਜਾ ਨੇ ਜਦੋਂ ਘਰ ਆ ਕੇ ਇਸ ਟ੍ਰੇਨਿੰਗ ਦਾ ਆਪਣੇ ਪਰਿਵਾਰ ਸਾਹਮਣੇ ਜ਼ਿਕਰ ਕੀਤਾ ਤਾਂ ਉਨ੍ਹਾਂ ਦਾ ਪਰਿਵਾਰ ਬਹੁਤ ਡਰ ਗਿਆ ਸੀ, ਖਾਸ ਕਰਕੇ ਉਨ੍ਹਾਂ ਦੀ ਮਾਂ। ਅਖਿਲ ਭਨੋਟ ਦੱਸਦੇ ਹਨ ਕਿ ਉਸ ਵੇਲੇ ਮੇਰੀ ਮਾਂ ਨੇ ਕਿਹਾ ਸੀ ਕਿ ਇਹ ਬਹੁਤ ਔਖਾ ਕੰਮ ਹੈ, ਇਸ ਨੂੰ ਛੱਡ ਦੇ। ਤਾਂ ਅੱਗੋ ਨੀਰਜਾ ਦਾ ਜਵਾਬ ਸੀ ਔਖੇ ਕੰਮ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਛੱਡ ਦਿੱਤਾ ਜਾਵੇ। ਅਖਿਲ ਭਨੋਟ ਕਹਿੰਦੇ ਹਨ, ਮੇਰੀ ਮਾਂ ਨੇ ਕਿਹਾ ਸੀ ਕਿ ਜੇਕਰ ਕਦੇ ਹਾਈਜੈਕਿੰਗ ਹੋ ਜਾਵੇ ਤਾਂ ਤੂੰ ਉੱਥੋਂ ਦੌੜ ਜਾਵੀਂ।'' ਅਖਿਲ ਕਹਿੰਦੇ ਹਨ ਨੀਰਜਾ ਨੇ ਅੱਗੋਂ ਕਿਹਾ ਸੀ,''ਜੇ ਸਾਰੇ ਮਾਪੇ ਅਜਿਹੀਆਂ ਗੱਲਾਂ ਸੋਚਣਗੇ ਤਾਂ ਦੇਸ਼ ਦਾ ਕੀ ਬਣੇਗਾ, ਮੈਂ ਮਰ ਜਾਵਾਂਗੀ ਪਰ ਕਦੇ ਵੀ ਦੌੜਾਂਗੀ ਨਹੀਂ।''

ਅਖਿਲ ਭਨੋਟ ਦੱਸਦੇ ਹਨ ਕਿ ਉਸ ਦਿਨ ਡਿਊਟੀ 'ਤੇ ਜਾਣ ਤੋਂ ਪਹਿਲਾਂ ਨੀਰਜਾ ਇੱਕ ਇਸ਼ਤਿਹਾਰ ਲਈ ਸ਼ੂਟ ਕਰਕੇ ਰਾਤ ਕਰੀਬ 8 ਵਜੇ ਘਰ ਪਹੁੰਚੀ ਸੀ। ਆਪਣੇ ਉਸ ਸ਼ੂਟ ਬਾਰੇ ਉਸ ਨੇ ਪਰਿਵਾਰ ਨਾਲ ਗੱਲਾਂ ਸਾਂਝੀਆਂ ਕੀਤੀਆਂ। ਫਿਰ ਉਸ ਦੇ ਜਨਮ ਦਿਨ ਬਾਰੇ ਚਰਚਾ ਹੋਣ ਲੱਗੀ ਤਾਂ ਉਸਦਾ ਕਹਿਣਾ ਸੀ ਕਿ ਉਹ ਇਸ ਵਾਰ ਦੋਸਤਾਂ ਨਾਲ ਨਹੀਂ ਸਗੋਂ ਸਿਰਫ਼ ਪਰਿਵਾਰ ਨਾਲ ਹੀ ਜਨਮ ਦਿਨ ਮਨਾਵੇਗੀ। ਅਖਿਲ ਭਨੋਟ ਕਹਿੰਦੇ ਹਨ,'' ਪਰ... ਜਨਮ ਦਿਨ ਵਾਲੇ ਦਿਨ ਹੀ ਉਸਦੀ ਲਾਸ਼ ਘਰ ਆਈ।''

### 'ਉਸ ਨੇ ਵਾਪਿਸ ਨਹੀਂ ਆਉਣਾ...'

ਅਖਿਲ ਭਨੋਟ ਕਹਿੰਦੇ ਹਨ,''ਜਦੋਂ ਹਾਈਜੈਕਿੰਗ ਬਾਰੇ ਸਾਡੇ ਘਰ ਵਿੱਚ ਪਤਾ ਲੱਗਿਆ ਤਾਂ ਮੇਰੇ ਪਿਤਾ ਨੇ ਕਿਹਾ ਕਿ ਉਸ ਨੇ ਵਾਪਿਸ ਨਹੀਂ ਆਉਣਾ। ਮੇਰੀ ਮਾਂ ਨੇ ਵੀ ਅੰਦਰੋਂ ਕਿਤੇ ਨਾ ਕਿਤੇ ਹਿੰਮਤ ਛੱਡ ਦਿੱਤੀ ਸੀ।'' ''ਮੇਰੇ ਪਿਤਾ ਇੱਕ ਪੱਤਰਕਾਰ ਸਨ ਤੇ ਉਨ੍ਹਾਂ ਨੂੰ ਸਾਰੇ ਅਪਡੇਟਸ ਮਿਲ ਰਹੇ ਸਨ।''

''ਪਰਿਵਾਰ ਦਾ ਮੰਨਣਾ ਸੀ ਕਿ ਜਹਾਜ਼ ਵਿੱਚ ਹਥਿਆਰਾਂ ਨਾਲ ਲੈਸ 4 ਹਾਈਜੈਕਰਸ ਹਨ ਤੇ ਨੀਰਜਾ ਡਰਨ ਵਾਲੀ ਨਹੀਂ ਹੈ, ਉਸ ਨੇ ਵਾਪਿਸ ਨਹੀਂ ਆਉਣਾ।''

# ਭਾਰਤ ਦੇ 3 ਵਿਗਿਆਨੀ ਹੁਣ ਸਮੁੰਦਰ ਦੀ ਡੂੰਘਾਈ ਵਿੱਚ ਕਰਨਗੇ ਖੋਜ

ਭਾਰਤ ਨੇ ਹੁਣ ਸਮੁੰਦਰ ਦੀ ਡੂੰਘਾਈ ਵਿੱਚ ਲੁਕੇ ਰਹੱਸਾਂ ਨੂੰ ਜਾਣਨ ਲਈ ਇੱਕ ਨਵੇਂ ਮਿਸ਼ਨ ਦੀ ਤਿਆਰੀ ਕਰ ਲਈ ਹੈ। ਇਸ ਲਈ ਇੱਕ ਪਣਡੁੱਬੀ ਜ਼ਰੀਏ ਤਿੰਨ ਵਿਅਕਤੀਆਂ ਨੂੰ ਸਮੁੰਦਰ ਦੀਆਂ ਡੂੰਘਾਈਆਂ ਵਿੱਚ ਅਧਿਐਨ ਲਈ ਭੇਜਿਆ ਜਾਵੇਗਾ। ਇਸ ਪਣਡੁੱਬੀ ਦਾ ਨਾਂ 'ਮਤਸਿਆ 6000' ਰੱਖਿਆ ਗਿਆ ਹੈ। ਚੰਦਰਯਾਨ, ਅਦਿੱਤਿਆ ਐਲ-1 ਅਤੇ ਗਗਨਯਾਨ ਵਾਂਗ ਇਹ ਵੀ ਭਾਰਤ ਦਾ ਇੱਕ ਵੱਡਾ ਵਿਗਿਆਨਕ ਮਿਸ਼ਨ ਹੈ। ਸੰਸਾਰ ਦੇ ਬਹੁਤ ਘੱਟ ਮੁਲਕ ਸਮੁੰਦਰ ਦੀ ਇੰਨੀ ਡੂੰਘਾਈ ਵਿੱਚ ਮਨੁੱਖਾਂ ਨੂੰ ਭੇਜਣ ਵਿੱਚ ਸਫ਼ਲ ਹੋ ਸਕੇ ਹਨ। ਜੇਕਰ ਇਹ ਮਿਸ਼ਨ ਸਫ਼ਲ ਰਹਿੰਦਾ ਹੈ ਤਾਂ ਭਾਰਤ, ਅਮ-ਰੀਕਾ, ਰੂਸ, ਜਾਪਾਨ, ਫ਼ਰਾਂਸ ਅਤੇ ਚੀਨ ਵਰਗੇ ਮੁਲਕਾਂ ਦੇ ਸਮੂਹ ਵਿੱਚ ਸ਼ਾਮਲ ਹੋ ਜਾਵੇਗਾ। ਚੇਨਈ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਨਾਲ-ਨਾਲ ਇਸਰੋ (ਭਾਰਤੀ ਪੁਲਾੜ ਏਜੰਸੀ) ਇਸ ਅਭਿਆਨ 'ਚ ਖ਼ਾਸ ਭੂਮਿਕ ਨਿਭਾ ਰਿਹਾ ਹੈ। ਇਸ ਮਿਸ਼ਨ ਦਾ ਮੁੱਢਲਾ ਟੀਚਾ ਸਮੁੰਦਰ ਦੀ ਛੇ ਕਿਲੋਮੀਟਰ ਡੂੰਘਾਈ ਤੱਕ ਅਧਿਐਨ ਕਰਨਾ ਹੈ। ਇਹ ਮਿਸ਼ਨ ਸਮੁੰਦਰ ਵਿਚਲੀ ਜੈਵ ਵਿਭਿੰਨਤਾ ਦਾ ਨਿਰੀਖਣ ਵੀ ਕਰੇਗਾ। ਸਮੁੰਦਰ ਵਿੱਚ ਮੌਜੂਦ ਅਜਿਹੇ ਸਰੋਤਾਂ ਦੀ ਵਰਤੋਂ ਦੀ ਸੰਭਾਵਨਾ ਵੀ ਤਲਾਸ਼ੇਗਾ ਜੋ ਭਾਰਤ ਦੀ ਤਰੱਕੀ ਵਿੱਚ ਸਹਾਈ ਹੋ ਸਕਦੇ ਹਨ।



11 ਸਤੰਬਰ ਨੂੰ ਭਾਰਤ ਦੇ 'ਭੂ-ਵਿਗਿਆਨ' ਮੰਤਰੀ ਕਿਰਨ ਰਿਜੀਜੂ ਨੇ ਚੇਨਈ ਸਥਿਤ ਐੱਨਆਈਓਟੀ ਦੇ ਕੇਂਦਰੀ ਦਫ਼ਤਰ ਦੇ ਫ਼ੇਰੇ ਤੋਂ ਬਾਅਦ ਸੋਸ਼ਲ ਮੀਡਿਆ ਉੱਤੇ ਜਾਣਕਾਰੀ ਸਾਂਝੀ ਕੀਤੀ, "ਦੇਸ਼ ਇਸ ਮਿਸ਼ਨ ਲਈ ਤਿਆਰ ਹੈ।" ਉਨ੍ਹਾਂ ਕਿਹਾ, "ਇਹ ਪਣਡੁੱਬੀ ਸਮੁੰਦਰ ਦੇ ਵਾਤਾਵਰਣ ਨਾਲ ਛੇੜਛਾੜ ਨਹੀਂ ਕਰੇਗੀ। ਇਹ ਮਿਸ਼ਨ

(ਬਾਕੀ ਸਫਾ 15 'ਤੇ)

# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ





Gurdial Aujla

Darshan Aujla
510-750-6116

1421 Industrial Parkway West #C
Hayward, CA 94644

510-538-2983

# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ,
ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ
ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ
ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ
ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# Moon Indian Cuisine

MOON indian cuisine

510-780-9233



ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ
ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170

www.moonindiancuisine.net


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



NEW India SWEETS SPICES CHAT HOUSE

WHOLESALE PRICES



(559) 225-2824

Shaw & Feland, Next to FOODMAXX







3225 W SHAW AVE. # 103 FRESNO CA 93711

OFFICIAL LAMP ADJUSTING STATION

OFFICIAL CALIFORNIA BRAKE & LAMP INSPECTION

OFFICIAL BRAKE ADJUSTING STATION

SMOG CHECK

# Quick Lube & Smog

Auto repair, Diagnostics & Smog Check Station

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

510-757-6775

SUKHWINDER BHELLA

gogibhella@gmail.com

691 W. Tennyson Rd Hayward, CA 94544



Cosmetic & Family Dentistry

# UPPAL DENTAL CARE

50 % Discount for Cash Patients

INVISALIGN

Call for Details

Straighten Teeth Without Wires

FREE TEETH WHITENING WITH PAID EXAM, X-RAY & CLEANING. YOUR INSURANCE USUALLY COVER THESE SERVICES



Charanjit S Uppal D.D.S.

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards

Most Insurance Plans Accepted

1191 W Tennyson Rd. # 4, Hayward. (CA) 94544
510-786-1780

1750 CLEAR LAKE AVE Milpitas, CA 95035
408-942-4400

www.uppaldental.com

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day


DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# ਯਾਤਰਾ ਪਾਕਿਸਤਾਨ ਦੀ



ਡਾ. ਅਜੀਤ ਸਿੰਘ ਕੋਟਕਪੂਰਾ

ਵਾਰਿਸ ਸ਼ਾਹ ਨੇ ਲਿਖਿਆ ਹੈ ਕਿ
ਮੁਆਫ ਕਰਨਾ ਜੀ ਅਸਾਂ ਨਿਮਾਣਿਆਂ ਨੂੰ,
ਕੌਣ ਜੰਮਿਆਂ ਜੋ ਗੁਨਾਹਗਾਰ ਨਹੀਂ ।

ਅਸੀਂ ਵੀ ਉਸ ਬਖਸ਼ਣਹਾਰ ਦੇ ਗੁਨਾਹਗਾਰ ਹਾਂ ਅਤੇ ਯਤਨਸ਼ੀਲ ਹਾਂ ਗੁਰੂ ਸਾਹਿਬ ਜੀਆਂ ਤੋਂ ਆਪਣੇ ਗੁਨਾਹ ਬਖਸ਼ਾ ਸਕੀਏ ।

ਮੌਲਾਨਾ ਜਲਾਲੂਦੀਨ ਰੂਮੀ ਜੀ ਲਿਖਦੇ ਹਨ ਕਿ
ਜਾਵੇਂਗਾ ਦੂਰ ਜਦੋਂ ਆਪਣੀਆਂ ਜੜ੍ਹਾਂ ਤੋਂ,
ਤਾਂ ਮਾਰੇਂਗਾ ਆਵਾਜ਼ ਆਪਣੀਆਂ ਜੜ੍ਹਾਂ ਨੂੰ,
ਤੇਰੀ ਆਵਾਜ਼ ਦਾ ਹੁੰਗਾਰਾ ਮਿਲੇਗਾ ਜਦੋਂ,
ਤਾਂ ਮਿਲੇਗਾ ਆਪਣੀਆਂ ਜੜ੍ਹਾਂ ਤੋਂ ।

ਅਸੀਂ ਵੀ ਆਪਣੇ ਵਡੇਰਿਆਂ ਭਾਵ ਦਾਦੇ ਅਤੇ ਪੜਦਾਦੇ ਦੀ ਜਨਮ ਭੂਮੀ ਅਤੇ ਕਰਮ ਭੂਮੀ ਦੇ ਦਰਸ਼ਨ ਕਰਨ ਖਾਤਿਰ ਅਤੇ ਆਪਣੀਆਂ ਜੜ੍ਹਾਂ ਬਾਰੇ ਜਾਨਣ ਖਾਤਿਰ ਪਾਕਿਸਤਾਨ ਜਾਣ ਦਾ ਪ੍ਰੋਗਰਾਮ ਬਣਾਇਆ ਤੇ ਉਸ ਉਪਰ ਅਮਲ ਕਰਨ ਖਾਤਿਰ ਮਿਤੀ 18/07/2023 ਨੂੰ ਅਸੀਂ ਤੋਂ ਭਾਵ ਮੈਂ ਅਤੇ ਮੇਰੀ ਪਤਨੀ ਹੈ, ਕੋਟਕਪੂਰੇ ਤੋਂ ਸਵੇਰੇ ਲਗਭਗ 6.30 ਸਵੇਰੇ ਚਲੇ ਸੀ ਲਗਭਗ 9.30 ਵਜੇ ਅਸੀਂ ਅਮ੍ਰਿਤਸਰ ਪੁੱਜ ਗਏ ਸਾਂ। ਅਟਾਰੀ /ਵਾਘਾ ਸਰਹਦ ਰਾਹੀਂ ਪਾਕਿਸਤਾਨ ਵਿਚ ਦਾਖਲ ਹੋਏ । ਭਾਰਤ ਵਿਚ ਇਮੀਗ੍ਰੇਸ਼ਨ ਚੈਕ ਵੇਲੇ ਪੋਲੀਓ ਬੂੰਦਾਂ ਪਿਲਾਈਆਂ ਗਈਆਂ। ਉਸ ਤੋਂ ਬਾਅਦ ਸਮਾਨ ਦੀ ਸਕਰੀਨਿੰਗ ਹੋਈ ਫਿਰ ਸਮਾਨ ਨੂੰ ਖੁਲਵਾ ਕੇ ਚੈਕ ਕੀਤਾ ਗਿਆ। ਕੁਲੀਆਂ ਦੀ ਮਦਦ ਮਿਲੀ ਅਤੇ ਮੇਰੀ ਪਤਨੀ ਲਈ ਵੀਹਲ ਚੇਅਰ ਵੀ ਮਿਲ ਗਈ ਸੀ। ਕੁਲੀ ਤੇ ਚੇਅਰ ਵਾਲਿਆਂ ਨੇ ਸਾਨੂੰ ਬਸ ਵਿਚ ਬਿਠਾ ਦਿੱਤਾ। ਜਦੋਂ ਬਸ ਵਿਚ ਕਾਫੀ ਸਵਾਰੀਆਂ ਹੋ ਗਈਆਂ ਤਾਂ ਸਾਨੂੰ ਬਸ ਰਾਹੀਂ ਜ਼ੀਰੋ ਪੁਆਇੰਟ ਤੇ ਲਿਜਾਇਆ ਗਿਆ ਸਮਾਨ ਲਈ ਬਸ ਦੇ ਪਿੱਛੇ ਇਕ ਟਰਾਲੀ ਲਗਾਈ ਹੋਈ ਸੀ ਉਸ ਵਿਚ ਕੁਲੀਆਂ ਵਲੋਂ ਸਮਾਨ ਟਿਕਾਇਆ ਗਿਆ ਸੀ। ਬਸ ਆਪਣੇ ਰਾਹ ਪਈ। ਸਮਾਨ ਸਮੇਤ ਸਾਨੂੰ ਜ਼ੀਰੋ ਪੁਆਇੰਟ ਤੇ ਪੁਚਾਇਆ ਗਿਆ। ਉਥੇ ਸਮਾਨ ਸਵਾਰੀਆਂ ਨੇ ਬਸ ਦੇ ਕਾਮਿਆਂ ਦੀ ਮਦਦ ਨਾਲ ਸਮਾਨ ਟਰਾਲੀ ਵਿਚੋਂ ਉਤਾਰ ਕੇ ਚੈਕ ਕਰਵਾ ਕੇ ਜ਼ੀਰੋ ਪੁਆਇੰਟ ਤੇ ਆਪਣੇ ਵਲੋਂ ਹੀ ਪੁਚਾਇਆ ਗਿਆ ਭਾਵੇਂ ਸਮਾਨ ਲੈ ਕੇ ਜਾਣ ਲਈ ਛੋਟੀਆਂ ਟਰਾਲੀਆਂ ਉਥੇ ਮੌਜੂਦ ਸਨ। ਟਰਾਲੀ ਵਿਚ ਸਮਾਨ ਸਵਾਰੀਆਂ ਨੇ ਖੁਦ ਰਖਿਆ ਸੀ ਤੇ ਖੁਦ ਹੀ ਟਰਾਲੀ ਲੈ ਕੇ ਜ਼ੀਰੋ ਪੁਆਇੰਟ ਤੇ ਪੁਚਾਇਆ ਗਿਆ ਸੀ। ਜ਼ੀਰੋ ਪੁਆਇੰਟ ਤੇ ਪਾਕਿਸਤਾਨ ਵਾਲੇ ਪਾਸੇ ਕੁਲੀਆਂ ਨੇ ਫਤਹਿ ਬੁਲਾਣ ਤੋਂ ਬਾਅਦ ਸਾਥੋਂ ਸਮਾਨ ਫੜਿਆ ਤੇ ਆਪਣੀਆਂ ਟਰਾਲੀਆਂ ਵਿਚ ਲੱਦ ਲਿਆ ਅਸੀਂ ਭਾਰਤ ਦੀਆ ਟਰਾਲੀਆਂ ਭਾਰਤ ਵਿਚ ਹੀ ਛੱਡ ਦਿਤੀਆਂ ਸਨ । ਉਥੋਂ ਪਾਕਿਸਤਾਨ ਦੀ ਵੀਹਲ ਚੇਅਰ ਵੀ ਮਿਲ ਗਈ ਸੀ ਉਸ ਨੂੰ ਵੀ ਲੈ ਕੇ ਜਾਣ ਲਈ ਸੇਵਾਦਾਰ ਮਿਲ ਗਿਆ ਸੀ। ਦੋਵੇਂ ਕੁਲੀ ਸਾਨੂੰ ਪਾਕਿਸਤਾਨ ਦੇ ਇਮੀਗ੍ਰੇਸ਼ਨ ਦਫਤਰ ਵਿਚ ਲੈ ਗਏ ਸਨ ਜਿਥੇ ਫਿਰ ਪੜਤਾਲ ਕਰਨ ਉਪਰੰਤ ਸਾਨੂੰ ਅੱਗੇ ਜਾਣ ਲਈ ਆਗਿਆ ਦੇ ਦਿਤੀ ਗਈ । ਹਾਲੇ ਪੜਤਾਲ ਚਲ ਹੀ ਰਹੀ ਸੀ ਕਿ ਮੇਰਾ ਪਿਆਰਾ ਮਿੱਤਰ ਡਾਕਟਰ ਕਲਿਆਣ ਸਿੰਘ ਕਲਿਆਣ ਵੀ ਉਸ ਦਫਤਰ ਵਿਚ ਆ ਗਿਆ ਅਸੀਂ ਦੂਰੋਂ ਹੀ ਇਕ ਦੂਜੇ ਨੂੰ ਫਤਹਿ ਬੁਲਾਈ। ਭਾਵੇਂ ਮਿਲੇ ਪਹਿਲੀ ਵਾਰ ਸਾਂ ਗੱਲਾਂ ਫੋਨ ਤੇ ਤਾਂ ਕਰਦੇ ਹੀ ਰਹਿੰਦੇ ਸਾਂ ਪਛਾਣ ਕਰਨ ਵਿਚ ਕੋਈ ਵੀ ਮੁਸ਼ਕਿਲ ਨਹੀਂ ਆਈ । ਸਾਰੇ ਦਫਤਰ ਵਿਚ ਅਸੀਂ ਦੋ ਹੀ ਸਰਦਾਰ ਸਾਂ ਇਕ ਭਾਰਤ ਵਾਲੇ ਪਾਸੇ ਤੋਂ ਮੈਂ ਅਤੇ ਇਕ ਪਾਕਿਸਤਾਨ ਵਾਲੇ ਪਾਸੇ ਤੋਂ ਮੇਰਾ ਪਿਆਰਾ ਮਿੱਤਰ ਡਾਕਟਰ ਕਲਿਆਣ ਸਿੰਘ ਕਲਿਆਣ ਸੀ । ਉਸ ਦੀ ਦਫਤਰ ਦੇ ਮੁਖੀ ਨਾਲ ਚੰਗੀ ਦੋਸਤੀ ਸੀ ਉਹ ਸਾਨੂੰ ਪੜਤਾਲ ਅਫਸਰ ਕੋਲ ਹੀ ਆ ਮਿਲਿਆ ਅਸੀਂ ਇਕ ਦੂਜੇ ਨੂੰ ਜਫੀਆਂ ਪਾ ਮਿਲੇ ਜਫੀ ਵਿਚ ਇਕ ਅਜੀਬ ਕਿਸਮ ਦਾ ਨਿੱਘ ਸੀ ਜਿਸ ਨੂੰ ਬਿਆਨਣ ਵਿਚ ਸ਼ਬਦ ਨਹੀਂ ਮਿਲ ਰਹੇ ਕਿਉਂ ਜੋ ਉਮਰ ਵਿਚ ਮੈਥੋਂ ਕਾਫੀ ਛੋਟਾ ਸੀ ਉਸ ਨੇ ਮੇਰੀ ਪਤਨੀ ਦੇ ਗੋਡੀ ਹੱਥ ਲਾਏ ਤੇ ਪਿਆਰ ਲਿਆ । ਇਤਨੇ ਸਮੇਂ ਵਿਚ ਸਾਡੀ ਪੜਤਾਲ ਦਾ ਕੰਮ ਖਤਮ ਹੋ ਗਿਆ ਸੀ । ਅਸੀਂ ਉਸ ਦੇ ਵੱਡੇ ਅਫਸਰ ਦੇ ਦਫਤਰ ਵਿਚ ਜਾ ਬੈਠੇ ਉਹ ਵੀ ਬੜੇ ਹੀ ਪਿਆਰ ਨਾਲ ਮਿਲੇ ਕੁਝ ਦੇਰ ਲਈ ਉਸ ਦਫਤਰ ਵਿਚ ਬੈਠੇ ਉਹ ਚਾਹ ਪਿਲਾਣੀ ਚਾਹੁੰਦੇ ਸਨ ਪ੍ਰੰਤੂ ਬਿਜਲੀ ਨਾਂ ਹੋਣ ਕਾਰਨ ਅਜਿਹਾ ਨਾ ਹੋ ਸਕਿਆ ਏ ਉਹ ਸਾਨੂੰ ਬਾਹਰ ਤਕ ਛੱਡਣ ਲਈ ਆਏ। ਕਾਰਾਂ ਜੋ ਕਾਫੀ ਦੂਰ ਖੜਾਂ ਕੀਤੀਆਂ ਜਾਂਦੀਆਂ ਉਨ੍ਹਾਂ ਨੇ ਕਨੂੰਨ ਅਨੁਸਾਰ ਜਿਤਨੀ ਨੇੜੇ ਮੰਗਾ ਸਕਦੇ ਸਨ ਉਨ੍ਹਾਂ ਨੇ ਮੰਗਵਾਈ ਤੇ ਕੁਲੀਆਂ ਨੂੰ ਸਾਡਾ ਸਮਾਨ ਤੇ ਵੀਹਲ ਚੇਅਰ ਵਾਲਿਆਂ ਨੂੰ ਹਦਾਇਤ ਕਰ ਦਿਤੀ ਕਿ ਸਾਨੂੰ ਕਾਰ ਤਕ ਛੱਡ ਕੇ ਆਉਣ । ਅਸੀਂ ਕਾਰ ਤਕ ਪੁੱਜ ਕੇ ਵਿਚ ਬੈਠ ਗਏ। ਗਰਮੀ ਬਹੁਤ ਹੋਣ ਕਾਰਨ ਪਸੀਨਾ ਚੋ ਰਿਹਾ ਸੀ ਕਾਰ ਵਿਚ ਬੈਠ ਏ ਸੀ ਵਿਚ ਸੌਖਾ ਸਾਹ ਆਣ ਲੱਗਾ।

ਹੁਣ ਅਸੀਂ ਪੰਜਾਬ ਦੇ ਲਹਿੰਦੇ ਪਾਸੇ ਵਲ ਸਾਂ। ਕਲਪਨਾ ਵਿਚ ਮੈਂ ਉਸ ਪੰਜਾਬ ਵਿਚ ਪੁੱਜ ਗਿਆ ਜਿਹੜਾ ਕਦੇ ਉਤਰ ਪੱਛਿਮ ਵਿਚ ਅਫਗਾਨਿਸਤਾਨ ਨਾਲ ਜਾ ਲਗਦਾ ਸੀ ਅਤੇ ਸੁਲੇਮਾਨ ਪਹਾੜਾਂ ਰਾਹੀਂ ਵੱਖਰਾ ਹੁੰਦਾ ਸੀ। ਭੂਗੋਲਿਕ ਨਜ਼ਰ ਤੋਂ ਪੰਜਾਬ ਦੇ ਖਿਤੇ ਨੂੰ ਪ੍ਰਾਚੀਨ ਕਾਲ ਵਿਚ ਸਪਤਸਿੰਧੂ ਆਖਿਆ ਜਾਂਦਾ ਸੀ ਜਿਸ ਦਾ ਅਰਥ ਹੈ ਸੱਤ ਦਰਿਆਵਾਂ ਦੀ ਧਰਤੀ । ਇਸ ਦੇ ਨੇੜੇ ਤੇੜੇ ਹੀ ਸਿੰਧੂ ਘਾਟੀ ਅਤੇ ਹੜੱਪਾ ਸਭਿਅਤਾਵਾਂ ਵਿਕਸਿਤ ਹੋਇਆ ਸਨ । ਵੈਦਾਂ ਅਤੇ ਪੁਰਾਣਾ ਵਿਚ ਪੰਜਾਬ ਨੂੰ ਪੰਜਨਦ ਭਾਵ ਪੰਜ ਦਰਿਆਵਾਂ ਦੀ ਧਰਤ ਵੀ ਆਖਿਆ ਗਿਆ ਹੈ। ਇਸ ਖਿਤੇ ਨੂੰ ਉਤਰਾਪਥ ਜਾਂ ਉਦਿਚੈਯ ਵੀ ਕਿਹਾ ਗਿਆ ਹੈ ।ਉੱਤਰੀ ਪੱਖ ਵਿਚ ਸਿੰਧ ਅਤੇ ਗੰਗਾ ਦਰਿਆਵਾਂ ਦੇ ਦੋ ਮੈਦਾਨ ਹਨ ਇਨ੍ਹਾਂ ਮੈਦਾਨਾਂ ਨੂੰ ਹਿਮਾਲਾ ਵਿਚੋਂ ਨਿਕਲਦੇ ਦਰਿਆ ਸਿੰਜਦੇ ਹਨ। ਪੰਜਾਬ ਵਿਚਲੇ ਦਰਿਆਵਾਂ ਦੇ ਵਹਿਣ ਦੱਖਣ ਪੱਛਮ ਵਲ ਹਨ ਅਤੇ ਗਾਨਾਗ ਦੇ ਮੈਦਾਨ ਦੇ ਦਰਿਆਵਾਂ ਦੇ ਵਹਾਅ ਦੱਖਣ ਪੂਰਬ ਵਲ ਹਨ। ਪੰਜਾਬ ਦੀ ਮਿੱਟੀ ਜ਼ਰਖੇਜ਼ ਹੈ ਕਿਓਂ ਜੋ ਇਹ ਨਾ ਇਹ ਪਥਰੀਲੀ ,ਨਾ ਬੰਜਰ, ਨਾ ਰੇਤਲੀ,ਨਾ ਰੱਕੜ ਅਤੇ ਨਾ ਹੀ ਮਾਰੂਥਲੀ ਹੈ। ਇਸ ਦੀ ਭੂਗੋਲਿਕ ਸਥਿਤੀ ਕਾਰਨ ਇਹ ਵਿਸ਼ਾਲ ਜੰਗਲਾਂ, ਬਨਸਪਤੀਆਂ, ਵਾਹੀਯੋਗ ਜ਼ਮੀਨਾਂ ਅਤੇ ਚਰਾਗਾਹਾਂ ਨਾਲ ਭਰੀ ਹੋਈ ਹੈ। ਮਾਰੂਥਲਾਂ ਅਤੇ ਪਹਾੜਾਂ ਦੇ ਵਿਚਾਲੇ ਹੋਣ ਕਾਰਨ ਹੀ ਮੌਨਸੂਨ ਹਵਾਵਾਂ ਦੇ ਕਾਰਨ ਇਸ ਖੇਤਰ ਦਾ ਜਲਵਾਯੂ ਛੇ ਰੁੱਤਾਂ ਦੇ ਅਧਾਰਿਤ ਹੈ ਅਤੇ ਇਹ ਪੌਣ ਪਾਣੀ ਵਾਹੀ ਖੇਤੀ ਲਈ ਢੁਕਵਾਂ ਹੈ। ਪੰਜਾਬ ਵਿਚਲੇ ਦਰਿਆ ਹਿਮਾਲਾ ਵਿਚੋਂ ਨਿਕਲ ਕੇ ਦੱਖਣ ਪੱਛਮ ਵਲ ਵਗਦੇ ਹਨ। ਇਸ ਖੇਤਰ ਨੂੰ ਪੰਜ ਪਾਣੀਆਂ ਦੀ ਧਰਤ ਕਹਿਣ ਦਾ ਕਾਰਨ ਵੀ ਇਸ ਖਿਤੇ ਵਿਚ ਵਗਦੇ ਪੰਜ ਦਰਿਆ ਸਤਲੁਜ, ਰਵੀ ਬਿਆਸ, ਚਨਾਬ ਅਤੇ







ਜੇਹਲਮ ਹਨ। ਸਪਤਸਿੰਧੂ ਦੇ ਦਰਿਆਵਾਂ ਵਿਚੋਂ ਸਿੰਧ ਦਰਿਆ ਸਭ ਤੋਂ ਵੱਡਾ ਸੀ ਜਿਹੜਾ ਮਾਨ-ਸਰੋਵਰ ਝੀਲ ਵਿਚੋਂ ਨਿਕਲ ਕੇ ਲਗਭਗ 3200 ਕਿਲੋਮੀਟਰ ਦਾ ਸਫ਼ਰ ਤੈਅ ਕਰਦਾ ਹੋਇਆ ਰੱਬ ਸਾਗਰ ਵਿਚ ਸਮਾਅ ਜਾਂਦਾ ਸੀ। ਪੰਜਾਬ ਵਿਚੋਂ ਹੋਈ ਵੰਡ ਦਰ ਵੰਡ ਨੇ ਪਹਿਲਾਂ ਇਸ ਨੂੰ ਦੋ ਹਿਸਿਆਂ ਚੜਦੇ ਅਤੇ ਲਹਿੰਦੇ ਵਿਚ ਵੰਡਿਆ ਫਿਰ ਹਿੰਦੁਸਤਾਨ ਨੇ ਇਸ ਨੂੰ ਫਿਰ ਨਿੱਕੇ ਨਿੱਕੇ ਹਿਸਿਆਂ ਵਿਚ ਵੰਡ ਇਸ ਦੇ ਟੁਕੜੇ ਕਰ ਦਿਤੇ।

ਡਾਕਟਰ ਕਲਿਆਣ ਸਿੰਘ ਕਲਿਆਣ ਜੀ ਨੇ ਪਹਿਲਾ ਹੀ ਯੋਜਨਾ ਉਲੀਕੀ ਹੋਈ ਸੀ ਸਾਨੂੰ ਦਸ ਦਿਤੀ ਤੇ ਅਸੀਂ ਉਸ ਯੋਜਨਾ ਤੇ ਅਮਲ ਸ਼ੁਰੂ ਕਰ ਦਿਤਾ ਉਨ੍ਹਾਂ ਨੇ ਕਾਰ ਡ੍ਰਾਈਵਰ ਨੂੰ ਦੱਸਿਆ ਕਿ ਪਹਿਲਾਂ ਸਾਨੂੰ ਬੇਬੇ ਨਾਨਕੀ ਜੀ ਦੇ ਜਨਮ ਸਥਾਨ ਲੈ ਕੇ ਜਾਵੇ। ਕਾਰ ਆਪਣੇ ਰਾਹ ਜਾ ਰਹੀ ਸੀ ਅਸੀਂ ਗੱਲਾਂ ਕਰਦੇ ਹੋਏ ਆਸੇ ਪਾਸੇ ਦੇਖ ਰਹੇ ਸੀ ਸਾਨੂੰ ਇੰਜ ਲਗਿਆਂ ਕਿ ਮਹੌਲ ਸਾਡੇ ਪੰਜਾਬ ਵਰਗਾ ਹੀ ਹੈ । ਉਸੇ ਤਰਾਂ ਭੀੜ ਭੜੱਕਾ, ਲੋਕ ਖਰੀਦਦਾਰੀ ਕਰਦੇ ਹੋਏ ਘੁੰਮ ਰਹੇ ਸਨ। ਬੇਬੇ ਨਾਨਕੀ ਦਾ ਜਨਮ ਉਨ੍ਹਾਂ ਦੇ ਨਾਨਕੇ ਪਿੰਡ ਬੀੜ ਚਾਹਲ ਹੋਣ ਕਾਰਨ ਹੀ ਉਨ੍ਹਾਂ ਦਾ ਨਾਨਕੀ ਰਖਿਆ ਗਿਆ ਸੀ। ਗੁਰਦਵਾਰੇ ਦੇ ਦਰਸ਼ਨ ਕੀਤੇ ਭਾਵੇ ਗੁਰਦਵਾਰੇ ਛੋਟਾ ਸੀ ਪ੍ਰੰਤੂ ਕਾਫੀ ਫਲਾਂ ਵਾਲੇ ਪੌਦੇ ਲਾਏ ਹੋਏ ਸਨ ਨੀਂਬੂ, ਚੀਕੂ , ਅਮਰੂਦ ਜਾਮਣ ਆਪਣੀ ਹੋਂਦ ਜਤਾ ਰਹੇ ਸਨ ਫਲਾਂ ਨਾਲ ਲੱਦੇ ਹੋਏ ਸਨ, ਮਨ ਖੁਸ਼ ਹੋ ਗਿਆ। ਉਸ ਤੋਂ ਬਾਅਦ ਅਸੀਂ ਗੁਰਦਵਾਰਾ ਸਿੰਘ ਸਿੰਘਣੀਆਂ ਲਾਹੌਰ ਵਿਚ ਗਏ ਇਹ ਗੁਰਦਵਾਰਾ ਵੱਡਾ ਸੀ, ਇਹ ਉਹ ਸਥਾਨ ਹੈ ਜਿਸ ਥਾਂ ਉਤੇ ਨਵਾਬ ਲਾਹੌਰ ਜ਼ਕਰੀਆਂ ਖਾਨ ਵਲੋਂ ਸਿਖਾਂ ਉਪਰ ਇੰਤਹਾ ਜ਼ੁਲਮ ਕੀਤੇ ਗਏ ਸਨ। ਉਹ ਖੂਹ ਵੀ ਮੌਜੂਦ ਹੈ ਜਿਥੇ ਸਿੰਘਣੀਆਂ ਆਪਣੀ ਇੱਜਤ ਬਚਾਉਣ ਲਈ ਖੂਹ ਵਿਚ ਛਾਲਾਂ ਮਾਰ ਕੇ ਆਪਣੀ ਜਾਨ ਕੁਰਬਾਨ ਕਰ ਦਿਤੀ ਸੀ ਪ੍ਰੰਤੂ ਇੱਜਤ/ਆਬਰੂ ਦੀ ਰਖਿਆ ਕਰ ਲਈ ਸੀ। ਭਾਈ ਤਾਰੂ ਸਿੰਘ ਜੀ ਦੀ ਖੋਪੜੀ ਵੀ ਇਥੇ ਹੀ ਉਤਾਰੀ ਗਈ ਸੀ ਇਥੇ ਹੀ ਸਿੰਘਣੀਆਂ ਨੇ ਸਵਾ ਸਵਾ ਮਣ ਆਟਾ ਚਕੀਆਂ ਤੇ ਪੀਸਿਆ ਸੀ ਆਪਣੇ ਗਲਾਂ ਵਿਚ ਬੱਚਿਆਂ ਦੇ ਟੋਟਿਆਂ ਦੇ ਹਾਰ ਪਵਾਏ ਸਨ ਨੇੜੇ ਹੀ ਉਹ ਸਥਾਨ ਸੀ ਜਿਥੇ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕੱਟਿਆ ਗਿਆ ਸੀ । ਹੰਝੂ ਰੋਕਿਆਂ ਵੀ ਨਹੀਂ ਰੁਕ ਰਹੇ ਸੀ ਆਪ ਮੁਹਾਰੇ ਹੋ ਚੁਕੇ ਸਨ ਬਹੁਤ ਹੀ ਦਰਦਮਈ ਦ੍ਰਿਸ਼ ਸੀ। ਸਾਨੂੰ ਦੱਸਿਆ ਗਿਆ ਕਿ ਇਹ ਖੇਤਰ ਓਹੀ ਹੈ ਜਿਥੇ ਨਵਾਬ ਜ਼ਕਰੀਆਂ ਖਾਨ ਦੀ ਕਚਹਿਰੀ ਹੋਇਆ ਕਰਦੀ ਸੀ ਪ੍ਰੰਤੂ ਹੁਣ ਉਸ ਜਗਾਹ ਉਤੇ ਸੰਘਣਾ ਬਜ਼ਾਰ ਬਣ ਚੁਕਾ ਸੀ। ਇਹ ਵੀ ਦੱਸਿਆ ਗਿਆ ਕਿ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਵੀ ਇਥੇ ਹੀ ਕਟਿਆ ਗਿਆ ਸੀ। ਉਦਾਸੀ ਦੇ ਆਲਮ ਵਿਚ ਅਤੇ ਉਸ ਵਾਹਿਗੁਰੂ ਦਾ ਸ਼ੁਕਰ ਕਰਦੇ ਹੋਏ ਅੱਗੇ ਵਲ ਜਾ ਰਹੇ ਸੀ ਕਿ ਧੰਨ ਸਨ ਉਹ ਗੁਰੂ ਦੇ ਪਿਆਰੇ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਿੱਖੀ ਸਿਦਕ ਨੂੰ ਬਰਕਰਾਰ ਰੱਖਿਆ ਸੀ ਅਤੇ ਜ਼ੁਲਮਾਂ ਦੇ ਅੱਗੇ ਆਪਣੇ ਆਪ ਨੂੰ ਸਮਰਪਿਤ ਨਹੀਂ ਕੀਤਾ ਸੀ ਸਗੋਂ ਉਸ ਮੌਕੇ ਦੇ ਹਾਕਮਾਂ ਨੂੰ ਸਮਝਾ ਦਿਤਾ ਸੀ ਕਿ ਸਿੱਖ ਆਪਣੇ ਧਰਮ ਦੀ ਖਾਤਿਰ ਆਪਣੇ ਆਪ ਨੂੰ ਕੁਰਬਾਨ ਵੀ ਕਰ ਸਕਦਾ ਹੈ ਅਤੇ ਆਪਣੇ ਸਿਦਕ ਤੋਂ ਬਿਲਕੁਲ ਨਹੀਂ ਡੋਲਦਾ ਹੈ ਭਾਵੇਂ ਉਸ ਨੂੰ ਕਿਤਨਾ ਹੀ ਲਾਲਚ ਦਿੱਤਾ ਜਾਵੇ । ਉਥੋਂ ਦਰਸ਼ਨ ਕਰ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਵੱਲ ਚਲ ਪਏ। ਰਸਤੇ ਵਿਚ ਪੰਜਾਬ ਅਸੈਂਬਲੀ ਭਵਨ, ਮੁੱਖ-ਮੰਤਰੀ ਦੀ ਰਿਹਾਇਸ਼, ਰਾਜਪਾਲ ਦਾ ਰਿਹਾਇਸ਼ੀ ਭਵਨ ਦੇਖਦੇ ਹੋਏ ਕਿਲ੍ਹੇ ਕੋਲ ਪੁੱਜ ਗਏ। ਉਥੇ ਹੀ ਗੁਰਦਵਾਰਾ ਡੇਰਾ ਸਾਹਿਬ ਲਾਹੌਰ ਦੇਖਿਆ ਜਿਥੇ ਪੰਚਮ ਪਾਤਸ਼ਾਹ ਨੂੰ ਤਸੀਹੇ ਦਿਤੇ ਗਏ ਸਨ। ਅੱਥਰੂਆਂ ਨੇ ਇਥੇ ਵੀ ਝੜੀ ਲਗਾ ਦਿਤੀ ਮਨ ਕ਼ਾਬੂ ਤੋਂ ਬਾਹਰ ਹੋ ਚੁਕਾ ਸੀ ਜ਼ਕਰੀਆਂ ਖਾਨ ਦੇ ਜ਼ੁਲਮਾਂ ਦੀ ਇੰਤਹਾ ਨੂੰ ਬੁਰਾ ਕਹਿ ਰਿਹਾ ਸੀ। ਰਸਤੇ ਉਹ ਥਾਂ ਵੀ ਦਿਖਾਈ ਗਈ ਜਿਥੇ ਛੇਵੇਂ ਪਾਤਸ਼ਾਹ ਨੇ ਚੰਦੂ ਨੂੰ ਉਸ ਦੇ ਕੀਤੇ ਦਾ ਫਲ ਚਖਾਇਆ ਸੀ।

ਕਾਫੀ ਸਮਾਂ ਹੋ ਚੁਕਾ ਸੀ ਕਾਫੀ ਥਕਾਵਟ ਲੱਗ ਰਹੀ ਸੀ ਆਪਣੇ ਰਹਿਣ ਵਾਲੇ ਹੋਟਲ ਵਿਚ ਪੁੱਜ ਗਏ। ਹੋਟਲ ਦੇ ਨਾਲ ਹੀ ਉਹ ਜੇਲ ਹੈ ਜਿਥੇ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਫਾਂਸੀ ਦਿਤੀ ਗਈ ਸੀ ਅਤੇ ਬਾਦ ਵਿਚ ਲੋਕਾਈ ਦੇ ਡਰ ਕਾਰਨ ਫਿਰੋਜ਼ਪੁਰ ਵਿਚ ਅਧਜਲੀਆਂ ਲਾਸ਼ਾਂ ਨੂੰ ਸਤਲੁਜ ਦਰਿਆ ਵਿਚ ਵਹਾ ਦਿੱਤਾ ਗਿਆ ਸੀ। ਹੋਟਲ ਵਿਚ ਸਾਨੂੰ ਸ਼ੁਭ ਰਾਤਰੀ ਆਖ ਪਿਆਰਾ ਮਿੱਤਰ ਆਪਣੇ ਬੱਚਿਆਂ ਕੋਲ ਚਲੇ ਗਿਆ ਅਤੇ ਅਗਲੇ ਦਿਨ ਦੀ ਯੋਜਨਾ ਡ੍ਰਾਈਵਰ ਨੂੰ ਸਮਝਾ ਦਿਤੀ ਗਈ।

ਅੱਜ ਅਗਲਾ ਦਿਨ ਆ ਗਿਆ ਹੈ ਅਸੀਂ ਤਿਆਰੀ ਵਿਚ ਰੁਝ ਗਏ ਹਾਂ ਛੇਤੀ ਹੀ ਹੋਟਲ ਵਿਚੋਂ ਅਗਲੀ ਯੋਜਨਾ ਸਾਕਾਰ ਕਰਨ ਲਈ ਚਲਿਆ ਜਾਵੇਗਾ। ਸਵੇਰੇ 7 ਵਜੇ ਕਾਰ ਆ ਗਈ ਅਸੀਂ ਵੀ ਤਿਆਰ ਹੋ ਕੇ ਕਾਰ ਵਿਚ ਸਵਾਰ ਹੋ ਗੁਰਦਵਾਰਾ ਚੂਨਾ ਮੰਡੀ ਲਾਹੌਰ ਵਲ ਚਲ ਪਏ। ਇਹ ਉਹ ਸਥਾਨ ਹੈ ਜਿਥੇ ਚੌਥੇ ਪਾਤਸ਼ਾਹ ਦਾ ਜਨਮ ਹੋਇਆ ਸੀ। ਗੁਰਦਵਾਰੇ ਦੇ ਅੰਦਰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ । ਉਸ ਦੇ ਬਿਲਕੁਲ ਨਾਲ ਇਕ ਛੋਟਾ ਜਿਹਾ ਚੁਬੱਚਾ ਸੀ ਜਿਥੇ ਜਨਮ ਤੋਂ ਬਾਅਦ ਸ਼੍ਰੀ ਗੁਰੂ ਰਾਮਦਾਸ ਜੀ ਦਾ ਪਹਿਲਾ ਇਸ਼ਨਾਨ ਕਰਵਾਇਆ ਗਿਆ ਸੀ । ਉਥੋਂ ਦਰਸ਼ਨ ਕਰ ਡਾਕਟਰ ਕਲਿਆਣ ਸਿੰਘ ਜੀ ਦੇ ਘਰ ਵਲ ਚਲ ਪਏ ਜਿਥੋਂ ਨਾਸ਼ਤਾ ਕਰ ਕੇ ਉਨ੍ਹਾਂ ਨੂੰ ਨਾਲ ਲੈ ਕੇ ਗੁਰਦਵਾਰਾ ਰੋੜੀ ਸਾਹਿਬ ਐਮਨਾਬਾਦ ਵਲ ਚਲਣ ਦਾ ਪ੍ਰੋਗਰਾਮ ਸੀ। ਬੜਾ ਹੀ ਸਵਾਦੀ ਨਾਸ਼ਤਾ ਸੀ ਉਨ੍ਹਾਂ ਦੇ ਘਰ ਉਨ੍ਹਾਂ ਵਲੋਂ ਬਣਾਈ ਗਈ ਲਾਇਬ੍ਰੇਰੀ ਦੇਖੀ । ਉਸ ਦੇ ਅੰਦਰ ਬਹੁਤ ਸਾਰੀਆਂ ਕਿਤਾਬਾਂ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਸੰਭਾਲ ਕੇ ਰੱਖੀਆਂ ਹੋਈਆਂ ਸਨ। ਉਨ੍ਹਾਂ ਨੇ ਹੱਥ ਲਿਖਤ ਗੁਟਕਾ ਸਾਹਿਬ ਦੇ ਦਰਸ਼ਨ ਵੀ ਕਰਵਾਏ ਜਿਸ ਦੇ ਦਰਸ਼ਨ ਕਰ ਮਨ ਖੁਸ਼ ਹੋਇਆ ਅਤੇ ਮਹਿਸੂਸ ਕੀਤਾ ਕਿ ਚੰਗੇ ਭਾਗਾਂ ਨੂੰ ਡਾਕਟਰ ਸਾਹਿਬ ਨਾਲ ਮੇਲ ਹੋਇਆ ਜਿਥੇ ਅਸਾਨੂੰ ਦੁਰਲਭ ਗੁਟਕੇ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਦੀ ਲਾਇਬ੍ਰੇਰੀ ਵਿਚ ਹੋਰ ਪੁਸਤਕਾਂ ਤੋਂ ਇਲਾਵਾ ਪੁਰਾਣੀ ਬੀੜ ਦੇ ਦਰਸ਼ਨ ਕੀਤੇ ਜਿਸ ਵਿਚ 1322 ਅੰਗ ਹੋਇਆ ਕਰਦੇ ਸਨ ਜੋ ਕਿ ਹੁਣ ਵਾਲਿਆਂ ਬੀੜਾਂ ਦੇ ਵਿਚ 1430 ਅੰਗ ਹਨ ਲਾਇਬ੍ਰੇਰੀ ਵਿਚ ਹੋਰ ਪੁਸਤਕਾਂ ਦੇ ਦਰਸ਼ਨ ਕਰਨਾ ਚਾਹੁੰਦੇ ਸਾਂ ਪ੍ਰੰਤੂ ਸਮਾਂ ਆਗਿਆ ਨਹੀਂ ਦੇ ਰਿਹਾ ਸੀ ਅਤੇ ਮਿਥੀ ਹੋਈ ਯੋਜਨਾ ਦੇ ਅਨੁਸਾਰ ਗੁਰਦਵਾਰਾ ਰੋੜੀ ਸਾਹਿਬ ਏਮਨਾਬਾਦ ਵਲ ਚੱਲ ਪਏ । ਇਹ ਉਹ ਅਸਥਾਨ ਹੈ ਜਿਥੇ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਜੀ ਨੇ ਰੋੜਾਂ ਤੇ ਬੈਠ ਕੇ ਬਾਣੀ ਦਾ ਉਚਾਰਨ ਕੀਤਾ ਸੀ। ਭਾਈ ਗੁਰਦਾਸ ਜੀ ਨੇ ਇਸ ਬਾਰੇ ਇਸ ਤਰਾਂ ਵਰਨਣ ਕੀਤਾ ਹੈ ਕਿ--

ਰੇਤ ਅੱਕ ਆਹਾਰ ਕਰ ਰੋੜਾ ਕਿ ਗੁਰ ਕਰੀ ਵਿਛਾਈ ।

-------------

ਚੜਿਆ ਸੋਧਣ ਧਰਤ ਲੋਕਾਈ ।
(ਭਾਈ ਗੁਰਦਾਸ ਜੀ ਵਾਰ 1 --- 24 -- ਗੁਰੂ ਨਾਨਕ ਦੇਵ ਜੀ ਦਾ ਪਹਿਲਾ ਪ੍ਰਸੰਗ)

ਇਥੇ ਹੀ ਗੁਰੂ ਸਾਹਿਬ ਨੇ ਭਾਈ ਲਾਲੋ ਕੋਲ ਪਹਿਲੀ ਉਦਾਸੀ ਸਮੇਂ ਆਏ ਸਨ ਅਤੇ ਇਹ ਸ਼ਬਦ ਉਚਾਰਨ ਕੀਤਾ ਸੀ --
ਜੈਸੀ ਮੈਂ ਆਵੇ ਖਸਮ ਕਿ ਬਾਣੀ --

ਇਸ ਅਸਥਾਨ ਦੇ ਦਰਸ਼ਨ ਕਰਨ ਉਪਰੰਤ ਅਸੀਂ ਗੁਰਦਵਾਰਾ ਸੱਚਾ ਸੌਦਾ ਫਾਰੂਖਾਬਾਦ ਗਏ। ਇਸ ਥਾਂ ਦਾ ਨਾਂ ਪਹਿਲਾਂ ਚੂਹੜਕਾਣਾ ਸੀ, ਵਲ ਚਲ ਪਏ। ਉਥੇ ਸੱਚਖੰਡ ਦੇ ਸਥਾਨ ਬਾਰੇ ਇਹ ਵਿਚਾਰ ਹੈ ਕਿ ਭਾਈ ਮਰਦਾਨਾ ਜੀ ਇਸ ਕੋਠੜੀ ਅੰਦਰ ਵਿਸ਼ਰਾਮ ਕਰਿਆ ਕਰਦੇ ਸਨ । ਇਹ ਉਹ ਸਥਾਨ ਹੈ ਜਿਥੇ ਗੁਰੂ ਸਾਹਿਬ ਜੀ ਨੇ ਸੱਚਾ ਸੌਦਾ ਕਰ ਭੁੱਖੇ ਸਾਧੂਆਂ ਨੂੰ ਲੰਗਰ ਛਕਵਾਇਆ ਸੀ ।ਗ੍ਰੰਥੀ ਸਾਹਿਬ ਨੇ ਇਹ ਵੀ ਦੱਸਿਆ ਕਿ ਇਸ ਗੁਰਦਵਾਰੇ ਦੇ ਨਾਲ ਲਗਦੀ ਜ਼ਮੀਨ ਜੋ ਗੁਰਦਵਾਰੇ ਦੇ ਨਾਮ ਬੋਲਦੀ ਹੈ ਉਪਰ ਅਮਰੂਦਾਂ ਦਾ ਬਾਗ ਲੱਗਾ ਹੋਇਆ ਹੈ ਅਤੇ ਭਰ ਭਰ ਕੇ ਮਿੱਠੇ ਅਮਰੂਦ ਲਗਦੇ ਹਨ। ਗੁਰਦਵਾਰੇ ਦੇ ਗ੍ਰੰਥੀ ਨੂੰ ਮਿਲ ਕੇ ਅਸੀਂ ਗੁਰਦਵਾਰਾ ਨਨਕਾਣਾ ਸਾਹਿਬ ਵਲ ਚਲ ਪਏ। ਇਹ ਉਹ ਅਸਥਾਨ ਹੈ ਜਿਥੇ ਗੁਰੂ ਸਾਹਿਬ ਨੇ ਅਵਤਾਰ ਧਾਰਿਆ ਸੀ ਤੇ ਉਸੇ ਕਰਨ ਹੀ ਇਸ ਥਾਂ ਦਾ ਨਾਮ ਨਨਕਾਣਾ ਪੈ ਗਿਆ ਹੈ। ਇਸ ਅਸਥਾਨ ਨੂੰ ਬਹੁਤ ਹੀ ਚੰਗੀ ਤਰਾਂ ਸਵਾਰਿਆ ਹੋਇਆ ਹੈ। ਉਥੇ ਉਹ ਜੰਡ ਵੀ ਮੌਜੂਦ ਹੈ ਜਿਸ ਨਾਲ 1920-21 ਵਿਚ ਨਨਕਾਣਾ ਸਾਹਿਬ ਦੇ ਮੋਰਚੇ ਸਮੇਂ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਨੂੰ ਬੰਨ ਕੇ ਸਾੜਿਆ ਗਿਆ ਸੀ। ਜਨਮ ਅਸਥਾਨ ਅੰਦਰ ਦਰਸ਼ਨ ਕਰਨ ਜਾਣ ਵਾਲੇ ਰਸਤੇ ਤੋਂ ਬਾਅਦ ਉਸ ਅਸਥਾਨ ਦੇ ਵੀ ਦਰਸ਼ਨ ਕੀਤੇ ਜਿਥੇ ਉਨ੍ਹਾਂ ਸਮੂਹ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਸੀ । ਉਸ ਤੋਂ ਬਾਅਦ ਸਮਾਂ ਜਿਆਦਾ ਹੋ ਜਾਣ ਕਾਰਨ ਵਾਪਸੀ ਰਿਹਾਇਸ਼ ਵਲ ਚਲੇ ਪਾ ਦਿੱਤੇ। ਹੋਟਲ ਵਿਚ ਪੁੱਜ ਅਰਾਮ ਕੀਤਾ ਤੇ ਅਗਲੇ ਦਿਨ ਦੇ ਪ੍ਰੋ-ਗਰਾਮ ਲਈ ਸੋਚਿਆ ਗਿਆ।

ਅੱਜ 20/07/2023 ਹੈ। ਗੁਰਦਵਾਰਾ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਜਾਇਆ ਜਾਵੇਗਾ ਜੋ ਲਾਹੌਰ ਤੋਂ ਕਾਫੀ ਦੂਰੀ ਤੇ ਹੈ ਸ਼ਾਮ ਤਕ ਹੀ ਵਾਪਿਸ ਮੁੜਿਆ ਜਾ ਸਕੇਗਾ। ਸਵੇਰੇ ਲਗਭਗ 7 ਵਜੇ ਤਿਆਰ ਹੋ ਗਏ ਸਾਂ। ਗੱਡੀ ਵਾਲੇ ਨਾਲ ਸੰਪ੍ਰਕ ਕੀਤਾ ਤਾਂ ਪਤਾ ਲੱਗਾ ਕਿ ਰਾਤ ਨੂੰ ਉਸ ਦੇ ਰਿਹਾਇਸ਼ੀ ਇਲਾਕੇ ਵਿਚ ਬਿਜਲੀ ਨਾਂ ਹੋਣ ਕਾਰਣ ਉਹ ਥੋੜਾ ਦੇਰੀ ਨਾਲ ਆ ਸਕੇਗਾ। ਫਿਰ ਵੀ ਉਹ ਅੱਠ ਵਜੇ ਤੋਂ ਪਹਿਲਾਂ ਹੀ ਪੁੱਜ ਗਿਆ ਸੀ ਅਤੇ ਅਸੀਂ ਗੁਰਦਵਾਰਾ ਪੰਜਾ ਸਾਹਿਬ ਵਲ ਚਲ ਪਏ। ਰਸਤਾ ਲਾਹੌਰ ਤੋਂ ਲਗਭਗ ਪੰਜ ਘੰਟਿਆਂ ਦਾ ਸੀ। ਅਸੀਂ ਰਸਤੇ ਵਿਚ ਕੁਦਰਤ ਦੇ ਨਜ਼ਾਰੇ ਮਾਣਦੇ ਹੋਏ ਅੱਗੇ ਵਲ ਵਧੀ ਜਾ ਰਹੇ ਸਾਂ। ਦਰਿਆ ਚਨਾਬ ਡਿੱਠਾ ਜਿਸ ਨੂੰ ਝਨਾਅ ਵੀ ਆਖਿਆ ਜਾਂਦਾ ਹੈ। ਇਸ ਡਾਰੀਆ ਦਾ ਵੈਦਿਕ ਨਾ ਅਸਕੀਨੀ ਜਾਂ ਚੰਦਰ ਭਾਗ ਹੈ ਇਸ ਨੂੰ ਅਕਸਰ ਪ੍ਰੀਤ ਦਾ ਡਾਰੀਆ ਜਾਂ ਝਨਾਂ ਵੀ ਕਿਹਾ ਜਾਂਦਾ ਹੈ ਸੋਹਣੀ ਵੀ ਕਚੇ ਘੜੇ ਉਪਰ ਤਰਦੀ ਹੋਈ ਆਪਣੇ ਯਾਰ ਮਹੀਂਵਾਲ ਨੂੰ ਮਿਲਣ ਜਾਂਦੀ ਇਸ ਡਾਰੀਆ ਵਿਚ ਹੀ ਡੁਬ ਮਰੀ ਸੀ ਲਾਹੌਲ ਸਪਿਤੀ ਤੋਂ ਸ਼ੁਰੂ ਹੋ ਕੇ ਜੰਮੂ ਤਕ ਜਾਂਦਾ ਹੋਇਆ ਲਗਭਗ ਨੌ ਸਉ ਸੱਠ ਕਿਲੋਮੀਟਰ ਚਲ ਕੇ ਤਿਰਮੂ ਵਿਖੇ ਦਰਿਆ ਜਿਹਲਮ ਨੂੰ ਜਾ ਮਿਲਦਾ ਹੈ ਉਸ ਤੋਂ ਬਾਅਦ ਰਾਵੀ ਦਰਿਆ ਨਾਲ ਮਿਲ ਕੇ ਉੱਚ ਸ਼ਰੀਫ ਵਿਖੇ ਸਤਲੁਜ ਨਾਲ ਮਿਲ ਜਾਂਦਾ ਹੈ। ਉਸ ਵਿਚ ਪਾਣੀ ਠਾਠਾਂ ਮਾਰਦਾ ਹੋਇਆ ਅੱਗੇ ਵੱਧ ਰਿਹਾ ਸੀ ਆਪਣੇ ਰਸਤੇ ਵਿਚ ਆ ਰਹੇ ਖੇਤਾਂ ਨੂੰ ਆਪਣੇ ਵਿਚ ਸਮੋ ਰਿਹਾ ਸੀ। ਕੁਝ ਦੂਰ ਅਗੇ ਜਾ ਕੇ ਦਰਿਆ ਜੇਹਲਮ ਨੂੰ ਦੇਖਿਆ ਉਹ ਵੀ ਪੂਰਾ ਭਰਿਆ ਵਗ ਰਿਹਾ ਸੀ। ਵੈਦਿਕ ਗ੍ਰੰਥਾਂ ਅਨੁਸਾਰ ਦਰਿਆ ਜਿਹਲਮ ਦਾ ਪੁਰਾਣਾ ਨਾਮ ਵਿਤਸਤਾ ਹੈ ਇਹ ਵੈਰੀਨਾਗ ਝੀਲ ਵਿਚੋਂ ਪ੍ਰਗਟ ਹੋਇਆ ਹੈ।

ਪੱਛਮ ਵੱਲ ਵਗਦਾ ਹੋਇਆ ਇਹ ਦਰਿਆ ਪੀਰ ਪੰਜਾਲ ਨੂੰ ਪਾਰ ਕਰ ਸੱਤ ਸੌ ਪੰਝੀ ਕਿਲੋਮੀਟਰ ਦਾ ਸਫ਼ਰ ਕਰ ਝੰਗ ਵਿਚ ਭਿਰਗੂ ਦੇ ਨਜ਼ਦੀਕ ਚਨਾਬ ਵਿਚ ਆਣ ਮਿਲਦਾ ਹੈ ਇਸ ਦਰਿਆ ਦੇ ਕਿਨਾਰੇ ਹੀ 325 ਈਸਵੀ ਪੂਰਵ ਨੂੰ ਸਿਕੰਦਰ ਨੂੰ ਪੋਰਸ ਰਾਜੇ ਨੇ ਅੱਗੇ ਵਧਣ ਤੋਂ ਰੋਕਿਆ ਸੀ। ਪੰਜਾਬ ਦਾ ਪਹਾੜੀ ਇਲਾਕਾ ਦੇਖਿਆ ਜਿਸ ਦੇ ਉਚੇ ਨੀਵੇ ਪਹਾੜ ਦੂਰੋਂ ਹੀ ਆਪਣੀ ਹੋਂਦ ਦਾ ਵਿਖਾਵਾ ਕਰ ਰਹੇ ਸਨ ਉਨ੍ਹਾਂ ਉਪਰ ਹਰਿਆਲੀ ਸਾਫ ਹੀ ਨਜ਼ਰ ਆ ਰਹੀ ਸੀ। ਡ੍ਰਾਈਵਰ ਮੁਬੀਨ ਮੁਹੰਮਦ ਬੜੀ ਸਾਵਧਾਨੀ ਨਾਲ ਕਾਰ ਨੂੰ ਅਗੇ ਲੈ ਕੇ ਜਾ ਰਿਹਾ ਸੀ। ਉਹ ਸਾਨੂੰ ਉਸ ਖੇਤਰ ਦਾ ਗਿਆਨ ਆਪਣੀ ਸੂਝ ਅਨੁਸਾਰ ਦੇ ਰਿਹਾ ਸੀ। ਉਹ ਇਲਾਕੇ ਦੀ ਬਾਰੇ, ਇਲਾਕੇ ਦੇ ਵਿਚ ਲੱਗੇ ਬਾਗਾਂ ਬਾਰੇ, ਅਤੇ ਕਿਸ ਖੇਤਰ ਦਾ ਕੇਹੜਾ ਫਲ ਮਸ਼ਹੂਰ ਹੈ, ਬਾਰੇ ਗਿਆਨ ਕਰਵਾ ਰਿਹਾ ਸੀ। ਰਸਤਾ ਪਾਰ ਕਰਦੇ ਹੋਏ ਲਗਭਗ 1 ਵਜੇ ਅਸੀਂ ਪੰਜਾ ਸਾਹਿਬ ਪੁੱਜ ਗਏ ਉਥੇ

(ਬਾਕੀ ਅਗਲੇ ਸਫੇ 'ਤੇ)

# ਯਾਤਰਾ ਪਾਕਿਸਤਾਨ ਦੀ

**(ਸਫਾ 14 ਦੀ ਬਾਕੀ)**

ਗੁਰਦਵਾਰੇ ਏ ਅੰਦਰ ਕਾਫੀ ਸ਼ਾਂਤੀ ਮਹਿਸੂਸ ਹੋਈ ਪੰਜਾ ਸਾਹਿਬ ਵਿਚ ਗੁਰੂ ਸਾਹਿਬ ਵਲੋਂ ਵਲੀ ਕੰਧਾਰੀ ਵਲੋਂ ਰੋਹੜੇ ਪਹਾੜ ਨੂੰ ਰੋਕਣ ਲਈ ਲਾਏ ਪੰਜੇ ਦੇ ਦਰਸ਼ਨ ਕੀਤੇ ,ਜੋ ਜਲ ਦੇ ਅੰਦਰ ਮੌਜੂਦ ਹੈ ਅਤੇ ਹਾਲੇ ਤਕ ਵੀ ਵਲੀ ਕੰਧਾਰੀ ਦੇ ਪਾਣੀ ਦੇ ਸੋਮੇ ,ਜਿਥੋਂ ਉਸ ਨੇ ਭਾਈ ਮਰਦਾਨੇ ਨੂੰ ਪਿਆਸ ਬੁਝਾਓਂਣ ਲਈ ਪਾਣੀ ਦੇਣ ਤੋਂ ਇਨਕਾਰ ਕਰ ਦਿਤਾ ਸੀ, ਵਲੋਂ ਪਾਣੀ ਆ ਰਿਹਾ ਹੈ ਉਸ ਜਲ ਨਾਲ ਸਰੋਵਰ ਵਿਚੋਂ ਦੂਰੋਂ ਦੂਰੋਂ ਆਈਆਂ ਸੰਗਤਾਂ ਇਸ਼ਨਾਨ ਕਰਦੀਆਂ ਹਨ। ਗੁਰਦਵਾਰੇ ਦੇ ਅੰਦਰ ਗਏ ਮਨ ਨੂੰ ਸ਼ਾਂਤੀ ਮਹਿਸੂਸ ਹੋਈ। ਪ੍ਰਸ਼ਾਦ ਲੈਣ ਉਪਰੰਤ ਲੰਗਰ ਸਾਹਿਬ 'ਚ ਗਏ। ਗੁਰੂ ਸਾਹਿਬ ਦੇ ਸ਼ਰਧਾਲੂ ਲੰਗਰ ਦੇ ਅੰਦਰ ਸੇਵਾ ਕਰ ਰਹੇ ਸਨ ਸਾਨੂੰ ਲੰਗਰ ਛਕਾਇਆ ਗਿਆ। ਕੁਝ ਦੇਰ ਗ੍ਰੰਥੀਆਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਵਾਪਿਸ ਚਲ ਪਏ । ਰਾਤ ਨੂੰ ਲਗਭ 9 ਵਜੇ ਵਾਪਿਸ ਹੋਟਲ ਵਿਚ ਪੁੱਜ ਗਏ। ਦਿਨ ਦੀ ਥਕਾਵਟ ਹੋਣ ਕਾਰਨ ਛੇਤੀ ਹੀ ਨੀਂਦ ਰਾਣੀ ਨੇ ਘੇਰ ਲਿਆ ।

ਅੱਜ 21/07/2023 ਨੂੰ ਕਿਤਾਬ "ਗੁਰੂ ਨਾਨਕ ਸਾਹਿਬ ਜੀ ਜੀਵਨ ਤੇ ਫ਼ਲਸਫ਼ਾ" ਉਪਰ ਗਲ ਬਾਤ ਦਾ ਪ੍ਰੋਗਰਾਮ ਹੈ ਜੋ ਕਿ ਲਗਭਗ 11 ਵਜੇ ਦਿਆਲ ਸਿੰਘ ਰੀਸਰਚ ਐਂਡ ਕਲਚਰਲ ਫੋਰਮ ਵਲੋਂ ਕਰਵਾਇਆ ਜਾ ਰਿਹਾ ਹੈ ਵਿਚ ਸ਼ਾਮਿਲ ਹੋਇਆ ਜਾਵੇਗਾ। ਬਹੁਤ ਹੀ ਵਧੀਆ ਪ੍ਰੋਗਰਾਮ ਉਲੀਕਿਆ ਹੋਇਆ ਸੀ ਮੰਚ ਉਪਰ ਲਗਾਇਆ ਹੋਇਆ ਬੈਨਰ ਪ੍ਰੋਗਰਾਮ ਦੀ ਰੂਪ ਰੇਖਾ ਬਾਖੂਬੀ ਬਿਆਨ ਕਰ ਰਿਹਾ ਸੀ । ਮੰਚ ਉਤੇ ਸ਼ਸ਼ੋਭਿਤ ਹਸਤੀਆਂ ਵਿਚ ਡਾਕਟਰ ਰਜ਼ਾਕ ਸ਼ਾਹਿਦ ਡਾਇਰੈਕਟਰ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਲਾਹੌਰ, ਪ੍ਰੋਫੈਸਰ ਡਾਕਟਰ ਸ਼ਬਨਮ ਇਸਹਾਕ, ਡਾਕਟਰ ਮੁਹੰਮਦ ਅਸੀਮ ਚੋਧਰੀ ਪ੍ਰੋਫੈਸਰ ਡਾਕਟਰ ਜ਼ਹੀਰ ਵੱਟੂ ਡਾਕਟਰ ਅਜੀਤ ਸਿੰਘ ਕੋਟਕਪੂਰਾ, ਪ੍ਰੋਫੈਸਰ ਡਾਕਟਰ ਤਾਰੀਕ ਬਲੋਚ ,ਡਾਕਟਰ ਕਲਿਆਣ ਸਿੰਘ ਕਲਿਆਣ, ਅਸ਼ਰਫ ਸੁਹੈਲ, ਖੋਜ ਵਿਦਿਆਰਥੀ ਬੀਬੀ ਸਤਵੰਤ ਕੌਰ ਸ਼ਾਮਿਲ ਸਨ। ਪ੍ਰੋਗਰਾਮ ਨੂੰ ਕਵਰ ਕਰਨ ਖਾਤਿਰ ਖਾਵਰ ਬੈਗ ਭੁਲੇਖਾ ਟੀ ਵੀ ਵਾਲੇ,ਐਮਰ ਨਿਊਜ਼ ਵਾਲੇ ਵੀ ਪੁਜੇ ਹੋਏ ਸਨ। ਪ੍ਰੋਗਰਾਮ ਦੀ ਸ਼ੁਰੂਆਤ ਡਾਇਰੇਕਟਰ ਸਾਹਿਬ ਨੇ ਕਿਤਾਬ ਬਾਰੇ ਅਤੇ ਲੇਖਕਾਂ ਬਾਰੇ ਜਾਣਕਾਰੀ ਦੇਣ ਨਾਲ ਕੀਤੀ ਗਈ। ਡਾਕਟਰ ਕਲਿਆਣ ਸਿੰਘ ਕਲਿਆਣ ਜੀ ਨੇ ਕਿਤਾਬ ਦੇ ਅੰਦਰ ਸ਼ਾਮਿਲ ਹੋਏ ਲੇਖਾਂ ਦਾ ਵੇਰਵੇ ਸਾਹਿਤ ਵਰਨਣ ਕੀਤਾ। ਡਾਕਟਰ ਸ਼ਬਨਮ ਇਸਹਾਕ ਨੇ ਵੀ ਕਿਤਾਬ ਬਾਰੇ ਵਿਸਥਾਰਿਤ ਜਾਣਕਾਰੀ ਦੇ ਕੇ ਸਾਰਿਆਂ ਨੂੰ ਇਹ ਮਹਿਸੂਸ ਕਰਵਾ ਦਿਤਾ ਜਿਵੇਂ ਸਾਰਿਆਂ ਨੇ ਖੁਦ ਕਿਤਾਬ ਨੂੰ ਵਾਚਿਆ ਹੋਵੇ। ਡਾਕਟਰ ਅਜੀਤ ਸਿੰਘ ਕੋਟਕਪੂਰਾ ਨੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ ਉਪਰ ਲਿਖੀ ਪੁਸਤਕ "ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਤੇ ਫਿਲੋਸਫੀ " ਉਪਰ ਬੋਲਦੇ ਹੋਏ ਆਪਣੀ ਕਹਾਣੀਆਂ ਵਾਲੀ ਕਿਤਾਬ 'ਸਮੇਂ ਦੀ ਮਲ੍ਹਮ' ਬਾਰੇ ਵੀ ਦੱਸਿਆ । ਆਖਿਰ ਵਿਚ ਮਹਿਮਾਨਾਂ ਨੂੰ ਕਿਤਾਬਾਂ ਦਿਤੀਆਂ ਗਈਆਂ। ਡਾਇਰੇਕਟਰ ਸਾਹਿਬ ਵਲੋਂ ਵਿਸ਼ੇਸ਼ ਸਦੇ ਤੇ ਗਏ ਡਾਕਟਰ ਅਜੀਤ ਸਿੰਘ ਕੋਟਕਪੂਰਾ ਦਾ ਯਾਦਗਾਰੀ ਚਿਨ੍ਹ ਦੇ ਕੇ ਢੁਕਵਾਂ ਸਨਮਾਨ ਕੀਤਾ ਗਿਆ। ਕਿੰਝ ਯਾਦਗਾਰੀ ਪਲ ਕੈਮਰੇ ਵਿਚ ਕੈਦ ਕਰ ਲੈਣ ਉਪਰੰਤ ਵਿਦਾਈ ਲਈ ਗਈ। ਸਮਾਂ ਕਾਫੀ ਹੋ ਚੁਕਾ ਸੀ ਅਤੇ ਅੱਜ ਹੀ ਵਾਪਿਸ ਹਿੰਦੁਸਤਾਨ ਵਲ ਜਾਣ ਦੀ ਯੋਜਨਾ ਹੋਣ ਕਾਰਨ ਸਮੇਂ ਤੇ ਵੇਹਲੇ ਹੋ ਕੇ ਵਾਘਾ ਸਰਹਦ ਵੀ 3 ਵਜੇ ਤੋਂ ਪਹਿਲਾਂ ਪੁੱਜ ਗਏ ਤਾਂ ਜੋ ਅਧਿਕਾਰੀਆਂ ਵਲੋਂ ਵੀ ਲੋੜੀਂਦੀ ਕਾਰਵਾਈ ਕਰ ਸਾਨੂੰ ਭਾਰਤ ਵਲ ਰਵਾਨਾ ਕੀਤਾ ਜਾ ਸਕੇ।

ਇਸ ਤਰਾਂ ਸਾਡਾ ਇਹ ਯਾਦਗਾਰੀ ਸਫ਼ਰ ਆਪਣੇ ਅੰਤਿਮ ਪੜਾਅ ਵਲ ਵੱਧ ਗਿਆ। ਮੈਂ ਤਹਿ ਦਿਲੋਂ ਸਾਰਿਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਨ੍ਹੇ ਥੋੜੇ ਸਮੇਂ ਵਿਚ ਕੀਤੇ ਗਏ ਸਫ਼ਰ ਨੂੰ ਇੱਕ ਯਾਦਗਾਰੀ ਸਫ਼ਰ ਬਣਾ ਦਿਤਾ ਜਿਹੜਾ ਮੇਰੇ ਮਨ ਉਪਰ ਉਕਰ ਚੁਕਾ ਹੈ ।

ਮੇਰਾ ਫਿਰ ਉਸ ਪਾਸੇ ਵਲ ਜਾਣ ਨੂੰ ਮਨ ਕਰਦਾ ਹੈ ਕਿ ਜਿਹੜੇ ਸਥਾਨ ਜਲਦੀ ਵਿਚ ਵੇਖੇ ਹਨ ਉਨ੍ਹਾਂ ਨੂੰ ਹੋਰ ਸਮਾਂ ਬਿਤਾ ਕੇ ਦੇਖਿਆ ਜਾਵੇ ਤੇ ਹੋਰ ਰਮਣੀਕ ਸਥਾਨਾਂ ਦੇ ਦਰਸ਼ਨ ਕਰ ਆਪਣੀਆਂ ਯਾਦਾਂ ਵਿਚ ਸ਼ਮਿਲਤ ਕਰ ਸਕਾਂ। ਸ਼ਾਲਾ ਦੋਹਾਂ ਪੰਜਾਬਾਂ ਦੀ ਦੋਸਤੀ ਬਣੇ ਅਤੇ ਬਰਕਰਾਰ ਰਹੇ ।

# ਲੀਬੀਆ 'ਚ ਜਾਨਲੇਵਾ ਬਣਿਆ ਹੜ੍ਹ, ਹਜ਼ਾਰਾਂ ਲਾਸ਼ਾਂ ਹੋਈਆਂ ਬਰਾਮਦ

ਦਮਾਹ- ਲੀਬੀਆ 'ਚ ਆਏ ਹੜ੍ਹ ਕਾਰਨ ਕਈ ਲੋਕਾਂ ਨੇ ਆਪਣੀ ਜਾਨ ਗਵਾ ਦਿੱਤੀ ਹੈ। ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਕਈ ਲੋਕ ਹੁਣ ਤਕ ਲਾਪਤਾ ਹਨ। ਇਸ ਵਿੱਚ ਸ਼ਨਿਵਾਰ ਨੂੰ ਅੰਤਰਰਾਸ਼ਟਰੀ ਸਹਾਇਤਾ ਦੀ ਖੇਪ ਲੀਬੀਆ ਪਹੁੰਚਣੀ ਸ਼ੁਰੂ ਹੋ ਗਈ ਹੈ। ਐਤਵਾਰ ਨੂੰ ਹੜ੍ਹ ਨੇ ਬੰਦਰਗਾਹ ਸ਼ਹਿਰ ਡਰਨਾ ਨੂੰ ਪਾਣੀ - ਪਾਣੀ ਕਰ ਦਿੱਤਾ ਹੈ। ਇਸ ਹੜ੍ਹ 'ਚ ਹਜ਼ਾਰਾ ਲੋਕ ਤੇ ਉਨ੍ਹਾਂ ਦੇ ਘਰ ਸਮੁੰਦਰ 'ਚ ਬਹਿ ਗਏ ਹਨ। ਤੂਫ਼ਾਨ ਕਾਰਨ ਹੋਈ ਮੂਸਲਾਧਾਰ ਮੀਂਹ ਦੇ ਦਬਾਅ 'ਚ ਦੋ ਬੰਨ੍ਹ ਟੁੱਟਣ ਦੀ ਵੀ ਖ਼ਬਰ ਆਈ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ 3,958 ਲੋਕਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ ਤੇ ਉਨ੍ਹਾਂ ਦੀ ਪਛਾਣ ਕਰ ਲਈ ਗਈ ਹੈ। ਇਸ ਤੋਂ ਇਲਾਵਾ 9,000 ਤੋਂ ਜ਼ਿਆਦਾ ਲੋਕ ਹੁਣ ਤਕ ਲਾਪਤਾ ਹਨ।



ਦਮਾਹ, ਏਜੰਸੀ : ਲੀਬੀਆ 'ਚ ਆਏ ਹੜ੍ਹ ਕਾਰਨ ਕਈ ਲੋਕਾਂ ਨੇ ਆਪਣੀ ਜਾਨ ਗਵਾ ਦਿੱਤੀ ਹੈ। ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਕਈ ਲੋਕ ਹੁਣ ਤਕ ਲਾਪਤਾ ਹਨ। ਇਸ ਵਿੱਚ ਸ਼ਨਿਵਾਰ ਨੂੰ ਅੰਤਰਰਾਸ਼ਟਰੀ ਸਹਾਇਤਾ ਦੀ ਖੇਪ ਲੀਬੀਆ ਪਹੁੰਚਣੀ ਸ਼ੁਰੂ ਹੋ ਗਈ ਹੈ। ਐਤਵਾਰ ਨੂੰ ਹੜ੍ਹ ਨੇ ਬੰਦਰਗਾਹ ਸ਼ਹਿਰ ਡਰਨਾ ਨੂੰ ਪਾਣੀ - ਪਾਣੀ ਕਰ ਦਿੱਤਾ ਹੈ। ਇਸ ਹੜ੍ਹ 'ਚ ਹਜ਼ਾਰਾ ਲੋਕ ਤੇ ਉਨ੍ਹਾਂ ਦੇ ਘਰ ਸਮੁੰਦਰ 'ਚ ਬਹਿ ਗਏ ਹਨ। ਤੂਫ਼ਾਨ ਕਾਰਨ ਹੋਈ ਮੂਸਲਾਧਾਰ ਮੀਂਹ ਦੇ ਦਬਾਅ 'ਚ ਦੋ ਬੰਨ੍ਹ ਟੁੱਟਣ ਦੀ ਵੀ ਖ਼ਬਰ ਆਈ ਹੈ।

ਡਬਲਿਊਐਚਓ ਦੇ ਲੀਬੀਆ ਪ੍ਰਤੀਨਿਧੀ ਅਹਿਮਦ ਜ਼ੌਓਟੇਨ ਨੇ ਕਿਹਾ, "ਇਹ ਭਿਆਨਕ ਆਪਦਾ ਹੈ।" ਭਿਆਨਕ ਹੜ੍ਹ ਕਾਰਨ ਸਮੁੰਦਰ 'ਚ ਬਹਿ ਜਾਣ ਬਾਅਦ ਲਾਸ਼ਾਂ ਹੁਣ ਤਕ ਕਿਨਾਰੇ ਤੈਰ ਰਹੀਆਂ ਹਨ। ਟਾਈਮਸ ਆਫ਼ ਮਾਲਟਾ ਅਖ਼ਬਾਰ ਦੀ ਰਿਪੋਰਟ ਅਨੁਸਾਰ ਮਾਲਟਾ ਦੇ ਨਾਗਰਿਕ ਸੁਰੱਖਿਆ ਵਿਭਾਗ ਦੇ ਇਕ ਬਚਾਅ ਦਲ ਨੇ ਸ਼ੁੱਕਰਵਾਰ ਨੂੰ ਲਾਸ਼ਾਂ ਨਾਲ ਭਰਿਆਂ ਸਮੁੰਦਰ ਤਟ ਦੇਖਿਆ।

# ਭਾਰਤ ਦੇ 3 ਵਿਗਿਆਨੀ ਹੁਣ ਸਮੁੰਦਰ ਦੀ ਡੂੰਘਾਈ ਵਿੱਚ ਕਰਨਗੇ ਖੋਜ

**(ਸਫਾ 11 ਦੀ ਬਾਕੀ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਲੂ ਅਰਥਵਿਸਥਾ ਦੇ ਟੀਚਿਆਂ ਨੂੰ ਹੋਰ ਮਜ਼ਬੂਤ ਕਰੇਗਾ।" ਭਾਰਤ ਦਾ 'ਗਗਨਯਾਨ' ਮਨੁੱਖ ਨੂੰ ਪੁਲਾੜ ਵਿੱਚ ਭੇਜ ਰਿਹਾ ਹੈ ਤਾਂ 'ਸਮੁੰਦਰਯਾਨ' ਮਨੁੱਖ ਨੂੰ ਸਮੁੰਦਰ ਨੂੰ ਦੀ ਗਹਿਰਾਈ ਦੇ ਭੇਤਾਂ ਨੂੰ ਸਮਝਣ ਵਿੱਚ ਮਦਦਗਾਰ ਹੋ ਸਕਦਾ ਹੈ।

**ਸਮੁੰਦਰੀ ਲਾਈਨਰ ਕੀ ਹੈ?**

ਸਮੁੰਦਰਯਾਨ ਪ੍ਰੋਜੈਕਟ ਭਾਰਤ ਸਰਕਾਰ ਦੇ 'ਇੰਡੀਆ ਡੀਪ ਓਸ਼ੀਅਨ ਮਿਸ਼ਨ' (ਭਾਰਤ ਦੇ ਸਮੁੰਦਰ ਦੀ ਗਹਿਰਾਈ ਵਿਚਲੇ ਮਿਸ਼ਨ) ਦਾ ਅਹਿਮ ਹਿੱਸਾ ਹੈ, ਇਸ ਤਹਿਤ ਸਮੁੰਦਰ ਦੀ ਡੂੰਘਾਈ ਵਿੱਚ ਜਾ ਕੇ ਅਧਿਐਨ ਕੀਤਾ ਜਾਵੇਗਾ। ਐੱਨਆਈਓਟੀ ਵੱਲੋਂ ਇਸ ਮਿਸ਼ਨ ਲਈ 4,077 ਕਰੋੜ ਰੁਪਏ ਖਰਚੇ ਜਾ ਰਹੇ ਹਨ। ਐੱਨਆਈਓਟੀ ਨੇ ਦਸੰਬਰ 2022 ਵਿੱਚ ਸਾਗਰ ਨਿਧੀ ਨਾਂ ਦਾ ਸਮੁੰਦਰੀ ਜਹਾਜ਼ ਕੇਂਦਰੀ ਭਾਰਤੀ ਸਮੁੰਦਰ ਵਿੱਚ ਭੇਜਿਆ ਸੀ। ਇਸ ਜਹਾਜ ਰਾਹੀਂ ਰੌਬੋਟਿਕ ਪਣਡੁੱਬੀ ਓਐੱਮਈ 6000 ਓਯੂਵੀ (ਓਸ਼ੀਅਨ ਮਿਨਰਲ ਐਕਸਪਲੋਰਰ) 5271 ਮੀਟਰ ਤੱਕ ਦੀ ਡੂੰਘਾਈ ਤੱਕ ਗਈ ਅਤੇ ਇਸ ਨੇ 'ਮੈਗਨੀਜ਼' ਧਾਤੂ ਦੀ ਖੋਜ ਕੀਤੀ। ਇਸ ਮਿਸ਼ਨ ਦੇ ਨਵੇਂ ਪੜਾਅ ਅਧੀਨ ਇੱਕ ਛੋਟੀ ਸਵੈ-ਚਲਿਤ ਪਣਡੁੱਬੀ ਵਿੱਚ ਤਿੰਨ ਲੋਕਾਂ ਨੂੰ ਸਮੁੰਦਰ ਦੀ ਡੂੰਘਾਈ ਵਿੱਚ ਭੇਜਿਆ ਜਾਵੇਗਾ। ਇਸ ਸਾਰੇ ਪ੍ਰੋਜੈਕਟ ਨੂੰ ਸਮੁੰਦਰਯਾਨ ਨਾਂਅ ਦੇ ਨਾਲ ਜਾਣਿਆ ਜਾਂਦਾ ਹੈ। 2019 ਵਿੱਚ ਮੁੱਢਲੇ ਵਿਚਾਰ ਤੋਂ ਬਾਅਦ ਸਮੁੰਦਰਯਾਨ ਮਿਸ਼ਨ ਉੱਤੇ 2020 ਵਿੱਚ ਕੰਮ ਸ਼ੁਰੂ ਹੋਇਆ। 2025-26 ਤੱਕ ਇਸ ਪਣਡੁੱਬੀ ਨੂੰ ਗਹਿਰੇ ਸਮੁੰਦਰ ਵਿੱਚ ਭੇਜਿਆ ਜਾਵੇਗਾ। ਇਸ ਪਣਡੁੱਬੀ ਦਾ ਨਾਂ ਮਤਸਿਆ 6000 ਸੰਸਕ੍ਰਿਤ ਭਾਸ਼ਾ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਮੱਛੀ'।



**ਮਤਸਿਆ 6000 ਦੀਆਂ ਖ਼ੂਬੀਆਂ ਕੀ ਹਨ?**

ਇਸ ਪਣਡੁੱਬੀ ਦਾ ਨਾਂ ਮਤਸਿਆ ਇਸ ਕਰਕੇ ਰੱਖਿਆ ਗਿਆ ਹੈ ਕਿਉਂਕਿ ਇਸ ਵਿੱਚ ਸਮੁੰਦਰ ਵਿੱਚ 6000 ਮੀਟਰ ਦੀ ਡੂੰਘਾਈ ਤੱਕ ਜਾਣ ਦੀ ਸਮਰੱਥਾ ਹੈ। ਸਮੁੰਦਰ ਦੇ 6000 ਮੀਟਰ ਅੰਦਰ ਪਾਣੀ ਦਾ ਦਬਾਅ ਵੀ 600 ਗੁਣਾ ਵੱਧ ਹੁੰਦਾ ਹੈ। ਇਸ ਦਬਾਅ ਦਾ ਮੁਕਾਬਲਾ ਕਰਨ ਲਈ ਇਸ ਪਣਡੁੱਬੀ ਨੂੰ ਟਾਈਟੈਨੀਅਮ ਧਾਤ ਨਾਲ ਬਣਾਇਆ ਗਿਆ ਹੈ। ਇਸ ਪਣਡੁੱਬੀ ਦਾ ਘੇਰਾ 2.1 ਮੀਟਰ ਹੋਵੇਗਾ, ਇਸ ਵਿੱਚ ਇੱਕ ਚਾਲਕ ਦੇ ਨਾਲ ਨਾਲ ਦੋ ਹੋਰ ਲੋਕ ਸਵਾਰ ਹੋ ਸਕਦੇ ਹਨ। ਇਹ ਸਵੈ-ਚਲਿਤ ਪਣਡੁੱਬੀ 12 ਘੰਟੇ ਤੱਕ ਪਾਣੀ ਵਿੱਚ ਰਹਿ ਸਕਦੀ ਹੈ। ਪੁਣਡੁੱਬੀ ਵਿੱਚ ਕਿਸੇ ਅਣਸੁਖਾਵੇਂ ਹਾਲਾਤ ਦੌਰਾਨ ਜਾਨੀ ਨੁਕਸਾਨ ਦੇ ਬਚਾਅ ਲਈ ਆਕਸੀਜਨ ਦੀ ਸਪਲਾਈ 96 ਘੰਟੇ ਤੱਕ ਉਪਲਬਧ ਰਹੇਗੀ। ਇਸ ਪਣਡੁੱਬੀ ਨੂੰ ਤਿਰੁਵਨੰਤਪੁਰਮ ਵਿੱਚ ਸਥਿਤ ਵਿਕਰਮ ਸਾਰਾਭਾਈ ਸਪੇਸ ਸੈਂਟਰ ਦੀ ਮਦਦ ਨਾਲ ਤਿਆਰ ਕੀਤਾ ਗਿਆ ਹੈ। ਫ਼ਿਲਹਾਲ ਇਸ ਪਣਡੁੱਬੀ ਦਾ ਵੱਖ-ਵੱਖ ਪੜਾਵਾਂ ਉੱਤੇ ਨਿਰੀਖਣ ਚੱਲ ਰਿਹਾ ਹੈ।

**ਇਹ ਸਫ਼ਰ ਕਿਉਂ ਜ਼ਰੂਰੀ ਹੈ**

ਮਤਸਿਆ 6000 ਪਣਡੁੱਬੀ ਵਿੱਚ ਅਜਿਹੇ ਵਿਗਿਆਨਕ ਯੰਤਰ ਲਾਏ ਗਏ ਹਨ ਜਿਨ੍ਹਾਂ ਵਿੱਚ ਸੰਚਾਰ ਦੇ ਨਾਲ-ਨਾਲ ਜਾਣਕਾਰੀ ਸੰਭਾਲੀ ਵੀ ਜਾ ਸਕਦੀ ਹੈ। ਇਹ ਯੰਤਰ ਸਮੁੰਦਰ ਵਿੱਚੋਂ ਵੱਖ-ਵੱਖ ਧਾਤਾਂ ਜਿਵੇਂ ਨਿੱਕਲ, ਕੋਬਾਲਟ, ਮੈਗਨੀਜ਼, ਹਾਈਡਰੋਥਰਮਲ ਸਲਫਾਈਡ ਵਗੈਰਾ ਨੂੰ ਲੱਭਣ ਵਿੱਚ ਸਹਾਇਤਾ ਕਰੇਗਾ। ਇਸ ਤੋਂ ਇਲਾਵਾ ਇਹ ਯਾਤਰਾ ਸਮੁੰਦਰੀ ਲਹਿਰਾਂ ਅਤੇ ਉਸ ਖੇਤਰ ਵਿੱਚ ਜੈਵ ਵਿਭਿੰਨਤਾ ਬਾਰੇ ਅਧਿਐਨ ਦੇ ਲਿਹਾਜ਼ ਨਾਲ ਵੀ ਅਹਿਮ ਹੈ। ਭਾਰਤ ਆਪਣੀ ਸਮੁੰਦਰੀ ਤਾਕਤ ਨੂੰ ਇਨ੍ਹਾਂ ਮਿਸ਼ਨਾਂ ਰਾਹੀ ਸਾਬਤ ਕਰੇਗਾ। ਨਾਲ ਹੀ, ਭਾਰਤ ਸਰਕਾਰ ਦੇ ਭੂ-ਵਿਗਿਆਨ ਮੰਤਰਾਲੇ ਨੇ ਇਹ ਆਸ ਵੀ ਜ਼ਾਹਰ ਕੀਤੀ ਹੈ ਕਿ ਇਹ ਮੁਹਿਮ ਲੋਕਾਂ ਅੰਦਰ ਸਮੁੰਦਰ ਬਾਰੇ ਜਾਗਰੁਕਤਾ ਵੀ ਪੈਦਾ ਕਰੇਗੀ। ਭਾਰਤ ਦੀ ਸਮੁੰਦਰੀ ਮੁਹਿਮ 1980 ਵਿੱਚ ਸ਼ੁਰੂ ਹੋਈ। ਉਸ ਸਮੇਂ ਭਾਰਤ ਨੇ ਅਰਬ ਸਾਗਰ ਅਤੇ ਹਿੰਦ ਮਹਾਸਾਗਰ ਵਿੱਚ ਧਾਤੂਆਂ ਦੇ ਭੰਡਾਰ ਬਾਰੇ ਖੋਜ ਕੀਤੀ ਸੀ। ਪਰ ਅਜਿਹਾ ਪਹਿਲੀ ਵਾਰੀ ਹੋ ਰਿਹਾ ਹੈ ਕਿ ਕਿਸੇ ਪਣਡੁੱਬੀ ਵਿੱਚ ਮਨੁੱਖ ਸਵਾਰ ਹੋ ਕੇ ਸਮੁੰਦਰ ਦਾ ਗਹਿਰਾ ਸਫ਼ਰ ਕਰਨਗੇ।

ਸਮੁੰਦਰੀ ਜੀਵ ਵਿਗਿਆਨੀ ਡਾਕਟਰ ਅਭਿਸ਼ੇਕ ਸਾਤਮ ਕਹਿੰਦੇ ਹਨ, "ਹੁਣ ਤੱਕ ਸਮੁੰਦਰ ਵਿੱਚ ਅਧਿਐਨ ਲਈ ਭੇਜੇ ਗਏ ਸਾਰੇ ਮਿਸ਼ਨ ਸਕੂਬਾ ਡਾਈਵਿੰਗ ਜ਼ਰੀਏ ਕੀਤੇ ਗਏ ਹਨ।" "ਸਕੂਬਾ ਡਾਈਵਿੰਗ ਇੱਕ ਮਹਿੰਗਾ ਸਾਧਨ ਹੈ, ਇਸ ਲਈ ਬਹੁਤ ਥੋੜ੍ਹੀਆਂ ਸੰਸਥਾਵਾਂ ਇਸ ਦਾ ਖਰਚਾ ਚੁੱਕ ਸਕਦੀਆਂ ਹਨ।" "ਇੱਕ ਵਾਰ ਤੁਸੀਂ ਸਕੂਬਾ ਡਾਈਵਿੰਗ ਰਾਹੀਂ ਇੱਕ ਆਕਸੀਜਨ ਦੇ ਸਿਲੰਡਰ ਨਾਲ ਪਾਣੀ ਅੰਦਰ ਜਾਂਦੇ ਹੋ, ਅਤੇ ਸਮੁੰਦਰ ਅੰਦਰ ਸਿਰਫ 45 ਮਿੰਟਾਂ ਤੋਂ ਲੈ ਕੇ ਇੱਕ ਘੰਟੇ ਤੱਕ ਰਹਿ ਸਕਦੇ ਹੋ।" "ਇਸ ਤਰੀਕੇ ਨਾਲ ਡਾਈਵਿੰਗ ਦਿਨ ਵਿੱਚ ਮਹਿਜ਼ ਦੋ ਵਾਰ ਕੀਤੀ ਜਾ ਸਕਦੀ ਹੈ, ਕਿਉਂਕਿ ਜੇ ਕੋਈ ਬਹੁਤੀ ਦੇਰ ਘੱਟ ਆਕਸੀਜਨ ਨਾਲ ਰਹੇ ਅਤੇ ਸਰੀਰ ਵਿੱਚ ਨਾਈਟ੍ਰੋਜਨ ਦੀ ਮਾਤਰਾ ਵੱਧ ਜਾਵੇ ਤਾਂ ਇਸ ਦਾ ਸਿਹਤ ਉੱਤੇ ਅਸਰ ਹੋ ਸਕਦਾ ਹੈ।" ਸਕੂਬਾ ਡਾਈਵਿੰਗ ਵਿੱਚ ਅਧਿਐਨ ਲਈ ਸਮਾਂ ਬਹੁਤ ਘੱਟ ਮਿਲਦਾ ਹੈ ਅਤੇ ਜ਼ਿਆਦਾ ਡੂੰਘਾਈ ਵਿੱਚ ਜਾਣਾ ਸੰਭਵ ਨਹੀਂ ਹੁੰਦਾ ਹੈ। ਇਸ ਲਈ ਸਮੁੰਦਰ ਦੀ ਡੂੰਘਾਈ ਵਿੱਚ ਅਧਿਐਨ ਲਈ ਪਣਡੁੱਬੀ ਦੀ ਸਹਾਇਤਾ ਲੈਣੀ ਵਧੇਰੇ ਢੁਕਵੀਂ ਹੈ।

**ਸਮੁੰਦਰ ਦੇ ਅਧਿਐਨ ਦੀ ਲੋੜ ਕੀ ਹੈ**

ਧਰਤੀ ਦੇ 70 ਫ਼ੀਸਦੀ ਹਿੱਸੇ ਉੱਤੇ ਸਮੁੰਦਰ ਹਨ। ਮਨੁੱਖ ਡੂੰਘੇ ਸਾਗਰਾਂ ਦੇ 80 ਫ਼ੀਸਦ ਹਿੱਸੇ ਬਾਰੇ ਹਾਲੇ ਵੀ ਅਣਜਾਣ ਹਨ। ਇਸੇ ਲਈ ਵਿਗਿਆਨੀ ਸਮੁੰਦਰ ਵਿੱਚ ਵੀ ਉਨੀਂ ਹੀ ਦਿਲਚਸਪੀ ਰੱਖਦੇ ਹਨ, ਜਿੰਨੀ ਕਿ ਪੁਲਾੜ ਵਿੱਚ। ਸੰਯੁਕਤ ਰਾਸ਼ਟਰ ਦੀ ਸਮੁੰਦਰੀ ਕਾਨੂੰਨ ਬਾਰੇ ਕਨਵੈਸ਼ਨ ਦੌਰਾਨ, ਕਿਸੇ ਵੀ ਦੇਸ਼ ਦੇ ਕੰਢੇ ਤੋਂ ਲੈ ਕੇ 370 ਕਿਲੋਮੀਟਰ ਤੱਕ ਦੇ ਸਮੁੰਦਰ ਨੂੰ ਦੇਸ਼ ਦਾ ਐਕਸਲੂਸਿਵ ਇਕਾਨੋਮਿਕ ਜ਼ੋਨ (ਈਈਜ਼ੈਡ) ਐਲਾਨਿਆ ਗਿਆ ਸੀ ਯਾਨੀ ਉਹ ਸਮੁੰਦਰੀ ਇਲਾਕਾ ਜਿਸ ਉੱਤੇ ਦੇਸ਼ ਦਾ ਹੱਕ ਹੋਵੇ। ਭਾਰਤ ਦਾ ਸਮੁੰਦਰ ਨਾਲ 7500 ਕਿਲੋਮੀਟਰ ਤੋਂ ਵੀ ਵੱਧ ਹਿੱਸਾ ਲੱਗਦਾ ਹੈ ਅਤੇ ਭਾਰਤ ਦਾ ਐਕਸਲੂਸਿਵ ਇਕਨੋਮਿਕ ਜ਼ੋਨ 235143 ਕਿਲੋਮੀਟਰ ਹੈ। ਪਰ ਇਸ ਖੇਤਰ ਦਾ ਵੱਡਾ ਹਿੱਸਾ ਕਿਸੇ ਅਧਿਐਨ ਜਾਂ ਹੋਰ ਕੰਮ ਲਈ ਨਹੀਂ ਵਰਤਿਆ ਜਾ ਰਿਹਾ। ਤੇਲ ਦੇ ਭੰਡਾਰ ਜਿਵੇਂ ਬੰਬਈ ਹਾਈ ਜਾਂ ਸਮੁੰਦਰੀ ਅਧਿਐਨ ਦੇ ਹੋਰ ਮਿਸ਼ਨ ਇੱਕ ਛੋਟੇ ਜਿਹੇ ਹਿੱਸੇ ਉੱਤੇ ਹੀ ਕੇਂਦਰਿਤ ਹਨ।

ਸਮੁੰਦਰੀ ਕੰਢੇ ਨੇੜਲੇ ਹਿੱਸੇ ਨੂੰ 'ਕੌਂਟੀਨੈਂਟਲ ਸ਼ੈਲਫ਼' ਕਿਹਾ ਜਾਂਦਾ ਹੈ। ਪਰ ਸਮੁੰਦਰਯਾਨ ਮਿਸ਼ਨ ਇਸ ਤੋਂ ਵੀ ਅੱਗੇ ਦਾ ਅਧਿਐਨ ਕਰੇਗਾ। ਸਮੁੰਦਰ ਖਣਿਜ ਸਰੋਤਾਂ ਲਈ ਹੀ ਮਹੱਤਵਪੂਰਨ ਨਹੀਂ ਹਨ ਸਗੋਂ ਇਹ ਜੈਵ ਵਿਭਿੰਨਤਾ ਅਤੇ ਜਲਵਾਯੂ ਬਦਲਾਅ ਦਾ ਮੁਕਾਬਲਾ ਕਰਨ ਵਿੱਚ ਵੀ ਸਹਾਈ ਹੁੰਦੇ ਹਨ। ਧਰਤੀ ਉੱਤੇ ਮੌਜੂਦ ਕਾਰਬਨ ਰਾਹੀਂ ਪੈਦਾ ਹੁੰਦੀ ਗਰਮੀ ਦਾ 90 ਫ਼ੀਸਦ ਸਮੁੰਦਰ ਵੱਲੋਂ ਸੋਖਿਆ ਜਾਂਦਾ ਹੈ। ਭਾਰਤ ਅਜਿਹਾ ਦੇਸ਼ ਹੈ ਜਿੱਥੇ ਖੇਤੀਬਾੜੀ ਅਤੇ ਆਰਥਿਕਤਾ ਮਾਨਸੂਨ ਉੱਤੇ ਨਿਰਭਰ ਕਰਦੇ ਹਨ ਅਤੇ ਮਾਨਸੂਨ ਸਮੁੰਦਰਾਂ ਉੱਤੇ ਨਿਰਭਰ ਹੈ। ਆਸ ਕੀਤੀ ਜਾ ਰਹੀ ਹੈ ਕਿ ਸਮੁੰਦਰੀ ਅਧਿਐਨ ਭਾਰਤ ਲਈ ਬਹੁਤ ਅਹਿਮ ਨਤੀਜੇ ਲਿਆਵੇਗਾ।

# ਭਾਰਤ ਵਿਚ ਡਿਜੀਟਲ ਲੈਣ-ਦੇਣ ਦੀ ਸਹੂਲਤ ਤੇ ਇਸ ਨਾਲ ਜੁੜੀਆਂ ਦਿੱਕਤਾਂ

**(ਸਫਾ 2 ਦੀ ਬਾਕੀ)**

ਡਲਿਵਰ ਕਰ ਦਿੱਤਾ ਜਾਵੇਗਾ, ਨਕਦੀ ਤਿਆਰ ਰੱਖਣਾ।

ਪਹਿਲਾਂ ਵਿਅਕਤੀ ਸੋਚਦਾ ਹੈ ਕਿ ਮੈਂ ਕੋਈ ਆਰਡਰ ਹੀ ਨਹੀਂ ਕੀਤਾ ਤਾਂ ਇਹ ਕੀ ਹੈ। ਜਦੋਂ ਡਲਿਵਰੀ ਵਾਲਾ ਘਰ ਪਹੁੰਚਦਾ ਹੈ ਡੱਬਾ ਲੈ ਕੇ ਤਾਂ ਉਸ ਨੂੰ ਕਹਿ ਦਿਉ ਕਿ ਮੈਂ ਤਾਂ ਆਰਡਰ ਕੀਤਾ ਹੀ ਨਹੀਂ ਤਾਂ ਅੱਗੋਂ ਜਵਾਬ ਦਿੰਦਾ ਹੈ ਕਿ ਇਹ ਕਿੱਥੋਂ ਆ ਗਿਆ। ਬਹਿਸ ਕਰਦੇ ਹੋਏ ਡਲਿਵਰੀ ਵਾਲਾ ਕਹਿੰਦਾ ਹੈ ਕਿ ਤੁਸੀਂ ਆਰਡਰ ਕੈਂਸਲ ਕਰ ਦਿਉ। ਗੱਲ ਆਉਂਦੀ ਹੈ ਕਿ ਜੇ ਆਰਡਰ ਕੀਤਾ ਹੀ ਨਹੀਂ ਤਾਂ ਕੈਂਸਲ ਕਿਵੇਂ ਕਰੇ। ਅੱਕ ਕੇ ਜਦੋਂ ਇਨਸਾਨ ਡਲਿਵਰੀ ਵਾਲੇ ਨੂੰ ਕਹਿੰਦਾ ਕਿ ਤੂੰ ਆਪੇ ਵਾਪਸ ਭੇਜ ਤਾਂ ਉਹ ਕਹਿੰਦਾ ਹੈ ਕਿ ਮੈਂ ਕੈਂਸਲ ਕਰ ਦਿੰਦਾ ਹਾਂ, ਤੁਹਾਡੇ ਕੋਲ ਓਟੀਪੀ ਆਵੇਗਾ, ਉਹ ਮੈਨੂੰ ਦੇ ਦਿਉ। ਜਿਸ ਤਰ੍ਹਾਂ ਓਟੀਪੀ ਗਿਆ, ਤੁਹਾਡੇ ਨਾਲ ਠੱਗੀ ਵੱਜ ਗਈ। ਅੱਜ-ਕੱਲ੍ਹ ਘਰ ਬੈਠੇ ਆਨਲਾਈਨ ਕੰਮ ਦੇਣ ਦੇ ਨਾਮ 'ਤੇ ਠੱਗੀ ਵੱਜ ਰਹੀ ਹੈ। ਇਸ ਵਿਚ ਪੰਜ ਲੈਵਲ ਤੱਕ ਵਿਸ਼ਵਾਸ ਬਣਾਇਆ ਜਾਂਦਾ ਹੈ। ਇਸ ਵਿਚ ਪਹਿਲਾਂ ਥੋੜ੍ਹੇ ਪੈਸੇ ਲਏ ਜਾਂਦੇ ਹਨ ਜੋ ਵਧਾ ਕੇ ਵਾਪਸ ਕੀਤੇ ਜਾਂਦੇ ਹਨ। ਇਸ ਤਰ੍ਹਾਂ ਵਿਸ਼ਵਾਸ ਬਣਾ ਕੇ ਤੁਹਾਨੂੰ ਇਕ ਪ੍ਰਾਈਵੇਟ ਗਰੁੱਪ ਵਿਚ ਪਾਉਣ 'ਤੇ 1 ਲੱਖ ਰੁਪਏ ਮੰਗੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਤੁਹਾਨੂੰ ਕੰਮ ਦਿੱਤਾ ਜਾਵੇਗਾ ਤੇ ਕੰਮ ਪੂਰਾ ਹੋਣ 'ਤੇ ਡੇਢ ਲੱਖ ਮਿਲੇਗਾ। ਇਸ ਵਿਚ ਇਕ ਲੱਖ ਦਾ ਚੂਨਾ ਲੱਗਦਾ ਹੈ ਤੇ ਉਸ ਤੋਂ ਬਾਅਦ ਜੇ ਕੋਈ ਚਾਲ ਨਹੀਂ ਸਮਝਦਾ ਤਾਂ ਉਸ ਨੂੰ ਪੰਜ ਲੱਖ ਦਾ ਚੂਨਾ ਤੈਅ ਹੈ। ਹਾਲ ਹੀ 'ਚ ਕੇਰਲ 'ਚ ਦੁਕਾਨਦਾਰਾਂ ਨੂੰ ਨਵੀਂ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਗਾਹਕ ਦੁਕਾਨ 'ਤੇ ਆਇਆ, ਸਾਮਾਨ ਖ਼ਰੀਦਿਆ ਅਤੇ ਯੂਪੀਆਈ ਯਾਨੀ ਪੇਟੀਐੱਮ ਜਾਂ ਗੂਗਲ ਪੇਅ ਜਾਂ ਕੋਈ ਹੋਰ ਇਸ ਤਰ੍ਹਾਂ ਦੇ ਮਾਧਿਅਮ ਤੋਂ ਪੇਮੈਂਟ ਕਰ ਦਿੱਤੀ। ਉਸ ਵਿਚ ਦੁਕਾਨਦਾਰ ਦਾ ਬੈਂਕ ਖਾਤਾ ਫਰੀਜ਼ ਕਰ ਦਿੱਤਾ ਜਾਂਦਾ ਹੈ। ਜਦੋਂ ਦੁਕਾਨਦਾਰ ਬੈਂਕ ਜਾ ਕੇ ਪਤਾ ਕਰਦਾ ਹੈ ਤਾਂ ਜਵਾਬ ਮਿਲਦਾ ਹੈ, ਸਾਈਬਰ ਸੈੱਲ ਵੱਲੋਂ ਆਦੇਸ਼ ਆਏ ਸਨ।

ਦੁਕਾਨਦਾਰ ਕੇਰਲ ਸਾਈਬਰ ਸੈੱਲ ਵਿਚ ਪਹੁੰਚਦਾ ਹੈ ਤਾਂ ਪਤਾ ਲੱਗਦਾ ਹੈ ਕਿ ਇਹ ਖਾਤਾ ਗੁਜਰਾਤ ਸਾਈਬਰ ਸੈੱਲ ਨੇ ਬੰਦ ਕਰਵਾਇਆ ਹੈ। ਗੁਜਰਾਤ ਸੈੱਲ ਤੋਂ ਪਤਾ ਲੱਗਦਾ ਹੈ ਜਿਸ ਖਾਤੇ ਵਿੱਚੋਂ ਦੁਕਾਨਦਾਰ ਨੂੰ ਪੇਮੈਂਟ ਆਈ ਹੈ, ਉਸ ਦੀਆਂ ਗਤੀਵਿਧੀਆਂ ਠੀਕ ਨਹੀਂ ਹਨ। ਇਸ ਤਰ੍ਹਾਂ ਦੇ ਇੱਕਾ-ਦੁੱਕਾ ਕੇਸ ਨਹੀਂ ਬਲਕਿ 300 ਤੋਂ ਵੱਧ ਕੇਸ ਚਰਚਾ ਵਿਚ ਹਨ। ਅਸੀਂ ਡਿਜੀਟਲ ਇੰਡੀਆ ਦਾ ਕੰਮ 8 ਸਾਲ ਪਹਿਲਾਂ ਸ਼ੁਰੂ ਕੀਤਾ ਸੀ ਪਰ ਕਾਨੂੰਨ 2000 ਵਾਲਾ ਆਈਟੀ ਐਕਟ ਹੀ ਹੈ ਜਿਸ ਵਿਚ ਵੱਡੇ ਪੱਧਰ 'ਤੇ ਬਦਲਾਅ ਦੀ ਜ਼ਰੂਰਤ ਸੀ। ਇਸ ਵਾਰ ਮੌਨਸੂਨ ਇਜਲਾਸ ਵਿਚ ਡਿਜੀਟਲ ਪਰਸਨਲ ਡਾਟਾ ਬਿੱਲ 2023 ਪਾਸ ਕੀਤਾ ਗਿਆ ਹੈ। ਹਾਲਾਂਕਿ ਛੋਟੇ-ਮੋਟੇ ਸੁਧਾਰ ਆਰਬੀਆਈ ਕਰਦੀ ਹੈ ਜਿਵੇਂ ਕਿ ਓਟੀਪੀ ਲਾਉਣੇ, ਦੋ ਫੈਕਟਰ ਪ੍ਰਮਾਣਿਕਤਾ ਲਗਉਣੀ ਆਦਿ ਹਨ ਖ਼ਾਸ ਕਰਕੇ ਈ-ਕਾਮਰਸ ਲਈ। ਇਸ ਵੇਲੇ ਬਹੁਤੇ ਸਾਈਬਰ ਕ੍ਰਾਈਮ ਸੈੱਲ ਵਾਲਿਆਂ ਨੂੰ ਵੀ ਸਿਖਲਾਈ ਦੀ ਵੱਡੇ ਪੱਧਰ 'ਤੇ ਲੋੜ ਹੈ ਕਿਉਂਕਿ ਇਸ ਵੇਲੇ ਉਹ ਪ੍ਰਾਈਵੇਟ ਏਜੰਸੀਆਂ ਦੀ ਮਦਦ ਨਾਲ ਚੱਲਦੇ ਹਨ।

ਇਕ ਖੋਜ ਸੈੱਲ ਹੋਵੇ ਜੋ ਇਨ੍ਹਾਂ ਨਵੀਆਂ ਠੱਗੀਆਂ ਦੇ ਤਰੀਕੇ ਨੂੰ ਸਟੱਡੀ ਕਰ ਕੇ ਬੰਦ ਕਰੇ ਤਾਂ ਜੋ ਲੋਕਾਂ ਨਾਲ ਠੱਗੀ ਨਾ ਹੋਵੇ। ਇਹ ਸੈੱਲ ਡਿਜੀਟਲ ਲਿਟਰੇਸੀ ਦੇ ਪ੍ਰੋਗਰਾਮ ਤਹਿਤ ਲੋਕਾਂ ਨੂੰ ਵਰਤੋਂ ਸਿਖਾਉਣ ਦੇ ਨਾਲ-ਨਾਲ ਜੋ ਨਵੇਂ ਢੰਗ-ਤਰੀਕੇ ਠੱਗੀ ਦੇ ਆਉਂਦੇ ਹਨ, ਉਨ੍ਹਾਂ ਤੋਂ ਵੀ ਜਾਣੂ ਕਰਵਾਇਆ ਜਾਵੇ। ਕਾਨੂੰਨ ਬਣਾ ਕੇ ਸਖ਼ਤ ਸਜ਼ਾ ਹੋਵੇ ਅਤੇ ਜੋ ਲੋਕਾਂ ਨਾਲ ਠੱਗੀ ਵੱਜਦੀ ਹੈ, ਉਹ ਤੁਰੰਤ ਪਤਾ ਲਗਾਵੇ ਅਤੇ ਪੈਸੇ ਮੁੜਨ।

# ਕੈਨੇਡਾ 'ਚ ਗੁਰਦੁਆਰੇ ਤੇ ਮੰਦਰਾਂ 'ਚ ਰਹਿਣ ਨੂੰ ਮਜਬੂਰ ਹੋ ਰਹੇ ਨੇ ਭਾਰਤੀ ਵਿਦਿਆਰਥੀ

ਕੈਨੇਡਾ ਦੇ ਟੋਰਾਂਟੋ ਤੋਂ ਕਰੀਬ 400 ਕਿਲੋਮੀਟਰ ਦੂਰ ਓਨਟਾਰੀਓ ਦੇ ਨੌਰਥ-2 ਸਥਿਤ ਕੈਨੇਡੋਰ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਭਾਰਤੀ ਵਿਦਿਆਰਥੀਆਂ ਨੇ ਵਿਲੱਖਣ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਸਸਤੀਆਂ ਦਰਾਂ 'ਤੇ ਰਿਹਾਇਸ਼ ਨਾ ਦਿੱਤੇ ਜਾਣ ਦੇ ਰੋਸ ਵਿੱਚ ਉਹ ਕਾਲਜ ਦੇ ਸਾਹਮਣੇ ਟੈਂਟ ਲਾ ਕੇ ਧਰਨਾ ਦੇਣ ਲਈ ਬੈਠ ਗਏ। ਇਨ੍ਹਾਂ 50 ਵਿਦਿਆਰਥੀਆਂ 'ਚੋਂ ਜ਼ਿਆਦਾਤਰ ਪੰਜਾਬ ਦੇ ਸਨ ਜੋ ਸੜਕ 'ਤੇ ਟੈਂਟ ਲਗਾ ਕੇ ਪ੍ਰਦਰਸ਼ਨ ਕਰ ਰਹੇ ਸਨ। ਹਾਲਾਂਕਿ, ਅੰਤ ਵਿੱਚ ਕਾਲਜ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੀ ਲੜਾਈ ਅੱਗੇ ਝੁਕਣਾ ਪਿਆ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਸਤੀਆਂ ਦਰਾਂ 'ਤੇ ਕਮਰੇ ਜਾਂ ਰਿਹਾਇਸ਼ ਦੇਣ ਦਾ ਵਾਅਦਾ ਕੀਤਾ।

ਇਨ੍ਹਾਂ ਵਿਦਿਆਰਥੀਆਂ ਦੇ ਧਰਨੇ ਵਾਲੇ ਟੈਂਟ ਤਾਂ ਹੁਣ ਹਟ ਗਏ ਹਨ ਪਰ ਸਮੱਸਿਆ ਅਜੇ ਵੀ ਬਣੀ ਹੋਈ ਹੈ। ਪੂਰੇ ਕੈਨੇਡਾ ਵਿੱਚ ਘਰ ਕਿਰਾਏ 'ਤੇ ਲੈਣਾ ਮਹਿੰਗਾ ਹੋ ਗਿਆ ਹੈ ਅਤੇ ਇਸ ਕਾਰਨ ਉੱਥੇ ਪੜ੍ਹਨ ਲਈ ਗਏ ਭਾਰਤੀ ਵਿਦਿਆਰਥੀਆਂ ਦਾ ਬਜਟ ਹਿੱਲ ਗਿਆ ਹੈ। ਭਾਰਤ ਤੋਂ ਕੈਨੇਡਾ ਪੜ੍ਹਨ ਲਈ ਗਏ ਕੁਝ ਵਿਦਿਆਰਥੀਆਂ ਨੂੰ ਲੱਗਦਾ ਹੈ ਉਹ ਆਪਣੀ ਰਿਹਾਇਸ਼ ਅਤੇ ਭੋਜਨ ਲਈ ਉਮੀਦ ਨਾਲੋਂ ਲਗਭਗ ਦੁੱਗਣਾ ਖਰਚ ਕਰ ਰਹੇ ਹਨ, ਜਿਸ ਕਾਰਨ ਹੁਣ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਕਿਫਾਇਤੀ ਰਿਹਾਇਸ਼ ਦਾ ਸੰਕਟ ਹੈ, ਇਸ ਸਾਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਹੈ, ਜਿਸ ਨਾਲ ਕਿਰਾਇਆ ਮਹਿੰਗਾ ਹੋ ਗਿਆ ਹੈ ਅਤੇ ਬਹੁਤ ਸਾਰੇ ਲੋਕ ਕਈ ਵਾਰ ਗੁਰਦੁਆਰਿਆਂ ਜਾਂ ਮੰਦਰਾਂ ਦਾ ਸਹਾਰਾ ਲੈਂਦੇ ਹਨ।

### 'ਰਿਹਾਇਸ਼ ਦੀ ਇੰਨੀ ਵੱਡੀ ਸਮੱਸਿਆ ਹੋਵੇਗੀ ਨਹੀਂ ਸੀ ਪਤਾ'

ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਨੇ ਨੌਰਥ-2, ਓਨਟਾਰੀਓ, ਕੈਨੇਡਾ ਵਿੱਚ ਕੈਨੇਡੋਰ ਕਾਲਜ ਵਿੱਚ ਦਾਖ਼ਲਾ ਲਿਆ। ਉਹ ਉੱਥੇ ਪਹੁੰਚ ਗਏ ਪਰ ਉਨ੍ਹਾਂ ਦੇ ਠਹਿਰਨ ਲਈ ਕੋਈ ਥਾਂ ਨਹੀਂ ਸੀ। ਨਾਰਥ-2 ਇੱਕ ਛੋਟਾ ਜਿਹਾ ਸ਼ਹਿਰ ਹੈ ਜਦਕਿ ਇੱਥੋਂ ਦੇ ਕਾਲਜ ਨੇ ਇਸ ਸਾਲ ਕਰੀਬ 3500 ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਹੈ। ਮਕਾਨ ਮਾਲਕ ਭਾਰਤੀ ਵਿਦਿਆਰਥੀਆਂ ਤੋਂ ਇੱਥੇ ਰਹਿਣ ਲਈ ਉਮੀਦ ਤੋਂ ਵੱਧ ਕਿਰਾਇਆ ਮੰਗ ਰਹੇ ਹਨ। ਦੂਜੇ ਪਾਸੇ ਕਾਲਜ ਵੱਲੋਂ ਮੁਹੱਈਆ ਕਰਵਾਏ ਗਏ ਕਮਰੇ ਵੀ ਫੁਲ ਹਨ। ਕੈਨੇਡੋਰ ਕਾਲਜ ਵਿੱਚ ਪ੍ਰੋਜੈਕਟ ਮੈਨੇਜਮੈਂਟ ਆਈਟੀ ਦੇ ਪਹਿਲੇ ਸਾਲ ਵਿੱਚ ਦਾਖ਼ਲ ਮਨਪ੍ਰੀਤ ਕੌਰ ਭਾਰਤੀ ਪੰਜਾਬ ਤੋਂ ਹਨ।

ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਅਕਾਉਂਟ 'ਤੇ ਸੰਕਟ ਬਾਰੇ ਬਣਾਈ ਇੱਕ ਰੀਲ ਵਿੱਚ ਕਿਹਾ, "ਕਾਲਜ 5 ਸਤੰਬਰ ਨੂੰ ਸ਼ੁਰੂ ਹੋਣ ਵਾਲਾ ਹੈ ਅਤੇ ਸਾਡੇ ਕੋਲ ਰਹਿਣ ਲਈ ਕੋਈ ਜਗ੍ਹਾ ਨਹੀਂ ਸੀ। ਇੱਥੇ ਹੋਟਲ ਦੀ ਰਿਹਾਇਸ਼ ਮਹਿੰਗੀ ਹੈ। ਇਸ ਲਈ ਅਸੀਂ ਕਾਲਜ ਦੇ ਬਿਲਕੁਲ ਸਾਹਮਣੇ ਇੱਕ ਟੈਂਟ ਵਿੱਚ ਰਹਿ ਕੇ ਵਿਰੋਧ ਕਰਨ ਦਾ ਫ਼ੈਸਲਾ ਲਿਆ।" ਭਾਰਤ ਤੋਂ ਆਏ ਵਿਦਿਆਰਥੀਆਂ ਨੇ ਮੌਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜ਼ੇਸ਼ਨ ਗਰੁੱਪ ਬਣਾਇਆ ਗਿਆ ਹੈ। ਉਨ੍ਹਾਂ ਕਾਲਜ ਦੇ ਸਾਹਮਣੇ ਤਖ਼ਤੀਆਂ ਲੈ ਕੇ ਪ੍ਰਦਰਸ਼ਨ ਵੀ ਕੀਤਾ। ਗਰੁੱਪ ਦੇ ਹਰਿੰਦਰ ਸਿੰਘ ਨੇ ਵੀ m.y.s.o. ਦੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਕਿਹਾ, "ਇਹ ਸਿਰਫ਼ ਨੌਰਥ-ਬੇਅ ਵਿੱਚ ਹੀ ਨਹੀਂ ਬਲਕਿ ਪੂਰੇ ਓਨਟਾਰੀਓ ਵਿੱਚ ਇੱਕ ਸਮੱਸਿਆ ਹੈ।" ਆਪਣਾ ਗੁੱਸਾ ਜ਼ਾਹਰ ਕਰਦਿਆਂ ਇਨ੍ਹਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਕੈਨੇਡਾ ਪਹੁੰਚ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਹਾਲਾਂਕਿ, ਮਨਪ੍ਰੀਤ ਕੌਰ ਨੇ ਸਥਾਨਕ ਮੀਡੀਆ ਹਾਊਸ 'ਨੈਸ਼ਨਲ ਪੋਸਟ' ਨੂੰ ਦੱਸਿਆ ਹੈ ਕਿ ਫਿਲਹਾਲ ਸਮੱਸਿਆ ਨੂੰ ਲੋੜੀਂਦੇ ਤੌਰ 'ਤੇ ਹੱਲ ਕਰ ਲਿਆ ਹੈ। ਉਨ੍ਹਾਂ ਨੇ ਕਿਹਾ, "ਕਾਲਜ ਨੇ ਦੋ ਦਿਨਾਂ ਲਈ ਹੋਟਲ ਦੀ ਰਿਹਾਇਸ਼ ਮੁਹੱਈਆ ਕਰਵਾਈ ਹੈ ਪਰ ਇਹ ਸਥਾਈ ਹੱਲ ਨਹੀਂ ਹੈ।"

ਬਾਅਦ ਵਿੱਚ ਕਾਲਜ ਨੇ ਉਨ੍ਹਾਂ ਨੂੰ ਬਰੈਂਪਟਨ ਕੈਂਪਸ ਵਿੱਚ ਰਿਹਾਇਸ਼ ਦਾ ਭਰੋਸਾ ਦੇ ਕੇ ਇਸ ਮਸਲੇ ਨੂੰ ਹੱਲ ਕਰਨ ਦੀ ਗੱਲ ਆਖੀ ਹੈ। ਇਸ ਦੇ ਲਈ ਉਨ੍ਹਾਂ ਨੇ ਉਨ੍ਹਾਂ ਵਿਦਿਆਰਥੀਆਂ ਦੀ ਸੂਚੀ ਤਲਬ ਕੀਤੀ ਹੈ, ਜਿਨ੍ਹਾਂ ਨੂੰ ਮਕਾਨ ਲੈਣ ਵਿੱਚ ਦਿੱਕਤ ਆ ਰਹੀ ਹੈ। ਇਸ ਤਰ੍ਹਾਂ ਵਿਦਿਆਰਥੀਆਂ ਦਾ ਵਿਰੋਧ ਤਾਂ ਰੁਕ ਗਿਆ ਹੈ ਪਰ ਉਹ ਅਜੇ ਵੀ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਉਹ ਭਵਿੱਖ ਵਿੱਚ ਕੈਨੇਡਾ ਵਿੱਚ ਕਿਵੇਂ ਰਹਿਣਗੇ।

### 9 ਲੱਖ ਵਿਦਿਆਰਥੀਆਂ ਨੂੰ ਵੀਜ਼ਾ

ਜਾਣਕਾਰਾਂ ਅਨੁਸਾਰ ਭਾਰਤੀ ਵਿਦਿਆਰਥੀਆਂ ਨੂੰ ਪੂਰੇ ਕੈਨੇਡਾ ਵਿੱਚ ਰਹਿਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਜਰਾਤ ਦੇ ਅਹਿਮਦਾਬਾਦ ਵਿੱਚ ਵੀਜ਼ਾ ਸਲਾਹਕਾਰ ਵਜੋਂ ਕੰਮ ਕਰਨ ਵਾਲੇ ਲਲਿਤ ਅਡਵਾਨੀ ਨੇ ਕਿਹਾ ਕਿ, "ਕੈਨੇਡਾ ਵਿੱਚ ਮਹਿੰਗਾਈ ਆਪਣੇ ਸਿਖ਼ਰ 'ਤੇ ਹੈ, ਜਿਸ ਕਾਰਨ ਉੱਥੇ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੇ ਖਰਚੇ ਵਧ ਗਏ ਹਨ।" ਓਵਰਸੀਜ਼ ਫਰੈਂਡਜ਼ ਆਫ ਕੈਨੇਡਾ ਦੇ ਚੇਅਰਮੈਨ ਹੇਮੰਤ ਸ਼ਾਹ ਨੇ ਬੀਬੀਸੀ ਗੁਜਰਾਤੀ ਨਾਲ ਗੱਲਬਾਤ ਕਰਦਿਆਂ ਕਿਹਾ, "ਇਹ ਮਨ ਨੂੰ ਹੈਰਾਨ ਕਰਨ ਵਾਲੀ ਗੱਲ ਹੈ ਕਿ ਭਾਰਤੀ ਵਿਦਿਆਰਥੀਆਂ ਨੇ ਕੈਨੇਡਾ ਆਉਣ ਲਈ ਬਹੁਤ ਮਿਹਨਤ ਕੀਤੀ ਹੈ।" "ਉਹ ਕੈਨੇਡਾ ਦੀ ਵਿੱਤੀ ਰਾਜਧਾਨੀ ਟੋਰਾਂਟੋ ਵਿੱਚ ਜਾਂ ਇਸ ਦੇ ਆਲੇ-ਦੁਆਲੇ ਵਸਣ ਦਾ ਇਰਾਦਾ ਰੱਖਦੇ ਹਨ। ਟੋਰਾਂਟੋ ਇੱਕ ਵੱਡਾ ਸ਼ਹਿਰ ਹੈ, ਮੌਸਮ ਉਨ੍ਹਾਂ ਦੇ ਅਨੁਕੂਲ ਹੈ ਇਸ ਲਈ ਉਹ ਇੱਥੇ ਰਹਿਣਾ ਪਸੰਦ ਕਰਦੇ ਹਨ ਪਰ ਇੱਥੇ ਰਹਿਣਾ ਅਤੇ ਖਾਣਾ ਮਹਿੰਗਾ ਹੈ।" ਰੈਗੂਲੇਟਿਡ ਕੈਨੇਡੀਅਨ ਇਮੀਗ੍ਰੇਸ਼ਨ ਕੰਸਲਟੈਂਟਸ ਯਾਨਿ ਆਰਸੀਆਈਸੀ ਦੇ ਮੈਂਬਰ ਅਤੇ ਪੈਸੀਫਿਕ ਗਲੋਬਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਉਪਿੰਦਰ ਬੇਦੀ ਨੇ ਮੀਡੀਆ ਨੂੰ ਦੱਸਿਆ ਕਿ ਕੈਨੇਡਾ ਵਿੱਚ ਉਸਾਰੀ ਦੇ ਕਾਰੋਬਾਰ ਵਿੱਚ ਮੰਦੀ ਕਾਰਨ ਰਿਹਾਇਸ਼ੀ ਸੰਕਟ ਪੈਦਾ ਹੋ ਗਿਆ ਹੈ। ਉਪਿੰਦਰ ਬੇਦੀ ਕੈਨੇਡਾ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ ਜੋ ਇੱਥੇ ਸੈਟਲ ਹੋਣਾ ਚਾਹੁੰਦੇ ਹਨ ਜਾਂ ਵਰਕ ਸਟੂਡੈਂਟ ਵੀਜ਼ੇ 'ਤੇ ਆਉਣਾ ਚਾਹੁੰਦੇ ਹਨ।

ਉਪਿੰਦਰ ਬੇਦੀ ਦਾ ਕਹਿਣਾ ਹੈ, "ਆਮ ਤੌਰ 'ਤੇ ਦੁਨੀਆ ਭਰ ਤੋਂ ਚਾਰ ਤੋਂ ਪੰਜ ਲੱਖ ਵਿਦਿਆਰਥੀ ਕੈਨੇਡਾ 'ਚ ਪੜ੍ਹਨ ਲਈ ਆਉਂਦੇ ਹਨ, ਪਰ ਇਸ ਸਾਲ ਲਗਭਗ 9 ਲੱਖ ਵਿਦਿਆਰਥੀਆਂ ਲਈ ਵੀਜ਼ੇ ਜਾਰੀ ਕੀਤੇ ਗਏ ਹਨ।" "ਰਿਹਾਇਸ਼ ਦੀਆਂ ਸਮੱਸਿਆਵਾਂ ਪਹਿਲਾਂ ਤੋਂ ਹੀ ਸੀ, ਖ਼ਾਸ ਤੌਰ 'ਤੇ ਛੋਟੇ ਕਸਬਿਆਂ ਜਾਂ ਸ਼ਹਿਰਾਂ ਵਿੱਚ ਸਥਿਤ ਯੂਨੀਵਰਸਿਟੀਆਂ ਜਾਂ ਕਾਲਜਾਂ ਵਿੱਚ ਅਤੇ ਵਿਦਿਆਰਥੀਆਂ ਦੀ ਆਮਦ ਵਧਣ ਕਾਰਨ ਹੋਰ ਵੀ ਵਧ ਗਈ ਹੈ।" ਉਹ ਅੱਗੇ ਕਹਿੰਦੇ ਹਨ ਕਿ ਕੈਨੇਡਾ ਵਿੱਚ ਭਾਰਤੀਆਂ ਦੀ ਆਮਦ ਵਧੀ ਹੈ ਕਿਉਂਕਿ ਯੂਕੇ ਵਿੱਚ ਵਰਕ ਪਰਮਿਟ ਨਿਯਮ ਸਖ਼ਤ ਅਤੇ ਨਿਯੰਤ੍ਰਿਤ ਹਨ। ਉਨ੍ਹਾਂ ਨੇ ਕਿਰਾਏ ਵਿੱਚ ਵਾਧੇ ਦਾ ਵੇਰਵਾ ਦਿੰਦੇ ਹੋਏ ਕਿਹਾ, "ਰਿਹਾਇਸ਼ ਇੱਕ ਸਾਲ ਪਹਿਲਾਂ 500-600 ਡਾਲਰ ਵਿੱਚ ਮਿਲ ਜਾਂਦਾ ਸੀ ਪਰ ਅੱਜ ਉਸੇ ਰਿਹਾਇਸ਼ ਦਾ ਕਿਰਾਇਆ 800 ਡਾਲਰ ਹੋ ਗਿਆ ਹੈ।" ਵਿਦਿਆਰਥੀਆਂ ਦਾ ਇਹ ਵੀ ਮੰਨਣਾ ਹੈ ਕਿ ਜੇਕਰ ਉਹ ਇੱਥੇ ਪੜ੍ਹਨ ਲਈ, ਦਾਖ਼ਲਾ ਲੈਣ ਲਈ 15-20 ਲੱਖ ਰੁਪਏ ਅਦਾ ਕਰਦੇ ਹਨ ਅਤੇ ਫਿਰ ਇੰਨੇ ਰੁਪਏ ਖਰਚਣ ਦੇ ਬਾਵਜੂਦ ਅਜਿਹੀ ਸਮੱਸਿਆ ਦਾ ਸਾਹਮਣਾ ਕਰਦੇ ਹਨ ਤਾਂ ਇਹ ਸਹੀ ਨਹੀਂ ਹੈ। ਹੇਮੰਤ ਸ਼ਾਹ ਦਾ ਕਹਿਣਾ ਹੈ, "ਜੇਕਰ ਯੂਨੀਵਰਸਿਟੀਆਂ ਅਤੇ ਕਾਲਜ ਮੋਟੀਆਂ ਫੀਸਾਂ ਵਸੂਲ ਰਹੇ ਹਨ, ਤਾਂ ਉਨ੍ਹਾਂ ਨੂੰ ਸੇਵਾਵਾਂ ਵੀ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਕਿਫਾਇਤੀ ਰਿਹਾਇਸ਼ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।"

### 'ਵਿਦਿਆਰਥੀਆਂ ਦਾ ਬਜਟ ਵਿਗੜਿਆ'

ਉਪਿੰਦਰ ਬੇਦੀ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਮਕਾਨਾਂ ਦੇ ਸੰਕਟ ਨਾਲ ਮਹਿੰਗਾਈ 15 ਫੀਸਦੀ ਦੇ ਕਰੀਬ ਹੈ। ਉਹ ਕਹਿੰਦੇ ਹਨ, "ਕੈਨੇਡਾ ਵਿੱਚ ਰਹਿਣ ਦੀ ਕੀਮਤ ਇੱਕ ਸਾਲ ਪਹਿਲਾਂ ਨਾਲੋਂ ਕਿਤੇ ਵੱਧ ਹੈ।" ਇੱਥੇ ਆਉਣ ਵਾਲੇ ਆਮ ਘਰਾਂ ਦੇ ਵਿਦਿਆਰਥੀਆਂ ਨੂੰ ਇਸ ਮਹਿੰਗਾਈ ਕਾਰਨ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਉਨ੍ਹਾਂ ਨੂੰ ਘਰੋਂ ਆਰਥਿਕ ਸਹਾਇਤਾ ਨਹੀਂ ਮਿਲਦੀ। ਜਾਣਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਬਹੁਤ ਸਾਰੇ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਵਿਦਿਆਰਥੀ ਕਰਜ਼ਾ ਲੈਂਦੇ ਹਨ। ਉਨ੍ਹਾਂ ਦੇ ਮਾਪਿਆਂ ਕੋਲ ਇੰਨੇ ਵਾਧੂ ਖਰਚੇ ਪੂਰੇ ਕਰਨ ਲਈ ਪੈਸੇ ਨਹੀਂ ਹੁੰਦੇ ਹਨ। ਉਪਿੰਦਰ ਬੇਦੀ ਕਹਿੰਦਾ ਹੈ, "ਭਾਰਤ ਦੇ ਵਿਦਿਆਰਥੀਆਂ ਕੋਲ ਇੱਕ ਬਜਟ ਹੁੰਦਾ ਹੈ। ਬਹੁਤ ਸਾਰੇ ਵਿਦਿਆਰਥੀ ਲੋਨ ਲੈ ਕੇ ਪੜ੍ਹਨ ਆਉਂਦੇ ਹਨ। ਉਨ੍ਹਾਂ ਦੇ ਮਾਪੇ ਵਾਧੂ ਖਰਚੇ ਚੁੱਕਣ ਦੀ ਸਥਿਤੀ ਵਿੱਚ ਨਹੀਂ ਹੁੰਦੇ ਹਨ। ਅਜਿਹੀ ਸਥਿਤੀ ਵਿੱਚ ਵਿਦਿਆਰਥੀ ਨੂੰ ਇੱਥੇ ਹੀ ਸਮਝੌਤਾ ਕਰਨਾ ਪੈਂਦਾ ਹੈ।" ਗੁਜਰਾਤ ਦੇ ਡਿਸ਼ਾ ਵਿੱਚ ਪੈਦਾ ਹੋਈ ਅਤੇ ਕੱਛ ਵਿੱਚ ਵੱਡੇ ਹੋਏ ਭਾਵਿਆ ਲਾਲਾਨੀ ਨੇ ਬੀਬੀਸੀ ਨੂੰ ਦੱਸਿਆ ਕਿ ਇੱਥੇ ਆਵਾਜਾਈ, ਖਾਣਾ ਅਤੇ ਘਰ ਮਹਿੰਗਾ ਹੈ। ਭਾਵਿਆ ਆਖਦੇ ਹਨ, "ਵਿਦਿਆਰਥੀਆਂ ਨੂੰ ਹਫ਼ਤੇ ਵਿੱਚ 20 ਘੰਟੇ ਕੰਮ ਕਰਨ ਦੀ ਇਜਾਜ਼ਤ ਦਿੰਦੇ ਹਨ, ਜਿਸਦਾ ਮਤਲਬ ਹੈ ਇੱਕ ਮਹੀਨੇ ਵਿੱਚ 80 ਘੰਟੇ। ਇੱਥੇ ਦਰ ਦੇ ਅਨੁਸਾਰ, ਇੱਕ ਘੰਟੇ ਦੀ ਤਨਖਾਹ 15.5 ਡਾਲਰ ਹੈ ਇਸ ਲਈ ਆਮਦਨ ਟੈਕਸ ਕੱਟਣ ਤੋਂ ਬਾਅਦ ਮਹੀਨਾਵਾਰ ਆਮਦਨ ਲਗਭਗ 1200 ਡਾਲਰ ਹੈ। ਜੇ ਤੁਸੀਂ ਕਿਰਾਏ ਲਈ 700 ਡਾਲਰ, ਖਾਣ-ਪੀਣ ਲਈ 300 ਡਾਲਰ ਅਤੇ ਛੋਟੀਆਂ ਅਤੇ ਵੱਡੀਆਂ ਜ਼ਰੂਰਤਾਂ ਲਈ 100 ਡਾਲਰ ਸ਼ਾਮਲ ਕਰਦੇ ਹੋ, ਤਾਂ ਤੁਹਾਡੀ ਤਨਖਾਹ ਉੱਥੇ ਹੀ ਖ਼ਤਮ ਹੋ ਜਾਂਦੀ ਹੈ।" ਮੂਲ ਰੂਪ ਵਿੱਚ ਗੁਜਰਾਤ ਦੇ ਪਾਟਨ ਦੀ ਰਹਿਣ ਵਾਲੀ ਪੂਜਾ ਪਟੇਲ 2016 ਵਿੱਚ ਕੈਨੇਡਾ ਗਈ ਸੀ ਅਤੇ ਹੁਣ ਉਹ ਉੱਥੇ ਹੀ ਸੈਟਲ ਹੋ ਗਈ ਹੈ। ਉਹ ਹੁਣ ਕੈਨੇਡਾ ਗਏ ਭਾਰਤੀ ਵਿਦਿਆਰਥੀਆਂ ਦੀ ਮਦਦ ਅਤੇ ਮਾਰਗਦਰਸ਼ਨ ਕਰਨ ਵਾਲੇ ਸਮਾਜ ਸੇਵਕ ਵਜੋਂ ਕੰਮ ਕਰਦੀ ਹੈ। ਉਹ ਇਸ ਵੇਲੇ ਵੈਨਕੂਵਰ ਵਿੱਚ ਰਹਿ ਰਹੀ ਹੈ।

ਪੂਜਾ ਪਟੇਲ ਨੇ ਨੇ ਦੱਸਿਆ, "ਰਿਹਾਇਸ਼ ਉਪਲਬਧ ਨਹੀਂ ਹੈ ਅਤੇ ਜੇ ਉਪਲਬਧ ਹੈ ਤਾਂ ਇਹ ਬਹੁਤ ਮਹਿੰਗੀ ਹੈ ਜੋ ਕਿ ਇੱਕ ਆਮ ਵਿਦਿਆਰਥੀ ਲਈ ਕਿਫਾਇਤੀ ਨਹੀਂ ਹੈ। ਕਈ ਵਾਰ ਯੂਨੀਵਰਸਿਟੀ ਜਾਂ ਕਾਲਜ ਵਿਚ ਦਾਖ਼ਲਾ ਲੈਣ ਵਾਲਾ ਸ਼ਹਿਰਾਂ ਤੋਂ ਦੂਰ ਹੁੰਦਾ ਹੈ, ਉਥੇ ਨਹੀਂ ਰਹਿ ਸਕਦਾ, ਇਸ ਲਈ ਕਾਲਜ ਤੋਂ ਦੂਰ ਰਹਿਣਾ ਪੈਂਦਾ ਹੈ। ਆਵਾਜਾਈ ਦੇ ਖਰਚੇ ਵੀ ਵਧਦੇ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਅਕਸਰ ਏਜੰਟ ਉਨ੍ਹਾਂ ਨੂੰ ਗੁੰਮਰਾਹ ਕਰਦੇ ਹਨ, ਯੂਨੀਵਰਸਿਟੀ ਕਿੱਥੇ ਹੈ, ਕਿੰਨੀ ਦੂਰ ਹੈ, ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕਿਵੇਂ ਹੈ, ਇਸ ਬਾਰੇ ਸਹੀ ਜਾਣਕਾਰੀ ਨਹੀਂ ਦਿੰਦੇ। ਜਾਣਕਾਰਾਂ ਦਾ ਕਹਿਣਾ ਹੈ ਕਿ ਇੱਕ ਸਾਧਾਰਨ ਵਿਦਿਆਰਥੀ ਆਪਣਾ ਬਜਟ ਬਣਾ ਕੇ ਕੈਨੇਡਾ ਜਾਂਦਾ ਹੈ ਪਰ ਉੱਥੇ ਮਹਿੰਗਾਈ ਜ਼ਿਆਦਾ ਹੋਣ ਕਾਰਨ ਉਸ ਦਾ ਬਜਟ ਵਿਗੜ ਜਾਂਦਾ ਹੈ।

### 'ਕੈਨੇਡਾ ਸਵਰਗ ਨਹੀਂ ਸਗੋਂ ਜਾਲ ਹੈ'

ਇੱਕ ਸਾਲ ਪਹਿਲਾਂ ਐੱਮਬੀਏ ਦੀ ਪੜ੍ਹਾਈ ਕਰਨ ਲਈ ਮੁੰਬਈ ਤੋਂ ਕੈਨੇਡਾ ਦੇ ਵੈਨਕੂਵਰ ਵਿੱਚ ਗਏ ਭੌਤਿਕ ਪਟੇਲ ਦੱਸਦੇ ਹਨ, "ਜਦੋਂ ਮੈਂ ਇੱਥੇ ਆਇਆ, ਤਾਂ ਮੇਰੇ ਨਾਲ ਮਕਾਨ ਮਾਲਕ ਨੇ ਧੋਖਾ ਕੀਤਾ,1400 ਡਾਲਰ ਲੈਣ ਅਤੇ ਪੱਟੇ 'ਤੇ ਦਸਤਖ਼ਤ ਨਾ ਕਰਨ ਤੋਂ ਬਾਅਦ, ਮੈਂ ਆਪਣੇ ਦੋਸਤ ਨੂੰ ਇੱਥੇ ਰਹਿਣ ਲਈ ਕਿਹਾ।" ਉਨ੍ਹਾਂ ਨੇ ਅੱਗੇ ਕਿਹਾ, "ਬਹੁਤ ਸਾਰੇ ਲੋਕਾਂ ਨੇ ਸਾਨੂੰ ਕਿਹਾ ਕਿ ਕੈਨੇਡਾ ਇੱਕ ਸਵਰਗ ਹੈ ਪਰ ਮੈਂ ਕਹਿੰਦਾ ਹਾਂ ਕਿ ਇਹ ਇੱਕ ਸਵਰਗ ਨਹੀਂ ਹੈ, ਪਰ ਕੁਝ ਲੋਕਾਂ ਲਈ ਇੱਕ ਜਾਲ ਹੈ।" ਸੰਜਨਾ 2021 ਵਿੱਚ ਪੱਛਮੀ ਬੰਗਾਲ ਤੋਂ ਕੈਨੇਡਾ ਦੇ ਵੈਨਕੂਵਰ ਚਲੀ ਗਈ ਸੀ। ਹਾਲਾਂਕਿ ਉਹ ਇਸ ਸਮੇਂ ਭਾਰਤ ਵਿੱਚ ਹੈ ਅਤੇ ਦੁਬਾਰਾ ਉੱਥੇ ਜਾਣ ਵਾਲੀ ਹੈ। ਉਨ੍ਹਾਂ ਨੇ ਦੱਸਿਆ, "ਏਜੰਟਾਂ ਨੇ ਸਾਨੂੰ ਦੱਸਿਆ ਕਿ ਰਹਿਣ ਦਾ ਖਰਚਾ ਲਗਭਗ 400 ਡਾਲਰ ਪ੍ਰਤੀ ਮਹੀਨਾ ਹੋਵੇਗਾ ਅਤੇ ਕਰਿਆਨੇ ਦਾ ਸਮਾਨ 100 ਡਾਲਰ ਹੋਵੇਗਾ, ਜਦੋਂ ਕਿ ਮੇਰੇ ਰਹਿਣ ਦਾ ਖਰਚਾ 525 ਡਾਲਰ ਹੈ ਅਤੇ ਰਾਸ਼ਨ ਲਾਗਤ 250 ਡਾਲਰ ਸੀ। ਇਨ੍ਹਾਂ ਵਿੱਚੋਂ ਇੱਕ ਕਮਰੇ ਵਿੱਚ ਪ੍ਰਾਈਵੇਟ ਵਾਸ਼ਰੂਮ ਵੀ ਨਹੀਂ ਸੀ ਅਤੇ ਹਵਾਦ-ਾਰੀ ਲਈ ਕੋਈ ਖਿੜਕੀ ਨਹੀਂ ਸੀ।"




ਕੁਝ ਵਿਦਿਆਰਥੀਆਂ ਦਾ ਇਹ ਵੀ ਕਹਿਣਾ ਹੈ ਕਿ ਪ੍ਰਾਈਵੇਟ ਕਮਰੇ ਮਹਿੰਗੇ ਹਨ ਪਰ ਸ਼ੇਅਰਿੰਗ ਰੂਮ ਵੀ ਸਸਤੇ ਨਹੀਂ ਹਨ। ਵਿਦਿਆਰਥੀਆਂ ਨੂੰ ਸਥਾਨਕ ਨਿਯਮਾਂ ਕਾਰਨ ਸਸਤੀ ਰਿਹਾਇਸ਼ ਨਹੀਂ ਮਿਲਦੀ ਹੈ ਕਿ ਰਿਹਾਇਸ਼ ਜ਼ਿਆਦਾ ਭੀੜ-ਭਾੜ ਵੀ ਨਹੀਂ ਹੋਣੀ ਚਾਹੀਦੀ। ਭਾਵਿਆ ਕਹਿੰਦੇ ਹਨ, "ਪੱਟਾ ਪ੍ਰਬੰਧਨ ਅਧਿਕਾਰੀ ਚੰਗੇ ਹਨ ਪਰ ਮਕਾਨ ਮਾਲਕ ਨਹੀਂ। ਜੋ ਕਮਰਾ ਮੈਂ ਕਿਰਾਏ 'ਤੇ ਲਿਆ ਸੀ, ਉਹ ਕਾਕਰੋਚਾਂ ਨਾਲ ਭਰਿਆ ਹੋਇਆ ਸੀ। ਜਦੋਂ ਮੈਂ ਮਕਾਨ ਮਾਲਕ ਨੂੰ ਸਮੱਸਿਆ ਦੱਸੀ ਤਾਂ ਉਸ ਨੇ ਹੱਲ ਨਹੀਂ ਕੀਤਾ। ਮੈਨੂੰ ਕਮਰਾ ਛੱਡਣਾ ਪਿਆ। ਪਹਿਲਾਂ ਉਨ੍ਹਾਂ ਨੇ ਕਿਹਾ ਸੀ ਕਿ ਕਮਰਾ ਬੱਗ (ਕੀਟਾਣੂ) ਮੁਕਤ ਹੈ। ਉਸ ਨੇ ਮੈਨੂੰ ਧੋਖਾ ਦਿੱਤਾ ਹੈ।" ਭੌਤਿਕ ਪਟੇਲ ਕਹਿੰਦੇ ਹਨ, "ਮੈਨੂੰ ਖਟਮਲਾਂ ਨਾਲ ਨਜਿੱਠਣਾ ਪਿਆ। ਇਹ ਕੀੜੇ ਬਹੁਤ ਨੁਕਸਾਨਦੇਹ ਹਨ। ਅਜਿਹੀਆਂ ਸਮੱਸਿਆਵਾਂ ਨੂੰ ਮਕਾਨ ਮਾਲਕ ਲੁਕੋ ਕੇ ਰੱਖਦੇ ਹਨ। ਪੱਟੇ ਤੋਂ ਬਾਅਦ ਵਿਦਿਆਰਥੀ ਕੀ ਕਰਦੇ ਹਨ? ਜੇਕਰ ਅਸੀਂ ਪੁਲਿਸ ਕੋਲ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਇਹ ਨਾਗਰਿਕ ਮਾਮਲਾ ਹੈ, ਸਾਨੂੰ ਕੀ ਕਰਨਾ ਚਾਹੀਦਾ ਹੈ?" ਪੂਜਾ ਪਟੇਲ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀ ਅਕਸਰ ਮੁਸੀਬਤ ਵਿਚ ਆਉਣ 'ਤੇ ਗੁਰਦੁਆਰਿਆਂ ਜਾਂ ਮੰਦਰਾਂ ਦਾ ਰੁਖ ਕਰਦੇ ਹਨ। ਸੰਜਨਾ ਕਹਿੰਦੀ ਹੈ, "ਸ਼ੁਰੂਆਤ ਵਿੱਚ, ਮੈਨੂੰ ਇੱਕ ਗੁਰਦੁਆਰੇ ਵਿੱਚ ਸ਼ਰਨ ਲੈਣੀ ਪਈ ਕਿਉਂਕਿ ਮੈਨੂੰ ਕੋਈ ਘਰ ਨਹੀਂ ਮਿਲਿਆ। ਪੂਜਾ ਪਟੇਲ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀ ਅਕਸਰ ਮੁਸੀਬਤ ਵਿੱਚ ਆਉਣ 'ਤੇ ਗੁਰਦੁਆਰਿਆਂ ਜਾਂ ਮੰਦਰਾਂ ਦਾ ਰੁਖ਼ ਕਰਦੇ ਹਨ।

### ਨੌਕਰੀ ਦੀ ਸਮੱਸਿਆ ਵੀ

ਕੈਨੇਡਾ ਵਿੱਚ ਇੱਕ ਸੁਪਰਮਾਰਕੀਟ ਵਿੱਚ ਨੌਕਰੀ ਹਾਸਿਲ ਕਰਨ ਲਈ ਲਾਈਨ ਵਿੱਚ ਖੜ੍ਹੇ ਭਾਰਤੀ ਨੌਕਰੀ ਭਾਲਣ ਵਾਲਿਆਂ ਦੀ ਇੱਕ ਫੋਟੋ ਵਾਇਰਲ ਹੋਈ ਹੈ। ਅਗਸਤ ਵਿੱਚ, ਇੱਕ ਵੀਡੀਓ ਵਾਇਰਲ ਹੋਇਆ ਸੀ ਜਿਸ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਇੱਕ ਸੁਪਰਮਾਰਕੀਟ ਵਿੱਚ ਨੌਕਰੀਆਂ ਲਈ ਲਾਈਨ ਵਿੱਚ ਖੜ੍ਹੇ ਦਿਖਾਇਆ ਗਿਆ ਸੀ। ਕੁਝ ਭਾਰਤੀ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨੌਕਰੀਆਂ ਲੈਣ ਵਿੱਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵਿਆ ਕਹਿੰਦੇ ਹਨ, "ਮੇਰੇ ਕਾਲਜ 'ਚ ਕੈਂਪਸ ਇੰਟਰਵਿਊ ਲਈ ਪੰਜ ਕੰਪਨੀਆਂ ਆਈਆਂ। ਤਿੰਨ ਹਜ਼ਾਰ ਵਿਦਿਆਰਥੀ ਲਾਈਨ ਵਿੱਚ ਸਨ। ਪੰਜ ਕੰਪਨੀਆਂ ਵਿੱਚ ਕੁੱਲ 50 ਨੌਕਰੀਆਂ ਨਹੀਂ ਹੋਣੀਆਂ। ਜ਼ਿਆਦਾਤਰ ਸਮਾਂ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਨਲਾਈਨ ਅਪਲਾਈ ਕਰਨ ਲਈ ਕਿਹਾ।" ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਆਮ ਤੌਰ 'ਤੇ ਕੈਨੇਡਾ ਵਿੱਚ ਚੰਗੀ ਨੌਕਰੀ ਚਾਹੁੰਦੇ ਹੋ ਤਾਂ ਕੈਨੇਡੀਅਨ ਕੰਮ ਦਾ ਤਜਰਬਾ ਜ਼ਰੂਰੀ ਹੈ। ਹੁਣ ਇਨ੍ਹਾਂ ਵਿਦਿਆਰਥੀਆਂ ਦੀ ਸਮੱਸਿਆ ਇਹ ਹੈ ਕਿ ਉਨ੍ਹਾਂ ਕੋਲ ਉਸ ਤਰ੍ਹਾਂ ਦਾ ਤਜਰਬਾ ਨਹੀਂ ਹੈ ਇਸ ਲਈ ਉਨ੍ਹਾਂ ਨੂੰ ਕੁਝ ਆਮ ਕੰਮ ਕਰਨਾ ਪੈਂਦਾ ਹੈ। ਲਲਿਤ ਅਡਵਾਨੀ ਕਹਿੰਦੇ ਹਨ, "ਇੱਕ ਜੋੜਾ ਸਾਡੇ ਕੋਲ ਆਇਆ। ਪਤੀ ਪੀਐੱਚਡੀ ਅਤੇ ਉਨ੍ਹਾਂ ਦੀ ਪਤਨੀ ਕੋਲ ਵੀ ਮਾਸਟਰ ਡਿਗਰੀ ਸੀ। ਹਾਲਾਂਕਿ, ਉਨ੍ਹਾਂ ਨੂੰ ਕੈਨੇਡਾ ਵਿੱਚ ਵਰਕ ਪਰਮਿਟ ਨਹੀਂ ਮਿਲਿਆ ਕਿਉਂਕਿ ਉਨ੍ਹਾਂ ਨੂੰ ਕੈਨੇਡਾ ਵਿੱਚ ਕੰਮ ਕਰਨ ਦਾ ਕੋਈ ਤਜਰਬਾ ਨਹੀਂ ਸੀ।"

ਇਸ ਦੇ ਉਲਟ ਹੇਮੰਤ ਸ਼ਾਹ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਨੌਕਰੀਆਂ ਦੀ ਕੋਈ ਕਮੀ ਨਹੀਂ ਹੈ। ਕੈਨੇਡਾ ਵਿੱਚ ਵਰਕਫੋਰਸ ਦੀ ਲੋੜ ਹੈ। "ਉਨ੍ਹਾਂ ਨੂੰ ਟੋਰਾਂਟੋ ਵਿੱਚ ਚੰਗੀਆਂ ਨੌਕਰੀਆਂ ਨਹੀਂ ਮਿਲਦੀਆਂ ਪਰ ਕਿਉਂਕਿ ਮੌਸਮ ਚੰਗਾ ਹੁੰਦਾ ਹੈ ਅਤੇ ਉਹ ਇੱਥੇ ਰਹਿਣ 'ਤੇ ਜ਼ੋਰ ਦਿੰਦੇ ਹਨ, ਦੂਜਾ ਉਹ ਇੱਥੇ ਹੀ ਰਹਿਣ ਦੀ ਜ਼ਿੱਦ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਰਿਸ਼ਤੇਦਾਰ ਇੱਥੇ ਰਹਿੰਦੇ ਹਨ।" ਹੇਮੰਤ ਸ਼ਾਹ ਅੱਗੇ ਕਹਿੰਦੇ ਹਨ ਕਿ ਸਾਡੇ ਗੁਜਰਾਤੀ ਵਿਦਿਆਰਥੀਆਂ ਨੂੰ ਆਪਣੇ ਸੰਚਾਰ ਹੁਨਰ ਨੂੰ ਸੁਧਾਰਨਾ ਹੋਵੇਗਾ ਅਤੇ ਅੰਗਰੇਜ਼ੀ 'ਤੇ ਬਹੁਤ ਕੰਮ ਕਰਨਾ ਹੋਵੇਗਾ। ਕੁਝ ਵਿਦਿਆਰਥੀਆਂ ਦਾ ਇਲਜ਼ਾਮ ਹੈ ਕਿ ਕੰਮ ਵਾਲੀ ਥਾਂ 'ਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਭਾਵਿਆ ਦਾ ਕਹਿਣਾ ਹੈ, "ਕੁਝ ਕੰਪਨੀਆਂ ਉਨ੍ਹਾਂ ਨੂੰ ਨਿਰਧਾਰਿਤ ਘੰਟਿਆਂ ਤੋਂ ਵੱਧ ਕੰਮ ਕਰਵਾਉਂਦੀਆਂ ਹਨ ਅਤੇ ਓਵਰਟਾਈਮ ਵੀ ਨਹੀਂ ਦਿੰਦੀਆਂ, ਕਈ ਵਾਰ ਕੁਝ ਵਿਦਿਆਰਥੀ ਇਹ ਵੀ ਸ਼ਿਕਾਇਤ ਕਰਦੇ ਹਨ ਕਿ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਤਨਖ਼ਾਹ ਨਹੀਂ ਮਿਲਦੀ।"

### ਜਦੋਂ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪਿਆ ਸੀ

ਇਕ ਸਮੇਂ ਕੈਨੇਡਾ ਜਾਣ ਵਾਲੇ ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਕੈਨੇਡਾ ਵਿੱਚ ਉਸ ਸਮੇਂ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਜਦੋਂ ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੀ ਧਮਕੀ ਦਿੱਤੀ ਗਈ। ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਸੈਂਕੜੇ ਭਾਰਤੀ ਵਿਦਿਆਰਥੀਆਂ 'ਤੇ ਕੈਨੇਡਾ ਆਉਣ ਲਈ ਫਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕਰਨ ਦੇ ਇਲਜ਼ਾਮ ਲਗਾਏ ਗਏ ਸਨ। ਜਿਸ ਵਿਦਿਆਰਥੀ 'ਤੇ ਅਜਿਹਾ ਇਲਜ਼ਾਮ ਸੀ, ਉਨ੍ਹਾਂ ਨੂੰ ਕੈਨੇਡਾ ਵਿੱਚ ਸਥਾਈ ਨਿਵਾਸ ਯਾਨਿ ਪੀਆਰ (ਪਰਮਾਨੈਂਟ ਰੈਜ਼ੀਡੈਂਸੀ) ਨਹੀਂ ਦਿੱਤੀ ਗਈ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦਾ ਖ਼ਤਰਾ ਸੀ। ਇਹ ਵਿਦਿਆਰਥੀ ਕੈਨੇਡੀਅਨ ਏਜੰਟਾਂ ਦੀ ਧੋਖਾਧੜੀ ਅਤੇ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਸਨ। ਇਸ ਮਾਮਲੇ ਵਿੱਚ ਕੈਨੇਡੀਅਨ ਸਿਆਸੀ ਪਾਰਟੀ ਐੱਨਡੀਪੀ ਦੇ ਆਗੂ ਜਗਮੀਤ ਸਿੰਘ ਨੇ ਪੁੱਛਿਆ, 'ਕੀ ਪ੍ਰਧਾਨ ਮੰਤਰੀ ਇਸ ਧੋਖਾਧੜੀ ਦਾ ਸ਼ਿਕਾਰ ਹੋਏ ਭਾਰਤੀ ਵਿਦਿਆਰਥੀਆਂ ਨੂੰ ਸਥਾਈ ਨਾਗਰਿਕਤਾ ਦੇਣ ਬਾਰੇ ਵਿਚਾਰ ਕਰਨਗੇ?' ਇਸ ਸਵਾਲ ਦੇ ਜਵਾਬ ਵਿੱਚ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ, "ਸਾਡਾ ਉਦੇਸ਼ ਦੋਸ਼ੀਆਂ ਦੀ ਪਛਾਣ ਕਰਨਾ ਹੈ, ਪੀੜਤਾਂ ਨੂੰ ਸਜ਼ਾ ਦੇਣਾ ਨਹੀਂ।" ਟਰੂਡੋ ਦੇ ਜਵਾਬ ਤੋਂ ਬਾਅਦ ਇਲਜ਼ਾਮ ਲੱਗੇ ਵਿਦਿਆਰਥੀਆਂ ਲਈ ਰਾਹਤ ਦੀ ਖ਼ਬਰ ਆਈ। ਇਸ ਮਾਮਲੇ ਨੂੰ ਲੈ ਕੇ ਭਾਰਤ ਵਿੱਚ ਵੀ ਹਲਚਲ ਮਚ ਗਈ ਸੀ। ਪੰਜਾਬ ਸਰਕਾਰ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਵਿਦੇਸ਼ ਮੰਤਰੀ ਜੈਸ਼ੰਕਰ ਤੋਂ ਵੀ ਮਦਦ ਮੰਗੀ ਗਈ ਸੀ। ਜੈਸ਼ੰਕਰ ਨੇ ਇਸ ਮਾਮਲੇ 'ਚ ਕੈਨੇਡਾ ਦੇ ਵਿਦੇਸ਼ ਮੰਤਰਾਲੇ ਨਾਲ ਵੀ ਗੱਲ ਕੀਤੀ ਹੈ। ਕੈਨੇਡਾ ਵਿੱਚ ਭਾਰਤੀ ਦੂਤਾਵਾਸ ਨੇ ਵੀ ਇਸ ਮਾਮਲੇ ਵਿੱਚ ਜ਼ੋਰਦਾਰ ਯਤਨ ਕੀਤੇ ਸਨ।

ਉਨ੍ਹਾਂ ਅਜਿਹੇ ਘਪਲਿਆਂ ਤੋਂ ਬਚਣ ਲਈ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਵਾਲੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਤੋਂ ਪਹਿਲਾਂ ਕਾਲਜ ਦੇ ਵੇਰਵੇ ਅਤੇ ਟਰੈਵਲ ਏਜੰਟ ਦਾ ਰਿਕਾਰਡ ਜ਼ਰੂਰ ਜਾਣਨ। ਹਾਲਾਂਕਿ, ਐੱਨਡੀਟੀਵੀ ਦੀ ਰਿਪੋਰਟ ਮੁਤਾਬਕ, ਕੈਨੇਡੀਅਨ ਸਰਕਾਰ ਨੇ ਅਜਿਹੇ ਇਲਜ਼ਾਮ ਲਗਾਉਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਅਸਥਾਈ ਤੌਰ 'ਤੇ ਦੇਸ਼ ਨਿਕਾਲਾ ਦੇਣਾ ਬੰਦ ਕਰ ਦਿੱਤਾ ਹੈ।" ਕੈਨੇਡੀਅਨ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਟਾਸਕ ਫੋਰਸ ਬਣਾਈ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਬਿਨਾਂ ਕਿਸੇ ਕਸੂਰ ਦੇ ਵੀਜ਼ਾ ਪ੍ਰਕਿਰਿਆ ਵਿੱਚ ਧੋਖਾਧੜੀ ਦੇ ਸ਼ਿਕਾਰ ਵਿਦਿਆਰਥੀਆਂ ਨਾਲ ਇਨਸਾਨੀ ਵਿਵਹਾਰ ਕੀਤਾ ਜਾਵੇਗਾ। ਕੈਨੇਡਾ ਦੇ ਵਿਦੇਸ਼ ਮੰਤਰਾਲੇ ਨੇ ਭਰੋਸਾ ਦਿਵਾਇਆ ਹੈ ਕਿ ਟਾਸਕ ਫੋਰਸ ਦੀ ਜਾਂਚ ਵਿੱਚ ਪੀੜਤ ਪਾਏ ਗਏ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਹੀ ਰਹਿਣ ਦਿੱਤਾ ਜਾਵੇਗਾ ਅਤੇ ਜੋ ਵੀ ਦੋਸ਼ੀ ਪਾਇਆ ਗਿਆ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ, "ਇਹ 700 ਵਿਦਿਆਰਥੀ, ਜਿਨ੍ਹਾਂ 'ਤੇ ਇਲਜ਼ਾਮ ਲੱਗੇ ਹਨ, ਉਹ ਬੇਕਸੂਰ ਹਨ। ਕੁਝ ਏਜੰਟਾਂ ਨੇ ਉਨ੍ਹਾਂ ਨਾਲ ਠੱਗੀ ਕੀਤੀ ਹੈ।"

# ਕੋਈ ਸਪਸ਼ਟ ਪੈਂਤੜਾ ਕਿਉਂ ਨਹੀਂ ਬਣਾ ਪਾ ਰਹੀ ਹੈ ਭਾਰਤ ਵਿਚ ਵਿਰੋਧੀ ਧਿਰ?



ਰਾਧਿਕਾ ਰਾਮਚੰਦਰਨ

ਵਕਤੀ ਸਿਆਸੀ ਪੰਡਤਾਊਪੁਣਾ ਬਹੁਤ ਹੀ ਖ਼ਤਰਨਾਕ ਕਿਸਮ ਦੀ ਖੇਡ ਹੁੰਦੀ ਹੈ। ਕੋਈ ਮੰਨਿਆ ਪ੍ਰਮੰਨਿਆ ਜੋਤਸ਼ੀ ਵੀ ਇਹ ਨਹੀਂ ਦੱਸ ਸਕਦਾ ਕਿ ਅਗਲੇ ਦੋ ਹਫ਼ਤਿਆਂ ਵਿਚ ਕੀ ਹੋਣ ਵਾਲਾ ਹੈ। ਇਸ ਕਰ ਕੇ 18 ਸਤੰਬਰ ਤੋਂ ਪਾਰਲੀਮੈਂਟ ਦੇ ਪੰਜ ਰੋਜ਼ਾ ਸੈਸ਼ਨ ਦਾ ਅਚਨਚੇਤ ਐਲਾਨ ਕਰ ਦੇਣ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਨੇੜਲੇ ਖੇਮੇ ਨੂੰ ਛੱਡ ਕੇ ਸਮੁੱਚੀ ਸਿਆਸੀ ਲੀਡਰਸ਼ਿਪ ਸ਼ਸ਼ੋਪੰਜ ਵਿਚ ਹੈ। ਪਾਰਲੀਮਾਨੀ ਅਤੇ ਅਸੈਂਬਲੀ ਚੋਣਾਂ ਇਕੱਠੀਆਂ ਕਰਾਉਣ ਲਈ 'ਇਕ ਦੇਸ਼ ਇਕ ਚੋਣ' ਦਾ ਸੰਭਾਵੀ ਕਾਨੂੰਨ ਲਿਆਉਣ, ਪਾਰਲੀਮੈਂਟ ਵਿਚ ਔਰਤਾਂ ਲਈ ਰਾਖਵਾਂਕਰਨ ਜਾਂ ਸਾਂਝਾ ਸਿਵਲ ਕੋਡ ਬਣਾ ਕੇ ਸੰਘ ਪਰਿਵਾਰ ਦੇ ਮੁੱਖ ਏਜੰਡੇ ਦੀ ਪੂਰਤੀ ਲਈ ਬਿਲ ਲੈ ਕੇ ਆਉਣ ਬਾਰੇ ਚੌਤਰਫ਼ਾ ਕਿਆਸ ਲਾਏ ਜਾ ਰਹੇ ਹਨ।

ਚੋਣਾਂ ਵਾਲੇ ਸਾਲ 'ਚ ਅਕਸਰ ਲੋਕ ਸਭਾ ਚੋਣਾਂ ਅਗੇਤੀਆਂ ਕਰਾਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਖ਼ਾਸਕਰ ਉਦੋਂ ਜਦੋਂ ਕਿਸੇ ਸਰਕਾਰ ਲਈ ਹਾਲਾਤ ਕਸੂਤੇ ਬਣਦੇ ਦਿਖਾਈ ਦੇ ਰਹੇ ਹੋਣ। ਭਾਜਪਾ ਨੂੰ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਤਿਲੰਗਾਨਾ ਅਤੇ ਮਿਜ਼ੋਰਮ ਜਿੱਥੇ ਅਗਲੇ ਤਿੰਨ ਮਹੀਨਿਆਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਵਿਚ ਆਪਣੀ ਬਹੁਤੀ ਚੰਗੀ ਕਾਰਗੁਜ਼ਾਰੀ ਦੀ ਆਸ ਨਹੀਂ ਹੈ ਜਿਸ ਕਰ ਕੇ ਲੋਕ ਸਭਾ ਦੀਆਂ ਚੋਣਾਂ ਇਸ ਸਾਲ ਦੇ ਅੰਤ ਤੱਕ ਕਰਾਉਣ ਦੀ ਸੰਭਾਵਨਾ ਬਣ ਰਹੀ ਹੈ ਜੋ ਅਗਲੇ ਸਾਲ ਅਪਰੈਲ ਵਿਚ ਕਰਾਈਆਂ ਜਾਣੀਆਂ ਹਨ ਤਾਂ ਕਿ ਚੰਦਰਯਾਨ ਮਿਸ਼ਨ, ਆਰਥਿਕ ਵਿਕਾਸ ਦੇ ਮਾਪਕਾਂ ਅਤੇ ਜੀ20 ਸੰਮੇਲਨ ਦੀ ਵਾਹ ਵਾਹ ਦਾ ਸਿਆਸੀ ਲਾਭ ਲਿਆ ਜਾ ਸਕੇ।

ਬਹਰਹਾਲ, ਕੌਮੀ ਚੋਣਾਂ ਤਿੰਨ ਮਹੀਨਿਆਂ ਵਿਚ ਕਰਾਈਆਂ ਜਾਣ ਜਾਂ ਛੇ ਮਹੀਨਿਆਂ ਵਿਚ, ਇਸ ਨਾਲ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਲਈ ਨਤੀਜਿਆਂ ਵਿਚ ਬਹੁਤਾ ਫ਼ਰਕ ਨਹੀਂ ਪਵੇਗਾ ਕਿਉਂਕਿ ਸੱਤਾਧਾਰੀ ਪਾਰਟੀ ਲਗਾਤਾਰ ਚੁਣਾਵੀ ਹਰਕਤ ਵਿਚ ਹੀ ਰਹਿੰਦੀ ਹੈ ਜਦਕਿ ਵਿਰੋਧੀ ਧਿਰ ਵਿਚ ਅੰਤ ਤੱਕ ਖਿੱਚੋਤਾਣ ਦਾ ਮਾਹੌਲ ਬਣਿਆ ਰਹਿੰਦਾ ਹੈ; ਉਂਝ ਵੀ ਇਸ ਨੂੰ ਸੱਤਾ ਵਿਰੋਧੀ ਭਾਵਨਾ ਦੇ ਆਸਰੇ ਸੱਤਾ ਵਿਚ ਪਰਤਣ ਦੀ ਆਸ ਹੁੰਦੀ ਹੈ। ਯਕੀਨਨ, ਵੱਖ ਵੱਖ ਸੂਬਿਆਂ ਦੀਆਂ ਚੋਣਾਂ ਵਿਚ ਉਲਟ ਨਤੀਜੇ ਆਉਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਦੁਆਲੇ ਰਾਸ਼ਟਰਪਤੀ ਦੀ ਤਰਜ਼ ਦੀ ਚੋਣ ਮੁਹਿੰਮ ਚਲਾਉਣ ਨਾਲ ਇਸ ਦੀ ਖੇਡ ਵਿਗੜ ਵੀ ਸਕਦੀ ਹੈ ਜਿਸ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ ਪਰ ਵਿਰੋਧੀ ਧਿਰ ਜ਼ੋਰ ਨਾਲ ਕਹਿ ਰਹੀ ਹੈ ਕਿ ਇਹ ਸਾਰੀਆਂ ਕਿਆਸ-ਆਰਾਈਆਂ ਮੁੰਬਈ ਵਿਚ 'ਇੰਡੀਆ' ਗੱਠਜੋੜ ਦੀ ਮੀਟਿੰਗ ਅਤੇ ਅਡਾਨੀ ਸਮੂਹ ਖਿਲਾਫ਼ ਸ਼ੇਅਰ ਬਾਜ਼ਾਰ ਵਿਚ ਧੋਖਾਧੜੀ ਦੇ ਸੱਜਰੇ ਦੋਸ਼ਾਂ ਤੋਂ ਧਿਆਨ ਹਟਾਉਣ ਦੇ ਪ੍ਰਵਚਨ ਦੀ ਕੜੀ ਦਾ ਹਿੱਸਾ ਸਨ।

ਇਸੇ ਦੌਰਾਨ, ਖ਼ਬਰ ਆਈ ਹੈ ਕਿ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਜੀ20 ਸੰਮੇਲਨ ਵਿਚ ਨਾ ਆਉਣ ਦਾ ਫ਼ੈਸਲਾ ਕੀਤਾ ਹੈ ਪਰ ਇਹ ਮਾਮਲਾ ਕਿਤੇ ਦਬ ਕੇ ਰਹਿ ਗਿਆ ਹੈ। ਸਰਹੱਦੀ ਮੁੱਦਾ ਸੁਲਝਾਏ ਬਗ਼ੈਰ ਮੋਦੀ ਵਲੋਂ ਜਿਨਪਿੰਗ ਦੀ ਗਰਮਜੋਸ਼ੀ ਨਾਲ ਆਓ ਭਗਤ ਕਰਨ ਅਤੇ ਚੀਨੀ ਰਾਸ਼ਟਰਪਤੀ ਦੇ ਮੁਸਕਰਾਹਟ ਬਖੇਰਨ ਨਾਲ ਭਾਜਪਾ ਲਈ ਸਿਆਸੀ ਖੁਦਕੁਸ਼ੀ ਦਾ ਮਾਹੌਲ ਬਣ ਜਾਣਾ ਸੀ, ਖ਼ਾਸ ਤੌਰ 'ਤੇ ਉਦੋਂ ਜਦੋਂ ਕਾਂਗਰਸ ਆਗੂ ਰਾਹੁਲ ਗਾਂਧੀ ਵਲੋਂ ਆਪਣੇ ਹਾਲੀਆ ਲਦਾਖ ਦੌਰੇ ਦੌਰਾਨ ਚੀਨੀ ਫ਼ੌਜ ਦੀ ਘੁਸਪੈਠ ਦੇ ਮੁੱਦੇ ਨੂੰ ਜ਼ੋਰ ਸ਼ੋਰ ਨਾਲ ਉਠਾਇਆ ਗਿਆ ਹੈ। ਇਸ ਤੋਂ ਬਾਅਦ ਚੀਨ ਦੇ ਜਾਰੀ ਕੀਤੇ ਨਕਸ਼ਿਆਂ ਦਾ ਮੁੱਦਾ ਆ ਗਿਆ ਜਿਸ ਨੂੰ ਵਿਰੋਧੀ ਧਿਰ ਨੇ ਹੱਥੋ-ਹੱਥ ਲਿਆ। ਚੀਨ ਦੇ ਨਵੇਂ ਨਕਸ਼ੇ 'ਤੇ ਭਾਰਤ ਦੇ ਸਖ਼ਤ ਇਤਰਾਜ਼ ਅਤੇ ਇਸ ਤੋਂ ਬਾਅਦ ਪੇਈਚਿੰਗ ਵਲੋਂ ਅਪਣਾਈ ਨਰਮ ਸੁਰ ਦੇ ਮੱਦੇਨਜ਼ਰ ਸ਼ੀ ਜਿਨਪਿੰਗ ਲਈ ਨਵੀਂ ਦਿੱਲੀ ਆਉਣਾ ਲਗਭਗ ਔਖਾ ਹੋ ਗਿਆ ਸੀ। ਇਸ ਲਈ ਸ਼ੀ ਜਿਨਪਿੰਗ ਵਲੋਂ ਜੀ20 ਸੰਮੇਲਨ ਤੋਂ ਲਾਂਭੇ ਰਹਿਣ ਦੇ ਫ਼ੈਸਲੇ ਨੂੰ ਜੇ ਸਿਆਸੀ ਲਿਹਾਜ਼ ਤੋਂ ਵਾਚਿਆ ਜਾਵੇ ਤਾਂ ਇਹ ਸਰਕਾਰ ਲਈ ਸਵਾਗਤਯੋਗ ਹੀ ਗਿਣਿਆ ਜਾਵੇਗਾ।

ਇਸ ਤੋਂ ਇਲਾਵਾ ਮੇਜ਼ਬਾਨ ਮੁਲਕ ਵਾਸਤੇ ਸੰਮੇਲਨ ਵਿਚ ਸ਼ਾਮਲ ਹੋਣ ਆ ਰਹੇ ਕਿਸੇ ਦੇਸ਼ ਦੇ ਮੁਖੀ ਪ੍ਰਤੀ ਠੰਢਾ ਰੁਖ਼ ਕਾਫੀ ਰੜਕਣਾ ਸੀ। ਇਤਿਹਾਸਕ ਤੌਰ 'ਤੇ ਦੇਖਿਆ ਜਾਵੇ ਤਾਂ ਭਾਰਤ ਅਜੇ ਤੱਕ 1962 ਦੀ ਹਾਰ ਜਾਂ ਸਰਹੱਦੀ ਤਣਾਅ ਅਤੇ ਭਾਰਤੀ ਖੇਤਰਾਂ ਉਪਰ ਚੀਨ ਦੇ ਦਾਅਵਿਆਂ ਦੀ ਟੀਸ ਨੂੰ ਨਹੀਂ ਭੁੱਲ ਸਕਿਆ। ਇਵੇਂ ਹੀ ਇਤਿਹਾਸਕ ਕਾਰਨਾਂ ਕਰ ਕੇ ਰੂਸ ਭਾਰਤ ਦਾ ਸਦਾਬਹਾਰ ਦੋਸਤ ਬਣਿਆ ਰਿਹਾ ਹੈ ਜਿਸ ਦੇ ਰਾਸ਼ਟਰਪਤੀ ਦੀ ਗ਼ੈਰ-ਹਾਜ਼ਰੀ ਨਾਲ ਆਪਸੀ ਰਿਸ਼ਤਿਆਂ 'ਚ ਕੋਈ ਫ਼ਰਕ ਨਹੀਂ ਪਵੇਗਾ। ਰੂਸ ਨਾਲ ਭਾਰਤ ਦੀ ਦੋਸਤੀ ਦੇ ਹੁੰਦਿਆਂ-ਸੁੰਦਿਆਂ, ਚੀਨ ਦੀ ਹਰ ਕੈਰੀ ਕਾਰਵਾਈ ਨਾਲ ਭਾਰਤ ਦੀ ਪੱਛਮੀ ਦੇਸ਼ਾਂ ਨਾਲ ਸਾਂਝ ਪਕੇਰੀ ਹੋ ਰਹੀ ਹੈ। ਇਉਂ ਜੀ20 ਸੰਮੇਲਨ ਭਾਰਤ ਲਈ ਪੱਛਮੀ ਦੇਸ਼ਾਂ ਨਾਲ ਆਪਣੀ ਨੇੜਤਾ ਨੂੰ ਨਵੀਂ ਹਕੀਕਤ ਦੇ ਰੂਪ ਵਿਚ ਪੇਸ਼ ਕਰਨ ਦਾ ਇਕ ਹੋਰ ਮੌਕਾ ਸਾਬਿਤ ਹੋ ਰਿਹਾ ਹੈ। ਹਾਲਾਂਕਿ, ਸੱਤਾਧਾਰੀ ਭਾਜਪਾ ਅੰਦਰ ਸਰਕਾਰਾਂ ਤਬਦੀਲ ਕਰਾਉਣ ਦੇ ਪੱਛਮ ਦੇ ਏਜੰਡੇ ਨੂੰ ਲੈ ਕੇ ਕਾਫ਼ੀ ਚਿਰ ਤੋਂ ਬੇਚੈਨੀ ਹੈ।



ਲੰਘੇ ਵੀਰਵਾਰ ਜਦੋਂ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਡਾਨੀ ਨਾਲ ਨੇੜਤਾ ਨੂੰ ਲੈ ਕੇ ਜਾਂ ਸਰਕਾਰ 'ਤੇ ਚਹੇਤਾ (ਕਰੋਨੀ) ਪੂੰਜੀਵਾਦ ਚਲਾਉਣ ਦੇ ਦੋਸ਼ਾਂ ਨੂੰ ਲੈ ਮੋਦੀ 'ਤੇ ਤਿੱਖਾ ਹਮਲਾ ਕੀਤਾ ਸੀ ਤਾਂ ਇਸ ਦੇ ਪ੍ਰਤੀਕਰਮ ਦਾ ਦਿਲਚਸਪ ਪਹਿਲੂ ਰਿਹਾ ਕਿ ਅਡਾਨੀ ਖਿਲਾਫ਼ ਜਾਂਚਾਂ ਦੇ ਫੰਡਾਂ ਦੇ ਸਰੋਤ, ਭਾਵ ਜੌਰਜ ਸੋਰੋਸ, ਰੌਕਫੈਲਰ ਬ੍ਰਦਰਜ਼ ਫੰਡ ਅਤੇ ਫੋਰਡ ਫਾਊਂਡੇਸ਼ਨ ਵੱਲ ਇਸ਼ਾਰਾ ਕੀਤਾ ਗਿਆ ਸੀ ਜਿਨ੍ਹਾਂ ਉਪਰ ਅਮਰੀਕੀ ਹਿੱਤਾਂ ਨੂੰ ਅਗਾਂਹ ਵਧਾਉਣ ਜਾਂ ਤੀਜੀ ਦੁਨੀਆ ਦੇ ਦੇਸ਼ਾਂ ਅੰਦਰ ਲੋਕ ਰਾਇ ਸਿਰਜ ਕੇ ਦਖ਼ਲਅੰਦਾਜ਼ੀ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਵਿਦੇਸ਼ੀ ਮੀਡੀਆ ਅਤੇ ਵਿਦੇਸ਼ੀ ਫੰਡਾਂ ਨਾਲ ਚੱਲਣ ਵਾਲੇ ਭਾਰਤੀ ਸਮਾਚਾਰ ਅਦਾਰੇ ਜ਼ਿਆਦਾਤਰ ਮੋਦੀ ਦੇ ਆਲੋਚਕ ਰਹੇ ਹਨ ਜਿਸ ਕਰ ਕੇ ਭਾਜਪਾ ਨੂੰ ਦਾਅਵਾ ਕਰਨ ਦਾ ਮੌਕਾ ਮਿਲਦਾ ਹੈ ਕਿ ਇਹੋ ਜਿਹੇ ਇੰਕਸ਼ਾਫ਼ ਅਸਲ ਵਿਚ ਸਿਆਸੀ ਹਿਤਾਂ ਤੋਂ ਪ੍ਰੇਰਤ ਹੁੰਦੇ ਹਨ ਅਤੇ ਸਰਕਾਰਾਂ ਦਾ ਤਖ਼ਤਾ ਪਲਟਾਉਣ ਦੀ ਪੱਛਮ ਦੀ ਰਣਨੀਤੀ ਦੀ ਕੜੀ ਹੁੰਦੇ ਹਨ।

ਇਹ ਗੱਲ ਪਤਾ ਨਹੀਂ ਕਿ ਕੀ ਅਡਾਨੀ ਬਾਰੇ ਹੋਏ ਸੱਜਰੇ ਖੁਲਾਸਿਆਂ ਕਰ ਕੇ ਜਾਂ ਕਿਸੇ ਹੋਰ ਕਾਰਨ ਵੱਸ ਕੇਂਦਰ ਸਰਕਾਰ ਵਲੋਂ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਹੇਠ ਕਮੇਟੀ ਬਣਾ ਦਿੱਤੀ ਗਈ ਹੈ ਜੋ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਸਮੇਂ ਕਰਾਉਣ ਦੀ ਸੰਭਾਵਨਾ ਦੀ ਪੜਚੋਲ ਕਰੇਗੀ ਅਤੇ ਇਸ ਕਾਰਵਾਈ ਨਾਲ 'ਇੰਡੀਆ' ਗੱਠਜੋੜ ਅੰਦਰ ਵੀ ਕਾਫ਼ੀ ਭੱਜ ਦੌੜ ਸ਼ੁਰੂ ਹੋ ਗਈ ਹੈ। ਉਮੀਦ ਕੀਤੀ ਜਾ ਰਹੀ ਹੈ ਕਿ 30 ਸਤੰਬਰ ਤੱਕ ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਇਸ ਬਾਰੇ ਵੀ ਕਾਂਗਰਸ ਅੰਦਰ ਵੀ ਬਹੁਤੀ ਚਰਚਾ ਨਹੀਂ ਹੋਈ ਸੀ ਜਦਕਿ ਇਹ ਮਾਮਲਾ ਗੱਠਜੋੜ ਵਿਚ ਇਕ ਦੂਜੇ ਦਾ ਵਿਰੋਧ ਕਰਨ ਵਾਲੀਆਂ ਪਾਰਟੀਆਂ ਦੇ ਤਾਂ ਅਜੇ ਖਾਬੋ-ਖਿਆਲ ਵਿਚ ਵੀ ਨਹੀਂ ਸੀ। ਕਾਂਗਰਸ ਲਈ ਆਪਣੇ ਰਵਾਇਤੀ ਗੜ੍ਹ ਮੰਨੇ ਜਾਂਦੇ ਖੇਤਰਾਂ ਵਿਚ ਆਪਣੇ ਨਵੇਂ ਭਿਆਲਾਂ ਦੇ ਸਨਮੁੱਖ ਦੂਜੇ ਦਰਜੇ ਦੀ ਧਿਰ ਵਜੋਂ ਵਿਚਰਨਾ ਸੌਖਾ ਨਹੀਂ ਹੋਵੇਗਾ।

ਮਿਸਾਲ ਦੇ ਤੌਰ 'ਤੇ ਕਾਂਗਰਸ ਨੂੰ ਦਿੱਲੀ ਅਤੇ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਪਰ ਵਿਰੋਧੀ ਧਿਰ ਦੀਆਂ ਪਾਰਟੀਆਂ ਅੰਦਰ ਮਕਸਦ ਦੀ ਸਪੱਸ਼ਟਤਾ ਜ਼ਾਹਰਾ ਤੌਰ 'ਤੇ ਸਥਾਪਤ ਹੋ ਗਈ ਹੈ ਜਿਸ ਕਰ ਕੇ ਉਹ ਸਿਆਸੀ ਵਿਹਾਰਕਤਾ ਨੂੰ ਤਵੱਜੋ ਦੇਣ ਲੱਗ ਪਈਆਂ ਹਨ। ਦਿੱਲੀ, ਪੰਜਾਬ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ ਆਪ ਅਤੇ ਕਾਂਗਰਸ ਦਾ ਗੱਠਜੋੜ ਲੋਕ ਸਭਾ ਦੀਆਂ 21 ਸੀਟਾਂ 'ਤੇ ਜ਼ਬਰਦਸਤ ਗੱਠਜੋੜ ਸਾਬਿਤ ਹੋਵੇਗਾ। ਵਿਰੋਧੀ ਧਿਰ ਦੀ ਕੋਸ਼ਿਸ਼ ਹੋਵੇਗੀ ਕਿ ਭਾਜਪਾ ਨਾਲ ਸਿੱਧਮ-ਸਿੱਧੀ ਟੱਕਰ ਲਈ ਜਾਵੇ ਤਾਂ ਕਿ ਭਾਜਪਾ ਵਿਰੋਧੀ ਵੋਟਾਂ ਵੰਡੀਆਂ ਨਾ ਜਾਣ।

ਇਸ ਵੇਲੇ ਕੇਂਦਰ ਸਰਕਾਰ ਨਾਲ ਦਸਤਪੰਜਾ ਲੈ ਰਹੀਆਂ ਸਾਰੀਆਂ ਹੀ ਪਾਰਟੀਆਂ ਇਸ ਵਿਚਾਰ ਨਾਲ ਸਹਿਮਤ ਹਨ ਕਿ ਭਾਜਪਾ ਦੇ ਉਮੀਦਵਾਰ ਖਿਲਾਫ਼ ਸਾਂਝਾ ਉਮੀਦਵਾਰ ਉਤਾਰਿਆ ਜਾਵੇ। ਦੇਸ਼ ਭਰ ਵਿਚ ਮੋਦੀ ਸਰਕਾਰ ਖਿਲਾਫ਼ ਕਾਫ਼ੀ ਰੋਸ ਦਾ ਮਾਹੌਲ ਬਣਿਆ ਹੋਇਆ ਹੈ ਜਿਸ ਕਰ ਕੇ ਇਹ ਮੰਨ ਕੇ ਚੱਲਣਾ ਤਰਕਸੰਗਤ ਹੋਵੇਗਾ ਕਿ ਵਿਰੋਧੀ ਧਿਰ ਦਾ ਸਾਂਝਾ ਉਮੀਦਵਾਰ ਭਾਜਪਾ ਦੇ ਉਮੀਦਵਾਰ 'ਤੇ ਭਾਰੂ ਪਵੇਗਾ। ਇਹ ਕੁਝ ਉਸੇ ਤਰਜ਼ ਦਾ ਸਿਆਸੀ ਹਥਿਆਰ ਹੈ ਜਿਵੇਂ ਜਨਤਾ ਪਰਿਵਾਰ ਨੇ ਕਾਂਗਰਸ ਖਿਲਾਫ਼ 1979 ਅਤੇ 1989 ਦੀਆਂ ਆਮ ਚੋਣਾਂ ਵਿਚ ਅਪਣਾਇਆ ਸੀ।

ਉਂਝ, ਇਸ ਉਦਮ ਦੀ ਸਫ਼ਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਕੀ ਦੇਸ਼ ਦਾ ਰੌਂਅ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੋਂ ਲਾਹੁਣ ਦਾ ਹੈ ਜਾਂ ਨਹੀਂ। ਇਸ ਪੱਖ ਤੋਂ ਚੋਣਾਂ ਦਾ ਕੇਂਦਰ ਬਿੰਦੂ ਮੋਦੀ ਬਣਨਗੇ: ਮੋਦੀ ਵਿਰੋਧੀ ਕੁਲੀਸ਼ਨ ਉਨ੍ਹਾਂ ਨੂੰ ਸੱਤਾ ਤੋਂ ਲਾਹੁਣ ਲਈ ਲੋਕ ਫਤਵੇ ਦੀ ਮੰਗ ਕਰੇਗੀ।

ਵਿਰੋਧੀ ਧਿਰ ਦੀ ਇਸ ਰਣਨੀਤੀ ਦਾ ਅੰਤਰੀਵ ਨੁਕਸ ਇਹ ਹੈ ਕਿ ਇਸ ਕਿਸਮ ਦੀ ਵਿਅਕਤੀਤਵ ਆਧਾਰਿਤ ਮੁਹਿੰਮ ਉਲਟੀ ਵੀ ਪੈ ਸਕਦੀ ਹੈ ਜਿਵੇਂ 1971 ਦੀਆਂ ਚੋਣਾਂ ਵਿਚ ਇੰਦਰਾ ਗਾਂਧੀ ਖਿਲਾਫ਼ ਪਈ ਸੀ। ਨਾਲ ਹੀ ਮੋਦੀ ਇਹ ਪੱਤਾ ਵੀ ਖੁੱਲ੍ਹ ਕੇ ਵਰਤਣਗੇ ਕਿ ਉਹ ਹਿੰਦੂਤਵ ਦੀ ਰਾਖੀ ਲਈ ਇਕੱਲੇ ਲੜਾਈ ਲੜ ਰਹੇ ਹਨ।






# ਸਰਕਾਰੀ ਹਾਈ ਸਕੂਲ ਕੁੱਬੇ ਦੀ ਵਿਦਿਆਰਥਣ ਵੀਰਪਾਲ ਕੌਰ ਨੇ ਕੁਸਤੀ ਮੁਕਾਬਲਿਆਂ ਕੀਤਾ ਤੀਜਾ ਸਥਾਨ ਹਾਸਿਲ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਅੰਮ੍ਰਿਤਸਰ 'ਚ ਹੋਏ 67 ਵੇਂ ਪੰਜਾਬ ਰਾਜ ਕੁਸਤੀ ਅੰਡਰ 14 / 54 ਕਿਲੋ ਦੇ ਮੁਕਾਬਲਿਆਂ ਚੌਂ ਸਰਕਾਰੀ ਹਾਈ ਸਕੂਲ ਕੁੱਬੇ ਜਿਲ੍ਹਾ ਬਰਨਾਲਾ ਦੀ ਵਿਦਿਆਰਥਣ ਵੀਰਪਾਲ ਕੌਰ ਪੁੱਤਰੀ ਜੱਸਾ ਸਿੰਘ ਪਿੰਡ ਭੂਰੇ ਨੇ ਸੂਬੇ 'ਚ ਤੀਸਰਾ ਸਥਾਨ ਹਾਸਿਲ ਕਰਕੇ ਆਪਣੇ ਸਕੂਲ, ਮਾਤਾ ਪਿਤਾ ਤੇ ਪਿੰਡ ਦਾ ਨਾਮ ਉ ੱਚਾ ਕੀਤਾ ਹੈ, ਇਹ ਜਾਣਕਾਰੀ ਸਕੂਲ ਦੇ ਮੁੱਖ ਅਧਿਆਪਕਾ ਮਲਕੀਤ ਕੌਰ ਤੇ ਪੀਟੀਆਈ ਅਧਿਆਪਕਾ ਤੀਸਤਿੰਦਰ ਕੌਰ ਨੇ ਸਾਂਝੇ ਤੌਰ ਤੇ ਦਿੱਤੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਨੌਜਵਾਨਾ ਨੂੰ ਖੇਡਾਂ ਪ੍ਰਤੀ ਉਤਸਾਹਿਤ ਕਰਨ ਲਈ ਪੂਰੀਆਂ ਸਹੂਲਤਾਂ ਦੇਣ ਲਈ ਬਚਨਵੱਧ ਹੈ, ਉੱਥੇ ਨੌਜਵਾਨ ਲੜਕੇ ਲੜਕੀਆਂ ਵੀ ਖੇਡਾਂ 'ਚ ਵਧੇਰੇ ਰੁਚੀ ਲੈਣ ਲੱਗ ਪਏ ਹਨ। ਉਹਨਾਂ ਵੀਰਪਾਲ ਨੂੰ ਸਕੂਲ ਦਾ ਨਾਮ ਉੱਚਾ ਕਰਨ ਲਈ ਵਧਾਈ ਦਿੱਤੀ ਤੇ ਮਾਨ ਸਨਮਾਨ ਵੀ ਕੀਤਾ। ਇਸ ਮੌਕੇ ਤੇ ਬਲਵੀਰ ਸਿੰਘ, ਅੰਮ੍ਰਿਤ ਸਿੰਘ, ਜਸਵੀਰ ਸਿੰਘ, ਬੋਸਨਪ੍ਰੀਤ ਸਿੰਘ, ਦੀਪਕ ਕੁਮਾਰ, ਕਿਰਨਜੀਤ ਕੌਰ, ਚਿੰਕੀ ਸਿੰਗਲਾ, ਕਿਰਨ ਰਾਣੀ, ਪ੍ਰਵੀਨ ਰਾਣੀ ਤੇ ਮਨਜੀਤ ਕੌਰ ਆਦਿ ਮੌਜੂਦ ਸਨ।



# ਭਾਰਤ ਨੂੰ ਵਿਕਸਤ ਦੇਸ਼ ਬਣਾਉਣਾ ਕੀ ਸੰਭਵ ਹੋ ਸਕੇਗਾ?



ਡਾ. ਕੇਸਰ ਸਿੰਘ ਭੰਗੂ

ਭਾਰਤ ਦੀ ਆਰਥਿਕਤਾ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਈ ਅਹਿਮ ਐਲਾਨ ਕੀਤੇ ਹਨ ਜਿਨ੍ਹਾਂ ਵਿਚ ਇੱਕ ਇਹ ਹੈ ਕਿ ਭਾਰਤ ਜਲਦ ਹੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗੀ ਅਤੇ ਦੂਜਾ ਇਹ ਕਿ ਭਾਰਤ 2047 ਤੱਕ ਦੁਨੀਆ ਦੇ ਵਿਕਸਤ ਦੇਸ਼ਾਂ ਵਿਚ ਸ਼ਾਮਲ ਹੋ ਜਾਵੇਗਾ। ਜਿੱਥੋਂ ਤੱਕ ਪਹਿਲੇ ਐਲਾਨ ਦਾ ਸਬੰਧ ਹੈ, ਕੌਮਾਂਤਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਪਾਨ ਅਤੇ ਜਰਮਨੀ ਨੂੰ ਪਛਾੜ ਕੇ (ਅਮਰੀਕਾ ਤੇ ਚੀਨ ਤੋਂ ਬਾਅਦ) ਦੁਨੀਆ ਦੀ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗੀ। ਪਹਿਲਾਂ, ਭਾਰਤ ਇਸ ਦਰਜਾਬੰਦੀ ਵਿਚ 7ਵੇਂ ਸਥਾਨ 'ਤੇ ਸੀ ਪਰ ਅੱਜ ਕੱਲ੍ਹ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ 'ਤੇ ਹੈ। ਕੌਮਾਂਤਰੀ ਮੁਦਰਾ ਕੋਸ਼ ਦੇ ਇਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ, ਭਾਵ ਖ਼ਰੀਦ ਸ਼ਕਤੀ ਬਰਾਬਰੀ (ਫ਼ੁਰਚਹਅਸਿਨਗ ਫੋਵਰ ਫਅਰਿਟੇ) ਦੇ ਹਿਸਾਬ ਨਾਲ ਭਾਰਤ ਅੱਜ ਹੀ, ਭਾਵ 2023 ਵਿਚ, ਚੀਨ ਤੇ ਅਮਰੀਕਾ ਤੋਂ ਬਾਅਦ ਦੁਨੀਆ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਜਾਵੇਗੀ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 33.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 26.85 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 13.03 ਟ੍ਰਿਲੀਅਨ ਡਾਲਰ ਹੋਵੇਗਾ।

ਜਿੱਥੋਂ ਤੱਕ ਦੂਜੇ ਐਲਾਨ ਦਾ ਸਬੰਧ ਹੈ, ਇਸ ਸਬੰਧੀ ਕਾਫ਼ੀ ਵਿਚਾਰ ਚਰਚਾ ਅਤੇ ਮਹੱਤਵਪੂਰਨ ਤੱਥਾਂ ਦਾ ਵਿਸ਼ਲੇਸ਼ਣ ਕਰ ਕੇ ਹੀ ਕਿਸੇ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿ ਦੇਸ਼ ਕੁੱਲ ਘਰੇਲੂ ਪੈਦਾਵਾਰ ਵਿਚ ਦੁਨੀਆ ਵਿਚ ਤੀਜੇ ਨੰਬਰ 'ਤੇ ਆ ਕੇ ਵਿਕਸਤ ਦੇਸ਼ ਬਣ ਵੀ ਜਾਵੇਗਾ ਕਿ ਨਹੀਂ? ਇਸ ਸਬੰਧੀ ਆਰਥਿਕਤਾ ਦੇ ਸਭ ਤੋਂ ਮਹੱਤਵਪੂਰਨ ਸੂਚਕ, ਪ੍ਰਤੀ ਵਿਅਕਤੀ ਆਮਦਨ ਦੇ ਨਾਲ ਨਾਲ ਕੁਝ ਚੋਣਵੇਂ ਸੂਚਕਾਂ ਜਿਵੇਂ ਮਨੁੱਖੀ ਵਿਕਾਸ ਸੂਚਕ, ਖੇਤੀ ਵਿਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ, ਔਰਤਾਂ ਦੀ ਕੰਮ ਵਿਚ ਹਿੱਸੇਦਾਰੀ ਅਤੇ ਆਰਥਿਕ ਨਾ-ਬਰਾਬਰੀਆਂ ਦਾ ਦੁਨੀਆ ਦੇ ਚੋਣਵੇਂ ਵਿਕਸਤ ਦੇਸ਼ਾਂ ਜਿਹਨਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿਚ ਪਛਾੜਿਆ ਹੈ ਜਾਂ ਭਵਿੱਖ ਵਿਚ ਪਛਾੜ ਦੇਵੇਗਾ, ਨਾਲ ਮੁਕਾਬਲਤਨ ਅਧਿਐਨ ਕੀਤਾ ਜਾਵੇਗਾ। ਵਿਸ਼ਵ ਬੈਂਕ 1987 ਤੋਂ ਕੁੱਲ ਪ੍ਰਤੀ ਵਿਅਕਤੀ ਕੌਮੀ ਆਮਦਨ ਦੇ ਹਿਸਾਬ ਨਾਲ ਦੁਨੀਆ ਦੇ ਦੇਸ਼ਾਂ ਨੂੰ ਵੱਖ ਵੱਖ ਗਰੁੱਪਾਂ ਵਿਚ ਵੰਡ ਰਿਹਾ ਹੈ, ਜਿਵੇਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਉਪਰਲੀ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਨੀਵੀਂ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਭਾਰਤ ਸ਼ੁਰੂ ਤੋਂ ਹੀ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਰਿਹਾ ਹੈ ਅਤੇ ਅਮਰੀਕਾ, ਜਪਾਨ, ਫਰਾਂਸ, ਜਰਮਨੀ, ਇੰਗਲੈਂਡ , ਇਟਲੀ ਤੇ ਕੈਨੇਡਾ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਰਹੇ ਹਨ ਜਿਨ੍ਹਾਂ ਨੂੰ ਵਿਕਸਤ ਦੇਸ਼ ਕਿਹਾ ਜਾਂਦਾ ਹੈ। ਭਾਰਤ 2009 ਵਿਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਸਮੇਂ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚੋਂ ਨਿਕਲ ਕੇ ਨੀਵੀਂ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹੋ ਗਿਆ ਸੀ ਅਤੇ ਹੁਣ ਤੱਕ ਉਸੇ ਗਰੁੱਪ ਵਿਚ ਸ਼ੁਮਾਰ ਹੈ ਭਾਵੇਂ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਵਾਧਾ ਹੋਇਆ ਹੈ ਅਤੇ ਦਰਜਾਬੰਦੀ ਵਿਚ ਉਪਰ ਆਇਆ ਹੈ।

ਵਿਸ਼ਵ ਬੈਂਕ ਦੀ ਤਾਜ਼ਾ ਵੰਡ ਮੁਤਾਬਕ ਜਿਹੜੇ ਦੇਸ਼ਾਂ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ



13206 ਡਾਲਰ ਤੋਂ ਵੱਧ ਹੈ, ਉਹ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹਨ; ਜਿਹਨਾਂ ਦੀ ਆਮਦਨ 4256 ਡਾਲਰ ਤੋਂ 13205 ਡਾਲਰ ਵਿਚਕਾਰ ਹੈ, ਉਹ ਉਪਰਲੀ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ; ਜਿਹਨਾਂ ਦੀ ਆਮਦਨ 1056 ਡਾਲਰ ਤੋਂ 4255 ਡਾਲਰ ਵਿਚਕਾਰ ਹੈ, ਉਹ ਨੀਵੀਂ-ਮੱਧਿਅਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਅਤੇ ਜਿਹਨਾਂ ਦੀ ਆਮਦਨ 1085 ਡਾਲਰ ਤੋਂ ਘੱਟ ਹੈ ਉਹ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਵਿਚ ਸ਼ਾਮਲ ਹਨ। ਵਰਨਣਯੋਗ ਹੈ ਕਿ ਜਿਹੜੇ ਦੇਸ਼ਾਂ ਨਾਲ ਭਾਰਤ ਦਾ ਕੁੱਲ ਘਰੇਲੂ ਪੈਦਾਵਾਰ ਵਿਚ ਮੁਕਾਬਲਾ ਹੈ, ਉਹਨਾਂ ਸਾਰੇ ਵਿਕਸਤ ਦੇਸ਼ਾਂ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਬਹੁਤ ਵੱਧ, ਤਕਰੀਬਨ 50,000 ਡਾਲਰ ਦੇ ਨੇੜੇ ਹੈ ਅਤੇ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹਨ ਜਦੋਂ ਕਿ ਭਾਰਤ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ 2380 ਡਾਲਰ ਹੀ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਕਿੰਨੇ ਲੰਮੇ ਸਮੇਂ ਤੋਂ ਆਪਣੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਵਿਚ ਲੋੜੀਂਦਾ ਵਾਧਾ ਕਰਨ ਵਿਚ ਕਾਮਯਾਬ ਨਹੀਂ ਹੋ ਸਕਿਆ। ਹੇਠਲੇ ਵਰਨਨ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਜਦੋਂ ਭਾਰਤ 2013-14 ਵਿਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿਚ ਨੌਵੇਂ ਸਥਾਨ 'ਤੇ ਸੀ, ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆ ਵਿਚ 147ਵੇਂ ਸਥਾਨ 'ਤੇ ਸੀ; ਭਾਵ, ਦੇਸ਼ ਕੁਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਹੀ ਉੱਪਰ ਸੀ। ਭਾਰਤ ਦਾ ਗਰੀਬ ਗੁਆਂਢੀ ਮੁਲਕ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿਚ ਅੱਗੇ ਹੈ। ਫਿਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ 'ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ 'ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ 'ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ਵਿਚ ਦੇਸ਼ ਬਹੁਤ ਪਿੱਛੇ ਹੈ।

ਹੁਣ ਭਾਰਤ ਦਾ ਚੋਣਵੇਂ ਵਿਕਸਤ ਦੇਸ਼ਾਂ ਅਮਰੀਕਾ, ਜਪਾਨ, ਫਰਾਂਸ, ਜਰਮਨੀ, ਇੰਗਲੈਂਡ, ਇਟਲੀ ਤੇ ਕੈਨੇਡਾ ਨਾਲ ਚੋਣਵੇਂ ਕੁਝ ਸੂਚਕਾਂ ਜਿਵੇਂ ਮਨੁੱਖੀ ਵਿਕਾਸ ਸੂਚਕ, ਖੇਤੀ ਵਿਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ, ਔਰਤਾਂ ਦੀ ਕੰਮ ਵਿਚ ਹਿੱਸੇਦਾਰੀ ਅਤੇ ਆਰਥਿਕ ਨਾ-ਬਰਾਬਰੀਆਂ ਦਾ ਮੁਕਾਬਲਤਨ ਅਧਿਐਨ ਦਰਸਾਈ ਸਾਰਨੀ ਵਿਚ ਕੀਤਾ ਗਿਆ ਹੈ। ਜੇ ਮਨੁੱਖੀ ਵਿਕਾਸ ਸੂਚਕ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ 2023 ਵਿਚ ਇਹ ਭਾਰਤ ਦਾ 0.633 ਅਤੇ ਚੋਣਵੇਂ ਵਿਕਸਤ ਦੇਸ਼ਾਂ ਦਾ 0.921 ਤੋਂ ਵੱਧ ਸੀ ਅਤੇ ਇਹਨਾਂ ਦੇਸ਼ਾਂ ਦੀ ਦੁਨੀਆ ਦੇ ਦੇਸ਼ਾਂ ਮਨੁੱਖੀ ਵਿਕਾਸ ਸੂਚਕ ਦੀ ਦਰਜਾਬੰਦੀ ਵੀ ਉਪਰਲੇ 25 ਦੇਸ਼ਾਂ ਵਿਚ ਸੀ; ਭਾਰਤ ਦੀ ਦਰਜਾਬੰਦੀ 132ਵੇਂ ਨੰਬਰ 'ਤੇ ਸੀ। ਸਾਡੇ ਦੇਸ਼ ਦੀ 44 ਪ੍ਰਤੀਸ਼ਤ ਆਬਾਦੀ ਨੂੰ ਖੇਤੀ ਵਿਚ ਰੁਜ਼ਗਾਰ ਪ੍ਰਾਪਤ ਹੈ; ਵਿਕਸਤ ਦੇਸ਼ਾਂ ਵਿਚ ਸਿਰਫ 1 ਤੋਂ 4.1 ਪ੍ਰਤੀਸ਼ਤ ਆਬਾਦੀ ਹੀ ਖੇਤੀ ਵਿਚ ਲੱਗੀ ਹੋਈ ਹੈ। ਭਾਰਤ ਦੀ 16.3 ਪ੍ਰਤੀਸ਼ਤ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ; ਵਿਕਸਤ ਦੇਸ਼ਾਂ ਦੀ 2.5 ਪ੍ਰਤੀਸ਼ਤ ਤੋਂ 3.2 ਪ੍ਰਤੀਸ਼ਤ ਆਬਾਦੀ ਹੀ ਕੁਪੋਸ਼ਣ ਦਾ ਸ਼ਿਕਾਰ ਹੈ। ਵਰਨਣਯੋਗ ਹੈ ਕਿ ਚੋਣਵੇਂ ਵਿਕਸਤ ਦੇਸ਼ਾਂ ਨੂੰ ਵਿਸ਼ਵਵਿਆਪੀ ਭੁੱਖਮਰੀ ਸੂਚਕ (ਘਲੋਬਅਲ ੍ਹੁਨਗੲਰ ਿਨਦੲਣ) ਦੇ ਸਰਵੇ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਦੇਸ਼ ਭੁੱਖਮਰੀ ਦਾ ਸ਼ਿਕਾਰ ਨਹੀਂ ਹਨ ਸਗੋਂ ਇਹ ਦੇਸ਼ ਖ਼ੁਰਾਕ ਸੁਰੱਖਿਅਤ ਹਨ। ਇਸ ਦੇ ਉਲਟ ਭਾਰਤ ਨੂੰ ਇਸ ਸਰਵੇ ਵਿਚ ਸ਼ਾਮਲ ਕੀਤਾ ਜਾਂਦਾ ਹੈ ਅਤੇ 2014 ਜਦੋਂ ਤਤਕਾਲੀ ਸਰਕਾਰ ਨੇ ਵਾਗਡੋਰ ਸੰਭਾਲੀ, ਉਦੋਂ ਭੁੱਖਮਰੀ ਸੂਚਕ 28.2 ਅਤੇ ਦੁਨੀਆ ਦੇ ਦੇਸ਼ਾਂ ਵਿਚ ਦਰਜਾ 101 ਸੀ ਅਤੇ 2022 ਭੁੱਖਮਰੀ ਸੂਚਕ ਵਧ ਕੇ 29.1 ਹੋ ਗਿਆ ਅਤੇ ਦਰਜਾ ਹੋਰ ਪਿੱਛੇ ਖਿਸਕ ਕੇ 107 'ਤੇ ਪਹੁੰਚ ਗਿਆ। ਗੁਆਂਢੀ ਦੇਸ਼ਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਦੇ ਭੁੱਖਮਰੀ ਸੂਚਕ ਅਤੇ ਦਰਜਾ ਭਾਰਤ ਨਾਲੋਂ ਕਿਤੇ ਵਧੀਆ ਹਨ। ਭਾਰਤ ਵਿਚ 1000 ਜਨਮੇ ਬੱਚਿਆਂ ਵਿਚੋਂ 25.5 ਦੀ ਜਨਮ ਵੇਲੇ ਹੀ ਮੌਤ ਹੋ ਜਾਂਦੀ ਹੈ; ਵਿਕਸਤ ਦੇਸ਼ਾਂ ਵਿਚ ਇਹ ਦਰ 1.7 ਤੋਂ 5.4 ਹੈ। ਸਾਡੇ ਦੇਸ਼ ਵਿਚ ਔਰਤ ਵਰਕਰਾਂ ਵਿਚੋਂ ਕੇਵਲ 24 ਪ੍ਰਤੀਸ਼ਤ ਹੀ ਕੰਮ ਕਰ ਰਹੀਆਂ ਹਨ; ਵਿਕਸਤ ਦੇਸ਼ਾਂ ਵਿਚ ਇਹ ਪ੍ਰਤੀਸ਼ਤ 41 ਤੋਂ 61 ਹੈ। ਭਾਰਤ ਵਿਚ ਆਰਥਿਕ ਨਾ-ਬਰਾਬਰੀ, ਭਾਵ ਆਮਦਨ ਤੇ ਧਨ-ਦੌਲਤ ਵਿਚ, ਉੱਚੀ ਪੱਧਰ ਦੀਆਂ ਨਾ-ਬਰਾਬਰੀਆਂ ਹਨ; ਵਿਕਸਤ ਦੇਸ਼ਾਂ ਵਿਚ ਇਹ ਨੀਵੇਂ ਪੱਧਰ ਦੀਆਂ ਹਨ।

ਸਾਰਨੀ ਦਾ ਵਿਸ਼ਲੇਸ਼ਣ ਅਤੇ ਤੱਥ ਸਪੱਸ਼ਟ ਕਰਦੇ ਹਨ ਕਿ ਭਾਵੇਂ ਭਾਰਤ 2047 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਬਣ ਜਾਵੇ ਪਰ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਵਿਕਸਤ ਦੇਸ਼ਾਂ ਦੇ ਬਰਾਬਰ ਹੋਣੀ ਬਹੁਤ ਮੁਸ਼ਕਿਲ ਹੈ ਅਤੇ ਲੰਮਾ ਪੈਂਡਾ ਜਾਪਦਾ ਹੈ। ਜਿੱਥੋਂ ਤੱਕ ਵਿਕਸਤ ਦੇਸ਼ ਬਣਨ ਦੀ ਗੱਲ ਹੈ, ਉਹ ਬਹੁਤ ਦੂਰ ਹੈ ਕਿਉਂਕਿ ਅਰਥਵਿਵਸਥਾ ਦੇ ਮਹੱਤਵਪੂਰਨ ਆਰਥਿਕ, ਸਮਾਜਿਕ ਅਤੇ ਹੋਰ ਸੂਚਕ ਬਹੁਤ ਖ਼ਰਾਬ ਹਾਲਤ ਵਿਚ ਹਨ। ਇਹਨਾਂ ਨੂੰ ਵਿਕਸਤ ਦੇਸ਼ਾਂ ਦੇ ਬਰਾਬਰ ਕਰਨਾ ਸੌਖਾ ਨਹੀਂ।

ਸਿਆਸੀ ਪਾਰਟੀਆਂ ਅਤੇ ਨੇਤਾ ਆਰਥਿਕਤਾ ਸਬੰਧੀ ਸਿਆਸੀ ਬਿਆਨਬਾਜ਼ੀ ਕਰ ਕੇ ਸਿਆਸੀ ਲਾਹਾ ਖੱਟ ਕੇ ਚੋਣਾਂ ਜ਼ਰੂਰ ਜਿੱਤ ਸਕਦੇ ਹਨ ਪਰ ਦੇਸ਼ ਨੂੰ ਭਵਿੱਖ ਵਿਚ ਵਿਕਸਤ ਦੇਸ਼ ਬਣਾਉਣ ਲਈ ਸਭ ਤੋਂ ਪਹਿਲਾਂ ਸਿਆਸੀ ਲੀਡਰਾਂ ਵਿਚ ਇੱਛਾ ਸ਼ਕਤੀ ਜ਼ਰੂਰੀ ਹੈ। ਆਰਥਿਕ ਅਤੇ ਹੋਰ ਨੀਤੀਆਂ ਨੂੰ ਅਮੀਰਾਂ, ਪੂੰਜੀਪਤੀਆਂ ਅਤੇ ਕਾਰਪੋਰੇਟਾਂ ਦੇ ਹਿੱਤਾਂ ਦੀ ਪੂਰਤੀ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਸਗੋਂ ਨੀਤੀਆਂ ਨੂੰ ਆਮ ਲੋਕਾਂ, ਖਾਸ ਕਰ ਕੇ ਦੱਬੇ-ਕੁਚਲੇ ਲੋਕਾਂ ਦੇ ਹਿੱਤਾਂ ਦੀ ਪੂਰਤੀ ਲਈ ਵਰਤਣਾ ਚਾਹੀਦਾ ਹੈ। ਇਕ ਗੱਲ ਹੋਰ, ਮਹੱਤਵਪੂਰਨ ਸੂਚਕਾਂ ਨੂੰ ਵਿਕਸਤ ਦੇਸ਼ਾਂ ਦੇ ਬਰਾਬਰ ਕਰਨ ਲਈ ਸਰਕਾਰ ਨੂੰ ਲੰਮੇ ਸਮੇਂ ਤੱਕ ਇਹਨਾਂ ਦੇ ਖੇਤਰਾਂ, ਖਾਸ ਕਰ ਕੇ ਸਿੱਖਿਆ, ਸਿਹਤ ਅਤੇ ਲਾਭਕਾਰੀ ਰੁਜ਼ਗਾਰ ਵਿਚ ਬਹੁਤ ਜ਼ਿਆਦਾ ਸਰਕਾਰੀ ਨਿਵੇਸ਼ ਕਰਨਾ ਪਵੇਗਾ ਕਿਉਂਕਿ ਬਹੁਤੇ ਮਹੱਤਵਪੂਰਨ ਸੂਚਕ ਇਹਨਾਂ ਖੇਤਰਾਂ ਨਾਲ ਹੀ ਸਬੰਧਿਤ ਹਨ।


# ਪੀਊ ਸਰਵੇ ਦੇ ਸਹੀ ਨਤੀਜੇ ਕੱਢਣੇ ਜ਼ਰੂਰੀ



ਟੀਐਨ ਨੈਨਾਨ

ਪੀਊ ਰਿਸਰਚ ਤੋਂ ਸਾਨੂੰ ਪਤਾ ਲੱਗਿਆ ਹੈ ਕਿ ਕੁਝ ਕੁ ਦਰਜਨ ਚੋਣਵੇਂ ਮੁਲਕਾਂ ਦੇ ਲੋਕ ਭਾਰਤ ਬਾਰੇ ਨੇਕ ਖ਼ਿਆਲ ਰੱਖਦੇ ਹਨ ਪਰ ਅਜਿਹੇ ਲੋਕਾਂ ਦੀ ਜਿੰਨੀ ਤਾਦਾਦ ਪਹਿਲੇ ਸਮਿਆਂ ਵਿਚ ਹੁੰਦੀ ਸੀ, ਉਹ ਘਟ ਗਈ ਹੈ; ਇਸ ਤੋਂ ਇਲਾਵਾ ਇਹ ਕਿ ਨਰਿੰਦਰ ਮੋਦੀ ਦੀ ਲੋਕਪ੍ਰਿਅਤਾ ਦੀ ਦਰ ਘਰੇਲੂ ਪੱਧਰ ਨਾਲੋਂ ਬਾਹਰਲੇ ਦੇਸ਼ਾਂ ਵਿਚ ਅੱਧੀ ਰਹਿ ਗਈ ਹੈ। ਇਸ ਤੋਂ ਅਗਾਂਹ, ਪੀਊ ਦੇ ਸਰਵੇ ਵਿਚ ਕਰੀਬ ਅੱਧ ਤੋਂ ਵੱਧ ਲੋਕ ਮਹਿਸੂਸ ਕਰਦੇ ਹਨ ਕਿ ਹਾਲੀਆ ਸਾਲਾਂ ਦੌਰਾਨ ਭਾਰਤ ਦੀ ਤਾਕਤ ਜਾਂ ਅਸਰ ਰਸੂਖ ਵਿਚ ਕੋਈ ਵਾਧਾ ਨਹੀਂ ਹੋਇਆ ਜਦਕਿ ਭਾਰਤ ਵਿਚ ਇਹ ਬਹੁਤ ਹੀ ਘੱਟਗਿਣਤੀ ਵਿਚਾਰ ਹੈ। ਘਰੇਲੂ ਅਤੇ ਕੌਮਾਂਤਰੀ ਰਾਵਾਂ ਵਿਚਕਾਰ ਥੋੜ੍ਹੇ ਜਿਹੇ ਵਿਰੋਧਾਭਾਸ ਦੀ ਤਵੱਕੋ ਤਾਂ ਕੀਤੀ ਜਾਂਦੀ ਸੀ ਅਤੇ ਸਰਵੇ ਦੇ ਅੰਕੜਿਆਂ ਦੇ ਕੁਝ ਗੁੱਝੇ ਸਿੱਟਿਆਂ ਨੂੰ ਤਹੱਮਲ ਨਾਲ ਲੈਣ ਦੀ ਲੋੜ ਹੈ ਪਰ ਸਰਵੇ ਦੀਆਂ ਕੁਝ ਲੱਭਤਾਂ ਉਨ੍ਹਾਂ ਲੋਕਾਂ ਲਈ ਵੀ ਹੈਰਾਨ ਕਰਨ ਵਾਲੀਆਂ ਹਨ ਜੋ ਨਰਿੰਦਰ ਮੋਦੀ ਸਰਕਾਰ ਦਾ ਲਗਾਤਾਰ ਗੁੱਡਾ ਬੰਨ੍ਹੀ ਜਾਣ ਦੇ ਹੱਕ ਵਿਚ ਨਹੀਂ ਸਨ।

ਮਿਸਾਲ ਦੇ ਤੌਰ 'ਤੇ ਇਹ ਦਲੀਲ ਦੇਣੀ ਨਾਮੁਮਕਿਨ ਹੈ ਕਿ ਭਾਰਤ ਜਦੋਂ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ ਤਾਂ ਮੁਲਕ ਦੀ ਹੈਸੀਅਤ ਅਤੇ ਪ੍ਰੋਫਾਈਲ ਵਿਚ ਕੋਈ ਵਾਧਾ ਨਹੀਂ ਹੋਇਆ, ਚੰਦ 'ਤੇ ਖੋਜੀ ਮਿਸ਼ਨ ਭੇਜਣ ਦਾ ਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਕੋਈ ਪ੍ਰਭਾਵ ਨਹੀਂ ਪਿਆ; ਪਹਿਲਾਂ ਦੇ ਮੁਕਾਬਲੇ ਭਾਰਤੀ ਪੇਸ਼ਕਦਮੀਆਂ ਦਾ ਬਾਕੀ ਦੁਨੀਆ ਉਪਰ ਹਾਂ ਪੱਖੀ (ਵੈਕਸੀਨ ਸਪਲਾਈ) ਅਤੇ ਨਾਂਹ ਪੱਖੀ (ਚੌਲਾਂ ਦੀ ਬਰਾਮਦ 'ਤੇ ਪਾਬੰਦੀ) ਦੋਵੇਂ ਤਰੀਕਿਆਂ ਨਾਲ ਕੋਈ ਪ੍ਰਭਾਵ ਨਹੀਂ ਪਿਆ ਅਤੇ ਦੁਨੀਆ ਦੇ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰ ਰਹੇ ਅਰਥਚਾਰਿਆਂ ਵਿਚ ਸ਼ੁਮਾਰ ਹੋਣ ਅਤੇ ਆਲਮੀ ਵਿਕਾਸ ਵਿਚ ਤੀਜਾ ਸਭ ਤੋਂ ਵੱਧ ਯੋਗਦਾਨ ਪਾਉਣ ਕਰ ਕੇ ਆਉਣ ਵਾਲੇ ਸਾਲਾਂ ਵਿਚ ਇਸ ਦੀ ਪੁੱਗਤ ਜ਼ਿਆਦਾ ਨਹੀਂ ਵਧੇਗੀ। ਨਾ ਹੀ ਕੋਈ ਵਿਦੇਸ਼ਾਂ ਵਿਚ ਵਸੇ ਭਾਰਤੀਆਂ ਜਿਨ੍ਹਾਂ ਦੀ ਸਿੱਖਿਆ ਅਤੇ ਅਸਰ ਰਸੂਖ਼, ਦੋਵਾਂ ਵਿਚ ਵਾਧਾ ਹੋ ਰਿਹਾ ਹੈ, ਦੀ ਵੱਖੋ-ਵੱਖਰੇ ਖੇਤਰਾਂ ਵਿਚ ਜ਼ਾਹਰਾ ਸਫ਼ਲਤਾ ਨੂੰ ਨਕਾਰਿਆ ਜਾ ਸਕਦਾ ਹੈ ਅਤੇ ਜਿਨ੍ਹਾਂ ਦਾ ਉਨ੍ਹਾਂ



ਦੇ ਅਪਣਾਏ ਹੋਏ ਸਮਾਜਾਂ ਅੰਦਰ ਏਕੀਕਰਨ ਦਾ ਭਰੋਸੇਮੰਦ ਰਿਕਾਰਡ ਰਿਹਾ ਹੈ। ਇਸ ਸਭ ਕਾਸੇ ਨੂੰ ਮਿਲਾ ਕੇ ਇਕ ਪੁਰਜ਼ੋਰ ਕਹਾਣੀ ਬਣਦੀ ਹੈ ਜਿਸ ਨਾਲ ਸਾਡੇ ਦੇਸ਼ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ।

ਉਂਝ, ਸਰਕਾਰ ਦੇ ਹਰ ਵਕਤ ਪੱਬਾਂ ਭਾਰ ਰਹਿਣ ਅਤੇ ਇਸ ਦੇ ਮੰਤਰੀਆਂ ਦੀ ਬਿਹਤਰੀਨ ਊਰਜਾ ਸ਼ੋਰ ਸ਼ਰਾਬੇ ਨੂੰ ਵਧਾਉਂਦੀ ਰਹਿਣ ਕਰ ਕੇ ਭਰਮ ਪੈਦਾ ਕਰ ਸਕਦੀ ਹੈ। ਆਖ਼ਰਕਾਰ, ਬਹੁਤ ਸਾਰੇ ਆਸਵੰਦ ਐਲਾਨਾਂ ਦੇ ਬਾਵਜੂਦ ਭਾਰਤ ਕੋਲ ਮੁਕਤ ਵਪਾਰ ਸਮਝੌਤਿਆਂ ਦੇ ਲਿਹਾਜ਼ ਤੋਂ ਦਿਖਾਉਣ ਲਈ ਬਹੁਤਾ ਕੁਝ ਨਹੀਂ। ਜਿਹੜੇ ਲੋਕ ਕਾਰੋਬਾਰੀ ਅਖ਼ਬਾਰ ਨਹੀਂ ਪੜ੍ਹਦੇ ਅਤੇ ਬਹੁਤ ਸਾਰੇ ਉਹ ਜਿਹੜੇ ਪੜ੍ਹਦੇ ਵੀ ਹਨ, ਉਹ ਇਹ ਜਾਣ ਕੇ ਹੈਰਾਨ ਹੋਣਗੇ ਕਿ ਪਿਛਲੇ ਸਾਲ ਅਤੇ ਇਸ ਸਾਲ ਹੁਣ ਤੱਕ ਵੀ ਸਿੱਧਾ ਵਿਦੇਸ਼ ਨਿਵੇਸ਼ ਸੁੰਗੜ ਗਿਆ ਹੈ ਅਤੇ 2022 ਵਿਚ ਵਿਦੇਸ਼ੀ ਪੋਰਟਫੋਲੀਓ ਨਿਵੇਸ਼ ਘਟ ਗਿਆ ਸੀ ਅਤੇ 2023 ਵਿਚ ਇਸ ਨੂੰ ਮੋੜਾ ਪਿਆ ਸੀ।

ਜਿੱਥੋਂ ਤੱਕ ਮੋਦੀ ਦਾ ਤੁਅੱਲਕ ਹੈ, ਪੀਊ ਸਰਵੇ ਤੋਂ ਇਹ ਪੁਸ਼ਟੀ ਹੋਈ ਹੈ ਕਿ ਉਨ੍ਹਾਂ ਦੀ ਘਰੇਲੂ ਲੋਕਪ੍ਰਿਅਤਾ ਵਧੀ ਹੈ। ਵਿਦੇਸ਼ੀ ਸਰਕਾਰਾਂ ਕੋਲ ਮਜ਼ਬੂਤ ਪ੍ਰਧਾਨ ਮੰਤਰੀ ਜੋ ਹਰ ਵਕਤ ਦੌਰੇ 'ਤੇ ਆਉਣ ਦਾ ਸੰਕੇਤ ਹੀ ਦਿੰਦੇ ਹਨ, ਨਾਲ ਸਿੱਝਣ ਤੋਂ ਬਿਨਾ ਕੋਈ ਚਾਰਾ ਨਹੀਂ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਦੇਸ਼ਾਂ ਦੇ ਸਜਗ ਨਾਗਰਿਕ ਭਾਰਤ 'ਚ ਚੱਲ ਰਹੇ ਸਿਆਸੀ ਘਟਨਾਕ੍ਰਮਾਂ ਦੀ ਫਿਤਰਤ ਤੇ ਦਿਸ਼ਾ ਤੋਂ ਅਣਜਾਣ ਹਨ ਅਤੇ ਇਸ ਨਾਲ ਦੇਸ਼ ਪ੍ਰਤੀ ਉਨ੍ਹਾਂ ਦੇ ਵਿਚਾਰਾਂ ਉਪਰ ਕੋਈ ਪ੍ਰਭਾਵ ਨਹੀਂ ਪਵੇਗਾ।

ਇਸ ਦੇ ਨਾਲ ਹੀ ਚੀਨ ਦੀ ਗੱਲ ਆਉਂਦੀ ਹੈ। ਸੱਤਾ ਇਕ ਨਿਸ਼ਬਤਨ ਖੇਡ ਹੋਣ ਕਰ ਕੇ ਅਹਿਮ ਗੱਲ ਇਹ ਹੈ ਕਿ ਭਾਰਤ ਉਪਰ ਚੀਨ ਦੀ ਚੜ੍ਹਤ ਭਾਰੂ ਪੈ ਗਈ ਹੈ ਤੇ ਉਸ ਦੀ ਚੜ੍ਹਤ ਇਸ ਹੱਦ ਤੱਕ ਹੈ ਕਿ ਭਾਰਤ ਦੇ ਗੁਆਂਢੀ ਦੇਸ਼ਾਂ ਦੇ ਭਾਰਤ ਦੇ ਮੁਕਾਬਲੇ ਚੀਨ ਨਾਲ ਜ਼ਿਆਦਾ ਮਜ਼ਬੂਤ ਰਿਸ਼ਤੇ ਬਣ ਚੁੱਕੇ ਹਨ ਅਤੇ ਉਨ੍ਹਾਂ ਦਰਮਿਆਨ ਰੱਖਿਆ ਲੈਣ ਦੇਣ ਵੀ ਜ਼ਿਆਦਾ ਹੁੰਦਾ ਹੈ। ਇਸ ਵਿਚ ਬਹੁਤਾ ਸੰਦੇਹ ਨਹੀਂ ਹੈ ਕਿ ਬਰਿਕਸ ਦੀ ਮੈਂਬਰਸ਼ਿਪ ਵਧਾਉਣ ਦੀ ਤਜਵੀਜ਼ ਪਿੱਛੇ ਮੁੱਖ ਤੌਰ 'ਤੇ ਚੀਨ ਕਾਰਜਸ਼ੀਲ ਹੈ ਅਤੇ ਇਸ ਨੇ ਬਰਿਕਸ ਨੂੰ ਪੱਛਮ ਵਿਰੋਧੀ ਮੰਚ ਦਾ ਰੂਪ ਦੇਣ ਵਿਚ ਪੂਰਾ ਜ਼ੋਰ ਲਾਇਆ ਹੋਇਆ ਹੈ; ਤੇ ਭਾਰਤ ਨੂੰ ਮਜਬੂਰੀਵੱਸ ਨਾਲ ਚੱਲਣਾ ਪੈ ਰਿਹਾ ਹੈ।

ਜਿੱਥੋਂ ਤੱਕ ਦੁਵੱਲੇ ਰਿਸ਼ਤਿਆਂ ਦਾ ਤੁਅੱਲਕ ਹੈ ਤਾਂ ਵਿਵਾਦਗ੍ਰਸਤ ਸਰਹੱਦ ਦੇ ਨੇੜੇ ਤੇੜੇ ਸਿਵਲ ਅਤੇ ਫ਼ੌਜੀ ਬੁਨਿਆਦੀ ਢਾਂਚੇ ਦਾ ਨਿਰਮਾਣ ਹੋਵੇ, ਨਕਸ਼ਾਕਾਰੀ ਹਮਲੇ ਜਾਂ ਖ਼ਾਸ ਮੰਚਾਂ ਵਿਚ ਭਾਰਤ ਦੇ ਦਾਖ਼ਲੇ ਦਾ ਰਾਹ ਰੋਕਣ ਵਿਚ ਪੇਈਚਿੰਗ ਵਲੋਂ ਹਾਲੇ ਤੱਕ ਸੰਜਮ ਵਰਤਣ ਦਾ ਕੋਈ ਸੰਕੇਤ ਨਹੀਂ ਆਇਆ।

ਇਸ ਲਈ ਜੇ ਤਰਕਸੰਗਤ ਤਰੀਕੇ ਨਾਲ ਗੱਲ ਕੀਤੀ ਜਾਵੇ ਤਾਂ ਅੱਜ ਸਾਡੀ ਦੁਨੀਆ ਵਿਚ ਦੋ ਮਹਾਂ ਸ਼ਕਤੀਆਂ, ਜਾਂ ਰੂਸ ਜਿਹੀਆਂ ਦੋ ਜਾਂ ਤਿੰਨ ਵੱਡੀਆਂ ਸ਼ਕਤੀਆਂ ਅਤੇ ਫਿਰ ਦਰਮਿਆਨੀਆਂ ਸ਼ਕਤੀਆ ਹਨ ਜਿਨ੍ਹਾਂ ਵਿਚ ਭਾਰਤ ਦਾ ਨਾਂ ਆਉਂਦਾ ਹੈ। ਭਾਰਤ ਭਾਵੇਂ ਆਰਥਿਕ ਕਾਰਗੁਜ਼ਾਰੀ ਵਿਚ ਚੰਗਾ ਰਹੇ, ਵਡੇਰੇ ਨਿਰਮਾਣ ਖੇਤਰ ਦੀ ਉਸਾਰੀ ਕਰ ਲਵੇ, ਤਕਨੀਕੀ ਮੁਹਾਰਤ ਹਾਸਲ ਕਰ ਲਵੇ, ਵਧੇਰੇ ਭਰੋਸੇਮੰਦ ਰੱਖਿਆ ਸਨਅਤ ਵੀ ਉਸਾਰ ਲਵੇ, ਆਪਣੇ ਮਾਨਵੀ ਵਿਕਾਸ ਦੇ ਮਾਪਕ ਵੀ ਸੁਧਾਰ ਲਵੇ, ਵਪਾਰਕ ਦੇਸ਼ ਬਣ ਜਾਵੇ ਅਤੇ ਅੰਦਰੂਨੀ ਇਕਸੁਰਤਾ ਵੀ ਆ ਜਾਵੇ ਪਰ ਜਿੰਨੀ ਦੇਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਵੀਟੋ ਸ਼ਕਤੀ ਪ੍ਰਾਪਤ ਨਹੀਂ ਹੁੰਦੀ, ਓਨੀ ਦੇਰ ਇਹ ਵੱਡੀ ਤਾਕਤ ਨਹੀਂ ਬਣ ਸਕਦਾ।

## ਮਿੰਨੀ ਕਹਾਣੀ

# ਲੇਖਾ- ਜੋਖਾ



ਜਸਵਿੰਦਰ ਕੌਰ ਜੱਸੀ
91-96460-10398

ਅੱਜ ਰਮਨ ਦਾ ਡੈਡੀ ਬਹੁਤ ਖੁਸ਼ ਸੀ। ਕਿਉਕਿ ਉਸਦੇ ਪੁੱਤਰ ਜੋ ਕਿੰਨੇ ਵਰਿਆਂ ਤੋਂ ਕਨੇਡਾ ਰਹਿੰਦਾ ਸੀ, ਵੱਲੋ ਭੇਜੇ ਪੇਪਰ ਜੁ ਮਿਲੇ ਸਨ। ਉਹ ਆਪਣੇ ਦੋਸਤਾਂ ਕੋਲ ਹਮੇਸ਼ਾਂ ਆਪਂਣੇ ਵਿਦੇਸ਼ ਰਹਿੰਦੇ ਪੁੱਤ ਦੀਆਂ ਗੱਲਾਂ ਕਰਦਾ ਰਹਿੰਦਾ ਸੀ ਤੇ ਉਹਨਾਂ ਦੀਆਂ ਫੋਟੋਆਂ ਵੀ ਦਿਖਾਉਦਾ ਰਹਿੰਦਾ। ਬੜਾ ਖੁਸ਼ ਹੋ ਹੋ ਕੇ ਉਧਰ ਦੀਆਂ ਖੇਤੀ ਵਿੱਚ ਵਰਤਦੇ ਨਵੇਂ ਢੰਗ ਦੀਆਂ ਮਸ਼ੀਨਾਂ ਦੀਆਂ ਗੱਲਾਂ ਸੱਥ 'ਚ ਸੁਣਾਉਦਾ ਰਹਿੰਦਾ।

ਰਮਨ ਨੇ ਆਪਣੇ ਬੱਚਿਆਂ ਦੀ ਵੇਖਭਾਲ ਲਈ ਆਪਣੇ ਮਾਪਿਆਂ ਨੂੰ ਕੋਲ ਬੁਲਾਉਣਾ ਠੀਕ ਸਮਝਿਆਂ। ਸਾਰੀ ਕਾਗਜੀ ਕਾਰਵਾਈ ਪੂਰੀ ਹੋਣ ਤੇ ਜਲਦੀ ਹੀ ਉਹ ਕਨੇਡਾ ਪਹੁੰਚ ਗਏ।

ਸ਼ੁਰੂ-ਸ਼ੁਰੂ ਵਿੱਚ ਤਾਂ ਰਮਨ ਨੇ ਆਪਣੇ ਮੰਮੀ ਡੈਡੀ ਨੂੰ ਖੂਬ ਘੁੰਮਾਇਆ। ਕੁਝ ਦਿਨ ਬਾਅਦ ਰਮਨ ਹੋਰੇ ਦੋਨੇ ਜੀਅ, ਆਪਣੇ ਕੰਮਾਂ ਤੇ ਰੁਟੀਨ 'ਚ ਜਾਣ ਲੱਗੇ। ਬਾਹਰ ਤਾਂ ਕੰਮ ਕਾਰ ਕਰੇ ਤੋਂ ਹੀ ਰੋਟੀ ਮਿਲਣੀ ਹੈ। ਥੱਕ ਹੰਭਕੇ ਆਉਣਾ ਤੇ ਸਵੇਰੇ ਫਿਰ ਜਲਦੀ ਹੀ ਘਰੋ ਨਿਕਲ ਜਾਣਾ। ਰਮਨ ਹੋਰਾਂ ਕੋਲ ਵਕਤ ਹੀ ਨਹੀਂ ਸੀ ਹੁੰਦਾ ਕਿ ਉਹ ਆਪਣੇ ਮਾਪਿਆਂ ਕੋਲ ਬੈਠਣ। ਉਹਨਾਂ ਨੇ ਆਪਣੇ ਬੱਚਿਆਂ, ਜੌਬਾਂ ਵੱਲ ਵੀ ਧਿਆਨ ਦੇਣਾ ਹੁੰਦਾ ਸੀ। ਇੱਕ ਦਿਨ ਰਮਨ ਦੇ ਡੈਡੀ ਢਿੱਲੇ ਹੋ ਗਏ। ਮੌਸਮ ਦੀ ਤਬਦੀਲੀ ਕਾਰਨ ਖਾਂਸੀ ਬੁਖਾਰ ਵਗੈਰਾ ਹੋ ਗਿਆ। ਖਾਂਸੀ ਵੀ ਇਹੋ ਜਿਹੀ ਭੈੜੀ ਲੱਗੀ ਸਾਰੀ ਰਾਤ ਨੀਂਦ ਨਾ ਆਉਣ ਦਿੰਦੀ। ਇਹ ਸਾਰਾ ਵੇਖਕੇ ਰਮਨ ਦੀ ਪਤਨੀ ਕਹਿਣ ਲੱਗੀ," ਸੁਣੋ ਜੀ ਆਪਾਂ ਸਾਰਾ ਦਿਨ ਡਿਊਟੀ ਤੋਂ ਥੱਕ ਹੰਭਕੇ ਆਈਦਾ ਆਉਦਿਆਂ ਨੂੰ ਇਹ ਸਿੜੀ ਸਿਆਪਾ ਜਿਹਾ, ਸਾਰਾ ਦਿਨ ਖਉ ਖਉਂ ਕਰੀ ਜਾਣਾ, ਆਪ ਤਾਂ ਡੈਡੀ ਦਿਨੇ ਸੌ ਲੈਂਦੇ।"

"ਫੇਰ ਕੀ ਹੁੰਦਾ, ਉਹ ਕੋਈ ਜਾਣਕੇ ਥੋੜੀ ਖੰਗਦੇ ਜੇ ਢਿੱਲੇ ਹੈਗੇ ਤਾਂ ਹੀ ਕਰਦੇ ਆ" ਰਮਨ ਨੇ ਥੋੜਾ ਝਿਜਕਦੇ ਹੋਏ ਕਿਹਾ। ਕਿਉਕਿ ਬਾਹਰ ਔਰਤ ਦੀ ਬਹੁਤ ਚੱਲਦੀ ਹੈ ।

"ਨਹੀਂ, ਮੈਨੂੰ ਨਹੀਂ ਪਤਾ ਜਾਂ ਤਾਂ ਡੈਡੀ ਦਾ ਮੰਜਾ ਬੇਸਮੈਂਟ ਵਿੱਚ ਕਰ ਦੇਵੋ ਜਿੱਥੇ ਮੈਨੂੰ ਤੇ ਬੱਚਿਆਂ ਨੂੰ ਖੰਗਣ ਦੀ ਅਵਾਜ ਨਾ ਸੁਣੇ ਤੇ ਨਹੀਂ ਫਿਰ.... "ਰਮਨ ਦੀ ਪਤਨੀ ਨੇ ਗੁੱਸੇ ਵਿੱਚ ਕਿਹਾ।

"ਨਹੀਂ, ਫਿਰ ਕੀ? ਰਮਨ ਨੇ ਥੋੜੀ ਦਲੇਰੀ ਜਿਹੀ ਵਿਖਾਉਂਦੇ ਨੇ ਕਿਹਾ। "ਡੈਡੀ ਦਾ ਤਾਂ ਸਾਨੂੰ ਕੋਈ ਫਾਇਦਾ ਨਹੀਂ ਇੱਥੇ ਰੱਖਣ ਦਾ, ਮੰਮੀ ਤਾਂ ਚਲੋ ਦੋਹਾਂ ਬੱਚਿਆਂ ਨੂੰ ਸਾਂਭਦੀ ਹੈ ਜਿਸ ਨਾਲ ਸਾਡੇ ਦੋ ਹਜਾਰ ਡਾਲਰ ਬੱਚਦੇ ਹਨ। ਇਹਦੀ ਤਾਂ ਐਂਵੇ ਫਾਲਤੂ ਦੀ ਟੈਂਨਸ਼ਨ ਹੈ। ਨਾ ਅਸੀ ਕਿਸੇ ਪਾਰਟੀ ਵਗੈਰਾ ਜਾਂ ਬਾਹਰ ਘੁੰਮਣ ਵੀ ਨਹੀਂ ਜਾ ਸਕਦੇ। ਜਿੰਦਗੀ ਦਾ ਸਾਰਾ ਮਜਾ ਕਿਰਕਰਾ ਹੋ ਗਿਆ।" ਤੇ ਮੇਰੀ ਸੁਣੋਂ ਤਾਂ, ਡੈਡੀ ਨੂੰ ਵਾਪਿਸ ਇੰਡੀਆ ਹੀ ਭੇਜ ਦੇਈਏ।"

ਦੋਹਾਂ ਵਿਚਕਾਰ ਚੱਲ ਰਿਹਾ ਵਾਰਤਾਲਾਪ ਜਦੋਂ ਮਾਂ ਨੇ ਸੁਣਿਆਂ ਤਾਂ ਕਹਿਣ ਲੱਗੀ, "ਭਾਈ ਸਾਨੂੰ ਦੋਹਾਂ ਨੂੰ ਜਹਾਜ ਚੜਾ ਦੇਵੋ ਆਪੇ ਉੱਥੇ ਖੰਘ ਠੀਕ ਹੁੰਦੀ ਫਿਰੂਗੀ, ਤੇ ਤੁਸੀਂ ਰਾਜੀ ਖੁਸ਼ੀ ਰਹੋ।"

ਰਮਨ ਪਿੰਡ ਵਿੱਚ ਕਿਹੜਾ ਮੂੰਹ ਵਿਖਾਵੇਗਾ ਇਸ ਲਈ ਆਪਣੀ ਪਤਨੀ ਨੂੰ ਕਹਿਣ ਲੱਗਾ, "ਚਲ ਮੰਮੀ, ਡੈਡੀ ਨੂੰ ਬੇਸਮੈਂਟ 'ਚ ਸ਼ਿਫਟ ਕਰ ਦਿੰਦੇ ਹਾਂ।"

ਪਰੰਤੂ ਰਮਨ ਦਾ ਡੈਡੀ ਉਦਾਸ ਰਹਿਣ ਲੱਗਾ ਕਿਉਕਿ ਵਿਦੇਸ਼ ਵਿੱਚ ਜਿਸਨੂੰ ਕੋਈ ਵਾਹੀਕਲ ਨਹੀਂ ਆਉਦੀ ਉਸ ਲਈ ਤਾਂ ਘਰ ਮਿੱਠੀ ਜੇਲ ਹੈ। ਕੁਝ ਦਿਨ ਤਾਂ ਨਿਕਲੇ ਪਰ ਘਰ ਦਾ ਮਾਹੌਲ ਪੂਰੀ ਤਰਾਂ ਠੀਕ ਨਾ ਹੋਇਆ।

ਇਕ ਦਿਨ ਕੀ ਹੋਇਆ ਰਮਨ ਆਪਣੇ ਡੈਡੀ ਨਾਲ ਬੜੇ ਪਿਆਰ ਨਾਲ ਗੱਲਾ ' ਕਰਦਾ ਕਹਿਣ ਲੱਗਾ," ਲੈ ਡੈਡੀ ਛੇ ਮਹੀਨਿਆਂ ਦੀ ਤਾਂ ਗੱਲ ਹੈ ਆਪਾਂ ਏਧਰ ਤੁਹਾਨੂੰ ਫੇਰ ਬੁਲਾ ਲਵਾਂਗੇ। ਮੈ ਅਗਲੇ ਸੰਡੇ ਦੀ ਟਿਕਟ ਲੈ ਲਈ ਹੈ ਤੁਹਾਨੂੰ ਮੈਂ ਜਹਾਜ ਚੜਾ ਆਵਾਂਗਾ।"ਇਹ ਕਹਿਕੇ ਰਮਨ ਫੋਨ 'ਤੇ ਆਪਣੇ ਵੱਡੇ ਭਰਾ ਨਾਲ ਗੱਲ ਕਰਨ ਲੱਗਾ ਜੋ ਇੰਡੀਆ ਰਹਿੰਦਾ ਸੀ।

"ਜਿਵੇਂ ਤੇਰੀ ਮਰਜੀ, "ਇਹ ਕਹਿਕੇ ਰਮਨ ਦਾ ਡੈਡੀ ਉਦਾਸ ਹੋ ਗਿਆ ਆਪਣੇ ਘਰਵਾਲੀ ਨੂੰ ਕਹਿਣ ਲੱਗਾ ਵੇਖ ਲਾ, ਕਿਹੋ ਜਿਹਾ ਜਮਾਨਾ ਆ ਗਿਆ ਪਿਉ ਕਿਤੇ ਰਹੇ ਤੇ ਮਾਂ ਕਿਤੇ, ਅਜੇ ਉਹ ਬੋਲੀ ਜਾ ਰਿਹਾ ਸੀ ਤਦੇ ਰਮਨ ਦੀ ਮਾਂ ਅੱਗਿਓ ਬੋਲੀ, "ਆਪਾਂ ਵੀ ਤਾਂ ਬੇਬੇ, ਬਾਪੂ ਜੀ ਨੂੰ ਦੋਹਾਂ ਭਰਾਵਾਂ ਵਿੱਚ ਵੱਖ ਵੱਖ ਰੱਖਦੇ ਸੀ।

ਇਹ ਤਾਂ ਉਹੀਓ ਕਰਮਾਂ ਦਾ ਲੇਖਾ-ਜੋਖਾ ਹੈ, ਜੋ ਬੱਚੇ ਵੇਖਣਗੇ ਉਹੀ ਅੱਗੇ ਕਰਨਗੇ।" ਲੰਮਾ ਹੌਕਾ ਭਰਕੇ ਰਮਨ ਦੀ ਮਾਂ ਆਪਣੇ ਘਰਵਾਲੇ ਦੀ ਇੰਡੀਆ ਜਾਣ ਦੀ ਤਿਆਰੀ ਕਰਨ ਲੱਗੀ ।

# ਪੰਜਾਬ ਦੇ ਪਿੰਡਾਂ 'ਚ ਆਪਣਾ ਆਧਾਰ ਬਣਾਉਣ ਲਈ ਯਤਨਸ਼ੀਲ ਭਾਜਪਾ



ਉਜਾਗਰ ਸਿੰਘ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੇਂਦਰੀ ਰਣਨੀਤੀਕਾਰਾਂ ਨੇ ਪੰਜਾਬ ਇਕਾਈ ਦੇ ਅਹੁਦੇਦਾਰਾਂ ਦੀ ਸੂਚੀ ਬਣਾਉਂਦਿਆਂ ਇਕ ਤੀਰ ਨਾਲ ਕਈ ਲੁਕਵੇਂ ਨਿਸ਼ਾਨੇ ਮਾਰੇ ਹਨ ਜਿਨ੍ਹਾਂ ਦੇ ਪੰਜਾਬ ਦੀ ਰਾਜਨੀਤੀ ਵਿਚ ਲੰਬੇ ਸਮੇਂ ਲਈ ਕਾਰਗਰ ਸਾਬਿਤ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਨਵੰਬਰ 2020 ਵਿਚ ਦਿੱਲੀ ਦੀ ਸਰਹੱਦ 'ਤੇ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਇਕ ਸਾਲ ਚਲਾਏ ਪੰਜਾਬ ਦੇ ਕਿਸਾਨਾ ਦੀ ਅਗਵਾਈ ਵਿਚ ਕਿਸਾਨ-ਮਜ਼ਦੂਰ ਅੰਦੋਲਨ ਦੇ ਪ੍ਰਭਾਵਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਵੀ ਇਸ ਸੂਚੀ ਵਿੱਚੋਂ ਸਪਸ਼ਟ ਵਿਖਾਈ ਦਿੰਦੀ ਹੈ।

ਜੱਟ ਸਿੱਖਾਂ ਨੂੰ ਮਹੱਤਤਾ ਦੇਣਾ ਪਿੰਡਾਂ ਵਿਚ ਭਾਰਤੀ ਜਨਤਾ ਪਾਰਟੀ ਦਾ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਦਾ ਨਤੀਜਾ ਹੈ। ਭਾਰਤੀ ਜਨਤਾ ਪਾਰਟੀ ਨੇ ਕਿਸਾਨ ਅੰਦੋਲਨ ਵਿਚ ਮਾਤ ਖਾਣ ਤੋਂ ਬਾਅਦ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕੁਝ ਅਹੁਦੇਦਾਰਾਂ ਅਤੇ ਹੋਰ ਸਿੱਖ ਨੇਤਾਵਾਂ ਨੂੰ ਪਾਰਟੀ ਵਿਚ ਸ਼ਾਮਲ ਕਰ ਕੇ ਪਿੰਡਾਂ ਵਿਚ ਅਕਾਲੀ ਦਲ ਅਤੇ ਕਾਂਗਰਸ ਦੀਆਂ ਵੋਟਾਂ ਵਿਚ ਸੰਨ੍ਹ ਲਗਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਇਸੇ ਲੜੀ ਵਿਚ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਤੋਂ ਇਲਾਵਾ 12 ਉਪ ਪ੍ਰਧਾਨਾਂ ਵਿਚ 6 ਬਲਬੀਰ ਸਿੰਘ ਸਿੱਧੂ, ਫਤਿਹਜੰਗ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਕਾਂਗੜ, ਜਗਦੀਪ ਸਿੰਘ ਨਕਈ, ਜੈਸਮੀਨ ਸੰਧਾਵਾਲੀਆ, ਬਿਕਰਮਜੀਤ ਸਿੰਘ ਚੀਮਾ, ਇਕ ਜਨਰਲ ਸਕੱਤਰ ਪਰਮਿੰਦਰ ਸਿੰਘ ਬਰਾੜ, ਦਮਨ ਥਿੰਦ ਬਾਜਵਾ, ਕੰਵਰਵੀਰ ਸਿੰਘ ਟੌਹੜਾ, ਕੋਰ ਕਮੇਟੀ ਦੇ 21 ਮੈਂਬਰਾਂ ਵਿੱਚੋਂ 7 ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਸਿੰਘ ਬਾਦਲ, ਕੇਵਲ ਸਿੰਘ ਢਿੱਲੋਂ, ਐਸ. ਐਸ.ਵਿਰਕ, ਪੀ.ਐਸ.ਗਿੱਲ, ਹਰਜੀਤ ਸਿੰਘ ਗਰੇਵਾਲ, ਅਮਰਜੋਤ ਕੌਰ ਰਾਮੂਵਾਲੀਆ, ਪਾਰਟੀ ਦੇ 5 ਵਿੰਗ ਮੁਖੀਆਂ ਵਿੱਚੋਂ 2, ਜੈਇੰਦਰ ਕੌਰ, ਦਰਸ਼ਨ ਸਿੰਘ ਨੈਨਂਵਾਲ ਕੁੱਲ 21 ਜੱਟ ਸਿੱਖ ਕਿਸਾਨ ਪਰਿਵਾਰਾਂ ਨਾਲ ਸਬੰਧਤ ਸ਼ਾਮਲ ਕੀਤੇ ਹਨ।

ਪਿੰਡਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਹੋਰ ਅਸਰਦਾਰ ਬਣਾਉਣ ਲਈ ਰਣਨੀਤੀਕਾਰਾਂ ਵੱਲੋਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਹੁਣ ਤੱਕ 3 ਲੋਕ ਸਭਾ ਦੀਆਂ ਸੀਟਾਂ ਤੋਂ ਵੱਧ ਕਦੇ ਵੀ ਜਿੱਤ ਨਹੀਂ ਸਕੀ। ਪੰਜਾਬ ਤੇ ਚੰਡੀਗੜ੍ਹ ਦੀਆਂ 13 ਲੋਕ ਸਭਾ ਸੀਟਾਂ ਹਨ। ਇਹ ਅਹੁਦੇਦਾਰੀਆਂ ਵੀ ਇਸੇ ਕੜੀ ਦਾ ਹਿੱਸਾ ਹਨ। ਭਾਵੇਂ ਕਾਂਗਰਸ 'ਚੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਆਏ ਨਵੇਂ ਭਾਜਪਾਈਆਂ ਨੂੰ ਵਧੇਰੇ ਪ੍ਰਤੀਨਿਧਤਾ ਦਿੱਤੀ ਗਈ ਹੈ ਪਰ ਅਕਾਲੀ ਦਲ 'ਚੋਂ ਆਏ ਜਗਦੀਪ ਸਿੰਘ ਨਕਈ ਨੂੰ ਉਪ ਪ੍ਰਧਾਨ, ਪਰਮਿੰਦਰ ਸਿੰਘ ਬਰਾੜ ਜੋ ਸੁਖਬੀਰ ਸਿੰਘ ਬਾਦਲ ਦਾ ਆਫੀਸਰ ਆਨ ਸਪੈਸ਼ਲ ਡਿਊਟੀ ਸੀ, ਨੂੰ ਜਨਰਲ ਸਕੱਤਰ, ਸਕੱਤਰਾਂ ਵਿਚ ਕੰਵਰਵੀਰ ਸਿੰਘ ਟੌਹੜਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਦੋਹਤਾ, ਅਮਰਪਾਲ ਸਿੰਘ ਬੋਨੀ ਸਾਬਕਾ ਵਿਧਾਨਕਾਰ ਨੂੰ ਓਬੀਸੀ ਵਿੰਗ ਦਾ ਮੁਖੀ, ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ ਲੋਕ ਸਭਾ ਮੈਂਬਰ ਕੋਰ ਕਮੇਟੀ ਸ਼ਾਮਲ ਹਨ।

ਇਸ ਸੂਚੀ ਤੋਂ ਸਾਫ਼ ਵਿਖਾਈ ਦਿੰਦਾ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਮਝੌਤਾ ਕਰਨ ਦੇ ਮੂਡ ਵਿਚ ਨਹੀਂ ਹੈ ਕਿਉਂਕਿ ਉਹ ਤਾਂ ਅਕਾਲੀ ਦਲ ਨੂੰ ਖੋਰਾ ਲਾਉਣ ਦੀਆਂ ਸਕੀਮਾ ਬਣਾ ਰਹੇ ਹਨ। ਹੁਣ ਬੀਜੇਪੀ ਦੇ ਅਕਾਲੀ ਦਲ ਬਾਦਲ ਨਾਲ ਸਮਝੌਤੇ ਦੀਆਂ ਅਟਕਲਾਂ ਖ਼ਤਮ ਹੋ ਗਈਆਂ ਹਨ।

ਸੁੰਦਰ ਸ਼ਾਮ ਅਰੋੜਾ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਫਸੇ ਹੋਣ ਕਰ ਕੇ ਕੋਈ ਅਹੁਦਾ ਨਹੀਂ ਦਿੱਤਾ ਗਿਆ। ਕਾਂਗਰਸ ਛੱਡ ਕੇ ਭਾਜਪਾ ਵਿਚ ਆਏ ਬਾਕੀ ਸਾਰੇ ਸਾਬਕਾ ਮੰਤਰੀਆਂ ਨੂੰ ਅਹੁਦੇਦਾਰੀਆਂ ਨਾਲ ਨਿਵਾਜਿਆ ਗਿਆ ਹੈ। ਦਿੱਲੀ ਦੀ ਸਰਹੱਦ 'ਤੇ ਕਿਸਾਨਾਂ-ਮਜ਼ਦੂਰਾਂ ਦੇ ਅੰਦੋਲਨ ਦੇ ਪ੍ਰਤੱਖ ਪ੍ਰਭਾਵ ਦਾ ਪ੍ਰਗਟਾਵਾ ਪੰਜਾਬ ਦੇ ਪਿੰਡਾਂ ਵਿਚ ਸਾਫ਼ ਵੇਖਣ ਨੂੰ ਮਿਲਦਾ ਸੀ। ਇਕ ਕਿਸਮ ਨਾਲ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦਾ ਭਾਰਤੀ ਜਨਤਾ ਪਾਰਟੀ ਨਾਲੋਂ ਮੋਹ ਭੰਗ ਹੋ ਗਿਆ ਸੀ। ਸੁਨੀਲ ਕੁਮਾਰ ਜਾਖੜ ਨੂੰ ਅਬੋਹਰ ਤੋਂ ਹਰਾਉਣ ਵਾਲੇ ਵਿਧਾਇਕ ਅਰੁਣ ਨਾਰੰਗ ਨੂੰ ਉਦੋਂ ਕਿਸਾਨਾਂ ਨੇ ਕੁੱਟਿਆ ਅਤੇ ਕੱਪੜੇ ਪਾੜ ਕੇ ਨੰਗਾ ਕਰ ਦਿੱਤਾ ਸੀ।

ਉਹੀ ਸੁਨੀਲ ਜਾਖੜ ਕਾਂਗਰਸ ਵਿੱਚੋਂ ਆ ਕੇ ਪੰਜਾਬ ਭਾਜਪਾ ਦਾ ਪ੍ਰਧਾਨ ਬਣ ਗਿਆ ਤੇ ਹੁਣ ਆਪਣੀ ਟੀਮ ਵਿਚ ਕਾਂਗਰਸੀਆਂ ਨੂੰ ਮੁੱਖ ਭੂਮਿਕਾ ਅਦਾ ਕਰਨ ਲਈ ਅਹੁਦੇਦਾਰੀਆਂ ਦੇ ਦਿੱਤੀਆਂ ਗਈਆਂ ਹਨ ਜਿਸ ਕਰਕੇ ਟਕਸਾਲੀ ਭਾਜਪਾਈ ਠੱਗਿਆ-ਠੱਗਿਆ ਮਹਿਸੂਸ ਕਰ ਰਹੇ ਹਨ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਸਿਆਸੀ ਪਾਰਟੀਆਂ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੇ ਨੇਤਾਵਾਂ 'ਤੇ ਨਹੀਂ ਸਗੋਂ ਮੌਕਾਪ੍ਰਸਤੀ ਵਾਲੇ ਨੇਤਾਵਾਂ ਨੂੰ ਪਹਿਲ ਦੇ ਰਹੀਆਂ ਹਨ।



ਸੁਨੀਲ ਕੁਮਾਰ ਜਾਖੜ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨਿਯੁਕਤ ਹੋਣ ਤੋਂ ਤਿੰਨ ਮਹੀਨੇ ਦੀ ਲਗਾਤਾਰ ਜਦੋਜਹਿਦ ਤੋਂ ਬਾਅਦ ਕੇਂਦਰੀ ਲੀਡਰਸ਼ਿਪ ਤੋਂ ਅਹੁਦੇਦਾਰੀਆਂ ਪ੍ਰਵਾਨ ਕਰਾਉਣ ਵਿਚ ਸਫਲ ਹੋਇਆ ਹੈ। ਕੇਂਦਰੀ ਲੀਡਰਸ਼ਿਪ ਟਕਸਾਲੀ ਭਾਜਪਾਈਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਸੀ ਜਿਹੜੇ ਔਖੀ ਘੜੀ ਵਿਚ ਪਾਰਟੀ ਨਾਲ ਡਟੇ ਰਹੇ ਹਨ। ਜਾਖੜ ਨੇ ਲੋਕ ਸਭਾ ਦੀਆਂ ਚੋਣਾਂ ਭਾਜਪਾ ਨੂੰ ਜਿਤਾਉਣ ਦੀ ਜ਼ਿੰਮੇਵਾਰੀ ਲਈ ਹੈ ਜਿਸ ਕਰ ਕੇ ਹਾਈ ਕਮਾਂਡ ਨੇ ਉਸ ਦੀ ਗੱਲ ਮੰਨ ਕੇ ਅਹੁਦੇਦਾਰੀਆਂ ਉਸ ਅਨੁਸਾਰ ਦਿੱਤੀਆਂ ਹਨ। ਸੁਨੀਲ ਜਾਖੜ ਨੂੰ ਆਪਣੇ ਪੁਰਾਣੇ ਸਾਥੀਆਂ 'ਤੇ ਜ਼ਿਆਦਾ ਮਾਣ ਹੈ ਜਿਹੜੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਏ ਹਨ। ਉਸ ਨੇ ਭਾਰਤੀ ਜਨਤਾ ਪਾਰਟੀ ਵਿਚ ਨਵੀਂ ਰੂਹ ਫੂਕਣ ਦੇ ਇਰਾਦੇ ਨਾਲ ਇਹ ਨਿਯੁਕਤੀਆਂ ਕੀਤੀਆਂ ਹਨ।

ਜਾਖੜ ਨੇ ਪੰਜਾਬ ਦੇ ਨਵੇਂ ਅਤੇ ਪੁਰਾਣੇ ਭਾਜਪਾਈਆਂ ਨੂੰ 67 ਅਹੁਦੇਦਾਰੀਆਂ ਵੰਡੀਆਂ ਹਨ ਜਿਨ੍ਹਾਂ ਵਿਚ ਕਾਂਗਰਸ ਅਤੇ ਅਕਾਲੀ ਦਲ 'ਚੋਂ ਆ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਨੇਤਾਵਾਂ ਨੂੰ 33 ਫ਼ੀਸਦੀ ਹਿੱਸਾ ਦਿੱਤਾ ਗਿਆ ਹੈ। ਇਸ ਸੂਚੀ ਵਿਚ ਨਵੇਂ ਤੇ ਪੁਰਾਣੇ ਨੇਤਾਵਾਂ ਨੂੰ ਬਰਾਬਰ ਦੀ ਅਹਿਮੀਅਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਪਰ ਜਾਖੜ ਵੱਲੋਂ ਸਮਤੁਲ ਰੱਖਣ ਦੀ ਕੋਸ਼ਿਸ਼ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੀਆਂ ਅਹੁਦੇਦਾਰੀਆਂ ਮਾਣਨ ਵਾਲੇ ਪੁਰਾਣੇ ਘਾਗ ਸੰਤੁਸ਼ਟ ਨਜ਼ਰ ਨਹੀਂ ਆ ਰਹੇ। ਸੁਨੀਲ ਜਾਖੜ ਖ਼ੁਦ ਪੰਜਾਬ ਕਾਂਗਰਸ 'ਚੋਂ ਆਏ ਹਨ, ਇਸ ਲਈ ਕੁਦਰਤੀ ਹੈ ਕਿ ਉਸ ਦੀ ਨਵੀਂ ਟੀਮ ਵਿਚ ਪੁਰਾਣੇ ਕਾਂਗਰਸੀਆਂ ਨੂੰ ਨਿਵਾਜਣਾ ਬਣਦਾ ਸੀ। ਭਾਰਤੀ ਜਨਤਾ ਪਾਰਟੀ ਦੀ ਟਕਸਾਲੀ ਲੀਡਰਸ਼ਿਪ ਖੁੱਲ੍ਹੇ ਤੌਰ 'ਤੇ ਤਾਂ ਸਾਹਮਣੇ ਨਹੀਂ ਆ ਰਹੀ ਪ੍ਰੰਤੂ ਇਸ ਸੂਚੀ ਵਿਚ ਟਕਸਾਲੀਆਂ ਨੂੰ ਅਣਡਿੱਠ ਕਰਨ ਨਾਲ ਘੁਸਰ-ਮੁਸਰ ਜ਼ਰੂਰ ਸ਼ੁਰੂ ਹੋ ਗਈ ਹੈ ਜਿਸ ਦਾ ਭਾਜਪਾ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ। ਟਕਸਾਲੀ ਭਾਜਪਾਈ ਪੰਜਾਬ ਇਕਾਈ ਵਿਚ ਨਵੇਂ ਬਣੇ ਭਾਜਪਾਈਆਂ ਬਾਰੇ ਇਕ ਕਹਾਵਤ '...ਸਿਵਿਆਂ ਵਿਚ ਅੱਧ' ਦੀ ਉਦਾਹਰਨ ਦਿੰਦੇ ਹੋਏ ਅਸੰਤੁਸ਼ਟੀ ਪ੍ਰਗਟ ਕਰ ਰਹੇ ਹਨ। ਇਸ ਸੂਚੀ ਵਿਚ ਦੋ ਸਾਬਕਾ ਆਈਏਐਸ ਅਧਿਕਾਰੀਆਂ ਜਗਮੋਹਨ ਸਿੰਘ ਰਾਜੂ ਅਤੇ ਸੁੱਚਾ ਰਾਮ ਲੱਧੜ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਭਾਵੇਂ ਸੂਚੀ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਨੂੰ ਵਧੇਰੇ ਪ੍ਰਤੀਨਿਧਤਾ ਦਿੱਤੀ ਗਈ ਹੈ, ਉਨ੍ਹਾਂ ਦੀ ਸਪੁੱਤਰੀ ਜੈਇੰਦਰ ਕੌਰ ਨੂੰ ਰਾਜ ਦੇ ਇਸਤਰੀ ਵਿੰਗ ਦਾ ਮੁਖੀ ਬਣਾਇਆ ਗਿਆ ਹੈ। ਉਂਜ ਵੇਖਿਆ ਜਾਵੇ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਸੀਨੀਅਰਿਟੀ ਅਨੁਸਾਰ ਉਨ੍ਹਾਂ ਨੂੰ ਕੋਰ ਕਮੇਟੀ ਦੀ ਥਾਂ ਕੇਂਦਰੀ ਇਕਾਈ ਵਿਚ ਸ਼ਾਮਲ ਕਰਨਾ ਬਣਦਾ ਸੀ। ਹੁਣ ਉਹ ਸੁਨੀਲ ਕੁਮਾਰ ਜਾਖੜ ਦੀ ਅਗਵਾਈ ਥੱਲੇ ਕੰਮ ਕਰਨਗੇ।

ਸਮਾਂ ਬੜਾ ਬਲਵਾਨ ਹੈ। ਕਾਂਗਰਸ ਵਿਚ ਹੁੰਦਿਆਂ ਸੁਨੀਲ ਜਾਖੜ ਕੈਪਟਨ ਅਮਰਿੰਦਰ ਸਿੰਘ ਦੇ ਜੂਨੀਅਰ ਸਨ। ਕਈ ਵਾਰੀ ਕੈਪਟਨ ਨੂੰ ਮਿਲਣ ਲੱਗਿਆਂ ਜਾਖੜ ਨੂੰ ਵੇਟਿੰਗ ਰੂਮ ਵਿਚ ਉਡੀਕ ਕਰਨੀ ਪੈਂਦੀ ਸੀ। ਹੁਣ ਸਮੇਂ ਨੇ ਕਰਵਟ ਲਈ ਹੈ। ਕੈਪਟਨ ਸਾਹਿਬ ਨੂੰ ਭਾਰਤੀ ਜਨਤਾ ਪਾਰਟੀ ਵਿਚ ਮਿਲਿਆ ਨਵਾਂ ਰੁਤਬਾ ਹਜ਼ਮ ਹੋਵੇਗਾ ਕਿ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ।

ਜਾਖੜ ਦੀ ਨਵੀਂ ਟੀਮ ਵਿਚ ਉਪ ਪ੍ਰਧਾਨ, ਜਨਰਲ ਸਕੱਤਰ, ਸਕੱਤਰ ਅਤੇ ਪਾਰਟੀ ਦੇ ਵਿੰਗਾਂ ਦੇ ਮੁਖੀ ਪਹਿਲੀਆਂ ਇਕਾਈਆਂ ਦੇ ਮੁਕਾਬਲੇ 40-60 ਸਾਲ ਉਮਰ ਵਾਲੇ ਸ਼ਾਮਲ ਕੀਤੇ ਹਨ ਕਿਉਂਕਿ ਇਨ੍ਹਾਂ ਨੇ ਹੀ ਪਾਰਟੀ ਨੂੰ ਸਰਗਰਮ ਕਰਨਾ ਹੁੰਦਾ ਹੈ। ਕੋਰ ਕਮੇਟੀ ਵਿਚ ਤਾਂ ਤਜਰਬੇਕਾਰ ਸੀਨੀਅਰ ਨੇਤਾ ਹੁੰਦੇ ਹਨ। ਪਾਰਟੀ ਨੂੰ ਲਾਮਬੰਦ ਕਰਨ ਵਿਚ ਨੌਜਵਾਨ ਨੇਤਾ ਸੁਚੱਜਾ ਯੋਗਦਾਨ ਪਾ ਸਕਦੇ ਹਨ। ਵੇਖਣ ਵਾਲੀ ਗੱਲ ਹੈ ਕਿ ਸੁਨੀਲ ਜਾਖੜ ਦੀ ਨਵੀਂ ਟੀਮ ਟਕਸਾਲੀ ਭਾਜਪਾਈਆਂ ਨੂੰ ਆਪਣੇ ਨਾਲ ਤੋਰਨ 'ਚ ਸਫਲ ਹੁੰਦੀ ਹੈ ਜਾਂ ਨਹੀਂ। ਮਈ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਜਾਖੜ ਦਾ ਭਵਿੱਖ ਨਿਰਧਾਰਤ ਕਰਨਗੇ।

# ਸੰਸਦ ਦੀ ਪੁਰਾਣੀ ਇਮਾਰਤ ਤੋਂ ਵਿਦਾਇਗੀ, ਨਵੀ 'ਚ ਕੰਮਕਾਜ ਆਰੰਭ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਦੀ ਪੁਰਾਣੀ ਇਮਾਰਤ ਨੂੰ ਵਿਦਾਇਗੀ ਦਿੰਦਿਆਂ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਤੇ ਉਨ੍ਹਾਂ ਮਗਰੋਂ ਇਸ ਅਹੁਦੇ 'ਤੇ ਬੈਠੇ ਆਗੂਆਂ- ਲਾਲ ਬਹਾਦਰ ਸ਼ਾਸਤਰੀ, ਇੰਦਰਾ ਗਾਂਧੀ, ਪੀ.ਵੀ.ਨਰਸਿਮ੍ਹਾ ਰਾਓ ਤੇ ਅਟਲ ਬਿਹਾਰੀ ਵਾਜਪਾਈ ਦੇ ਰੱਜ ਕੇ ਸੋਹਲੇ ਗਾਏ। ਸ੍ਰੀ ਮੋਦੀ ਨੇ ਲੋਕ ਸਭਾ ਨੂੰ ਮਨਮੋਹਨ ਸਿੰਘ ਸਰਕਾਰ ਵੇਲੇ ਹੋਏ 'ਕੈਸ਼ ਫਾਰ ਵੋਟ' (ਵੋਟ ਬਦਲੇ ਨੋਟ) ਘੁਟਾਲੇ ਬਾਰੇ ਵੀ ਚੇਤੇ ਕਰਵਾਇਆ। ਸ੍ਰੀ ਮੋਦੀ ਲੋਕ ਸਭਾ ਵਿੱਚ ''ਸੰਵਿਧਾਨ ਸਭਾ ਤੋਂ ਸ਼ੁਰੂ ਹੋ ਕੇ ਸੰਸਦ ਦੇ 75 ਸਾਲਾਂ ਦੇ ਸਫ਼ਰ- ਪ੍ਰਾਪਤੀਆਂ, ਤਜਰਬੇ, ਯਾਦਾਂ ਤੇ ਸਬਕਾਂ'' ਵਿਸ਼ੇ ਉੱਤੇ ਬਹਿਸ ਦੀ ਸ਼ੁਰੂਆਤ ਮੌਕੇ ਬੋਲ ਰਹੇ ਸਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵਾਜਪਾਈ ਸਰਕਾਰ ਸਮੇਂ ਤਿੰਨ ਨਵੇਂ ਰਾਜਾਂ ਉੱਤਰਾਖੰਡ, ਝਾਰਖੰਡ ਤੇ ਛੱਤੀਸਗੜ੍ਹ ਦੇ ਗਠਨ ਨਾਲ ਹਰ ਪਾਸੇ ਜਸ਼ਨ ਦਾ ਮਾਹੌਲ ਸੀ, ਪਰ (ਮਨਮੋਹਨ ਸਿੰਘ ਸਰਕਾਰ ਵੇਲੇ) ਜਦੋਂ ਆਂਧਰਾ ਪ੍ਰਦੇਸ਼ ਵਿਚੋਂ ਤਿਲੰਗਾਨਾ ਦਾ ਜਨਮ ਹੋਇਆ ਤਾਂ ਦੋਵਾਂ ਰਾਜਾਂ ਵਿੱਚ ਸਿਰਫ਼ ਕੁੜੱਤਣ ਤੇ ਖ਼ੂਨ-ਖਰਾਬਾ ਵੇਖਣ ਨੂੰ ਮਿਲਿਆ। ਸ੍ਰੀ ਮੋਦੀ ਨੇ ਪੁਰਾਣੀ ਸੰਸਦੀ ਇਮਾਰਤ ਦੀ 'ਹਰੇਕ ਇੱਟ' ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸੰਸਦ ਮੈਂਬਰ ਭਲਕੇ ਸੰਸਦ ਦੀ ਨਵੀਂ ਇਮਾਰਤ ਵਿੱਚ 'ਨਵੀਂ ਆਸ ਤੇ ਭਰੋਸੇ' ਨਾਲ ਦਾਖ਼ਲ ਹੋਣਗੇ। ਉਨ੍ਹਾਂ ਕਿਹਾ ਕਿ ਪੁਰਾਣੀ ਸੰਸਦੀ ਇਮਾਰਤ ਦੇ ਨਿਰਮਾਣ ਦਾ ਫੈਸਲਾ ਭਾਵੇਂ ਵਿਦੇਸ਼ੀ ਸ਼ਾਸਕਾਂ ਨੇ ਕੀਤਾ ਸੀ, ਪਰ ਇਮਾਰਤ ਭਾਰਤ ਦੇ ਲੋਕਾਂ ਦੀ ਸਖ਼ਤ ਮਿਹਨਤ, ਪਸੀਨੇ ਤੇ ਪੈਸੇ ਨਾਲ ਉਸਾਰੀ ਗਈ ਸੀ।

ਸ੍ਰੀ ਮੋਦੀ ਨੇ ਆਪਣੇ ਸੰਬੋਧਨ ਵਿੱਚ ਕਿਹਾ, ''ਇਸ ਇਮਾਰਤ ਨੂੰ ਵਿਦਾਇਗੀ ਦੇਣਾ ਬਹੁਤ ਭਾਵੁਕ ਪਲ ਹਨ। ਹੁਣ ਜਦੋਂ ਅਸੀਂ ਇਸ ਇਮਾਰਤ ਨੂੰ ਛੱਡਣ ਲੱਗੇ ਹਾਂ ਤਾਂ ਸਾਡਾ ਦਿਲੋ ਦਿਮਾਗ ਬਹੁਤ ਸਾਰੀਆਂ ਭਾਵਨਾਵਾਂ ਤੇ ਯਾਦਾਂ ਨਾਲ ਭਰਿਆ ਹੋਇਆ ਹੈ।''

ਪ੍ਰਧਾਨ ਮੰਤਰੀ ਨੇ ਆਪਣੀ 52 ਮਿੰਟਾਂ ਦੀ ਤਕਰੀਰ ਦੌਰਾਨ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਦੀ ਬਹਾਦਰੀ ਨੂੰ ਵੀ ਯਾਦ ਕੀਤਾ, ਜਿਨ੍ਹਾਂ ਸੁੱਤੇ ਪਏ ਬਰਤਾਨਵੀ ਸਾਮਰਾਜ ਨੂੰ ਨੀਂਦ 'ਚੋਂ ਜਗਾਉਣ ਲਈ ਇਸੇ ਸੰਸਦ ਵਿੱਚ ਬੰਬ ਸੁੱਟੇ ਸਨ। ਉਨ੍ਹਾਂ ਕਿਹਾ, ''ਉਸ ਬੰਬ ਦੀ ਗੂੰਜ ਅੱਜ ਦੇਸ਼ ਦਾ ਭਲਾ ਚਾਹੁਣ ਵਾਲਿਆਂ ਦੀ ਨੀਂਦ ਉਡਾਉਂਦੀ ਹੈ।'' ਸਿੰਘ ਤੇ ਦੱਤ ਨੇ ਦਿੱਲੀ ਕੇਂਦਰੀ ਵਿਧਾਨਕ ਅਸੈਂਬਲੀ (ਮੌਜੂਦਾ ਸੰਸਦ ਭਵਨ) ਵਿੱਚ ਬੰਬ ਸੁੱਟੇ ਸਨ।

ਸ੍ਰੀ ਮੋਦੀ ਨੇ ਕਿਹਾ ਕਿ ਪੰਡਿਤ ਨਹਿਰੂ ਨੇ ਇਸੇ ਸੰਸਦ ਵਿੱਚ 'ਮੱਧ ਰਾਤਰੀ ਨੂੰ' ਆਪਣੀ 'ਟਰਾਇਸਟ ਵਿਦ ਡੈਸਟਿਨੀ' (ਕਿਸਮਤ ਨਾਲ ਕੋਸ਼ਿਸ਼ ਕਰੋ) ਤਕਰੀਰ ਦਿੱਤੀ ਸੀ ਤੇ ਉਨ੍ਹਾਂ ਦੇ ਸ਼ਬਦ ਸਾਰਿਆਂ ਨੂੰ ਅੱਜ ਵੀ ਪ੍ਰੇਰਨਾ ਦਿੰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ, ''ਇਸੇ ਸਦਨ ਵਿੱਚ ਅਟਲਜੀ ਦੇ ਸ਼ਬਦ 'ਸਰਕਾਰੇਂ ਆਏਂਗੀ, ਜਾਏਂਗੀ; ਪਾਰਟੀਆਂ ਬਨੇਗੀਂ, ਬਿਗੜੇਗੀਂ; ਲੇਕਿਨ ਯੇਹ ਦੇਸ਼ ਰਹਿਨਾ ਚਾਹੀਏ'' ਅੱਜ ਵੀ ਸਾਡੇ ਜ਼ਿਹਨ ਵਿਚ ਗੂੰਜਦੇ ਹਨ।'' ਸ੍ਰੀ ਮੋਦੀ ਨੇ ਕਿਹਾ ਕਿ ਇਨ੍ਹਾਂ 75 ਸਾਲਾਂ ਦੀ ਸਭ ਤੋਂ ਵੱਡੀ ਉਪਲੱਬਧੀ ਹੈ ਕਿ ਆਮ ਲੋਕਾਂ ਦਾ ਸੰਸਦ 'ਤੇ ਭਰੋਸਾ ਵਧਿਆ ਹੈ। ਉਨ੍ਹਾਂ ਕਿਹਾ, ''ਅਸੀਂ ਸੰਸਦ ਦੀ ਨਵੀਂ ਇਮਾਰਤ ਵਿੱਚ ਤਬਦੀਲ ਹੋ ਰਹੇ ਹਾਂ, ਪਰ ਇਹ ਪੁਰਾਣੀ ਇਮਾਰਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ।'' ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਉਨ੍ਹਾਂ ਸਾਰਿਆਂ ਪੰਡਿਤ ਨਹਿਰੂ ਤੋਂ ਵਾਜਪਾਈ ਤੱਕ, ਨੂੰ ਜੀ ਆਇਆਂ ਕਹਿਣ ਦਾ ਮੌਕਾ ਹੈ, ਜਿਨ੍ਹਾਂ ਇਸ ਸਦਨ ਦੀ ਅਗਵਾਈ ਕੀਤੀ ਤੇ ਭਾਰਤ ਲਈ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਉਨ੍ਹਾਂ ਆਪਣੀ ਅਗਵਾਈ ਹੇਠ ਦੇਸ਼ ਨੂੰ ਨਵੀਂ ਦਿਸ਼ਾ ਦਿੱਤੀ ਤੇ ਅੱਜ ਮੌਕਾ ਹੈ ਕਿ ਉਨ੍ਹਾਂ ਦੀਆਂ ਉਪਲਬਧੀਆਂ 'ਤੇ ਚਾਨਣਾ ਪਾਇਆ ਜਾਵੇ। ਸ੍ਰੀ ਮੋਦੀ ਨੇ ਆਪਣੀ ਤਕਰੀਰ ਵਿੱਚ ਸਰਦਾਰ ਵੱਲਭਭਾਈ ਪਟੇਲ, ਚੰਦਰਸ਼ੇਖਰ ਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਵੀ ਯਾਦ ਕੀਤਾ, ਜਿਨ੍ਹਾਂ ਇਸ ਸਦਨ ਨੂੰ ਅਮੀਰ ਬਣਾਇਆ।

# ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਬਿੱਲ ਕੇਂਦਰੀ ਕੈਬਨਿਟ ਵੱਲੋਂ ਮਨਜ਼ੂਰ, ਕਾਂਗਰਸ ਵੀ ਸਰਕਾਰ ਦੇ ਨਾਲ

ਨਵੀਂ ਦਿੱਲੀ- ਪੰਜ ਰੋਜ਼ਾ ਵਿਸ਼ੇਸ਼ ਸੰਸਦੀ ਇਜਲਾਸ ਦੇ ਪਹਿਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰੀ ਕੈਬਨਿਟ ਨੇ ਸੋਮਵਾਰ ਸ਼ਾਮੀਂ ਬੈਠਕ ਕਰਕੇ ਮਹਿਲਾ ਰਾਖਵਾਂਕਰਨ ਬਿੱਲ ਨੂੰ ਰਸਮੀ ਮਨਜ਼ੂਰੀ ਦੇ ਦਿੱਤੀ ਹੈ। ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਤੇ ਜਲ ਸ਼ਕਤੀ ਬਾਰੇ ਰਾਜ ਮੰਤਰੀ ਪ੍ਰਹਿਲਾਦ ਸਿੰਘ ਪਟੇਲ ਨੇ ਐਕਸ 'ਤੇ ਪਾਈ ਇਕ ਪੋਸਟ ਵਿੱਚ ਬਿੱਲ ਨੂੰ ਹਰੀ ਝੰਡੀ ਦਿੱਤੇ ਜਾਣ ਦੀ ਪੁਸ਼ਟੀ ਕੀਤੀ ਹੈ। ਦੱਸਣਾ ਬਣਦਾ ਹੈ ਕਿ ਰਾਜ ਸਭਾ ਇਸ ਬਿੱਲ ਨੂੰ ਪਹਿਲਾਂ ਹੀ ਹਰੀ ਝੰਡੀ ਦੇ ਚੁੱਕੀ ਹੈ। ਕੇਂਦਰੀ ਕੈਬਨਿਟ ਦੀ ਮੋਹਰ ਮਗਰੋਂ ਇਹ ਬਿੱਲ ਲੋਕ ਸਭਾ ਵਿੱਚ ਪੇਸ਼ ਕੀਤਾ ਜਾਵੇਗਾ। ਬਿੱਲ ਵਿਚ ਮਹਿਲਾਵਾਂ ਨੂੰ ਲੋਕ ਸਭਾ ਤੇ ਸੂਬਾਈ ਅਸੈਂਬਲੀਆਂ ਵਿਚ 33 ਫ਼ੀਸਦ ਰਾਖਵਾਂਕਰਨ ਦੇਣ ਦੀ ਵਿਵਸਥਾ ਰੱਖੀ ਗਈ ਹੈ। ਇਸ ਦੌਰਾਨ ਕਾਂਗਰਸ ਨੇ ਮੋਦੀ ਸਰਕਾਰ ਦੀ ਇਸ ਪੇਸ਼ਕਦਮੀ ਦਾ ਸਵਾਗਤ ਕੀਤਾ ਹੈ। ਪਾਰਟੀ ਦੇ ਤਰਜਮਾਨ ਜੈਰਾਮ ਰਮੇਸ਼ ਨੇ ਐਕਸ 'ਤੇ ਇਕ ਪੋਸਟ ਵਿੱਚ ਕਿਹਾ, ''ਕਾਂਗਰਸ ਪਾਰਟੀ ਵੱਲੋਂ ਲੰਮੇਂ ਸਮੇਂ ਤੋਂ ਮਹਿਲਾ ਰਾਖਵਾਂਕਰਨ ਲਾਗੂ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਸੀ। ਅਸੀਂ ਫੈਸਲੇ ਦਾ ਸਵਾਗਤ ਕਰਦੇ ਹਾਂ ਤੇ ਸਾਨੂੰ ਬਿੱਲ ਦੇ ਵੇਰਵਿਆਂ ਦੀ ਉਡੀਕ ਹੈ। ਰਹੱਸ ਬਣਾ ਦੇ ਰੱਖਣ ਦੀ ਥਾਂ ਬਿੱਲ ਬਾਰੇ ਸਹਿਮਤੀ ਵੀ ਬਣਾਈ ਜਾ ਸਕਦੀ ਸੀ।''

ਕੇਂਦਰੀ ਮੰਤਰੀ ਪਟੇਲ ਨੇ ਐਕਸ 'ਤੇ ਕਿਹਾ, ''ਸਿਰਫ਼ ਮੋਦੀ ਸਰਕਾਰ ਨੇ ਮਹਿਲਾ ਰਾਖਵਾਂਕਰਨ ਦੀ ਮੰਗ ਨੂੰ ਪੂਰਾ ਕਰਨ ਦੀ ਨੈਤਿਕ ਦਲੇਰੀ ਦਿਖਾਈ ਹੈ। ਕੈਬਨਿਟ ਨੇ ਬਿੱਲ ਨੂੰ ਰਸਮੀ ਮਨਜ਼ੂਰੀ ਦੇ ਦਿੱਤੀ ਹੈ। ਨਰਿੰਦਰ ਮੋਦੀ ਜੀ ਵਧਾਈਆਂ ਤੇ ਮੋਦੀ ਸਰਕਾਰ ਨੂੰ ਵਧਾਈਆਂ।'' ਸਰਕਾਰ ਨੇ ਹਾਲਾਂਕਿ ਕੈਬਨਿਟ ਮੀਟਿੰਗ ਦੇ ਏਜੰਡੇ ਵਿੱਚ ਸ਼ਾਮਲ ਹੋਰਨਾਂ ਆਈਟਮਾਂ ਬਾਰੇ ਅਧਿਕਾਰਤ ਤੌਰ 'ਤੇ ਕੋਈ ਜਾਣਕਾਰੀ ਨਹੀਂ ਦਿੱਤੀ। ਡੇਢ ਘੰਟੇ ਤੋਂ ਵੱਧ ਸਮਾਂ ਚੱਲੀ ਕੈਬਨਿਟ ਮੀ-ਟਿੰਗ ਵਿਚ ਰਾਜਨਾਥ ਸਿੰਘ, ਅਮਿਤ ਸ਼ਾਹ, ਪਿਊਸ਼ ਗੋਇਲ, ਪ੍ਰਹਿਲਾਦ ਜੋਸ਼ੀ, ਐਸ. ਜੈਸ਼ੰਕਰ, ਨਿਰਮਲਾ ਸੀਤਾਰਮਨ, ਧਰਮੇਂਦਰ ਪ੍ਰਧਾਨ, ਨਿਤਿਨ ਗਡਕਰੀ ਅਤੇ ਅਰਜੁਨ ਰਾਮ ਮੇਘਵਾਲ ਸਣੇ ਹੋਰ ਕਈ ਕੇਂਦਰੀ ਮੰਤਰੀਆਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸੂਤਰਾਂ ਨੇ ਕਿਹਾ ਕਿ ਕਈ ਭਾਜਪਾ ਮੰਤਰੀਆਂ ਤੇ ਸੰਸਦ ਮੈਂਬਰਾਂ ਦੀ ਡਿਊਟੀ ਲਾਈ ਗਈ ਹੈ ਕਿ ਉਹ ਆਉਂਦੇ ਦਿਨਾਂ ਵਿੱਚ ਸੰਸਦ ਵਿੱਚ ਮਹਿਲਾ ਮੈਂਬਰਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣ। ਚੇਤੇ ਰਹੇ ਕਿ ਸਰਕਾਰ ਨੇ ਜਿਸ ਦਿਨ ਪੰਜ ਰੋਜ਼ਾ (18 ਤੋਂ 22 ਸਤੰਬਰ) ਵਿਸ਼ੇਸ਼ ਇਜਲਾਸ ਸੱਦਣ ਦਾ ਐਲਾਨ ਕੀਤਾ ਹੈ, ਉਦੋਂ ਤੋਂ ਮਹਿਲਾ ਰਾਖਵਾਂਕਰਨ ਬਿਲ ਸਣੇ ਕਈ ਬਿੱਲਾਂ ਨੂੰ ਲੈ ਕੇ ਅਟਕਲਾਂ ਸਿਖਰ 'ਤੇ ਸਨ। ਕੁਝ ਨੇ ਤਾਂ ਇਥੋਂ ਤੱਕ ਆਖ ਦਿੱਤਾ ਸੀ ਕਿ ਮੋਦੀ ਸਰਕਾਰ ਸਮੇਂ ਤੋਂ ਪਹਿਲਾਂ ਲੋਕ ਸਭਾ ਚੋਣਾਂ ਦਾ ਐਲਾਨ ਕਰ ਸਕਦੀ ਹੈ ਜਾਂ ਫਿਰ 'ਇਕ ਦੇਸ਼ ਇਕ ਚੋਣ' ਨੂੰ ਲੈ ਕੇ ਵੀ ਬਿੱਲ ਲਿਆਂਦਾ ਜਾ ਸਕਦਾ ਹੈ। ਉਂਜ ਵੱਖ ਵੱਖ ਪਾਰਟੀਆਂ ਵੱਲੋਂ ਸਿਆਸੀ ਸਫ਼ਾਂ ਤੋਂ ਉਪਰ ਉਠ ਕੇ ਮਹਿਲਾ ਰਾਖਵਾਂਕਰਨ ਬਿੱਲ ਪੇਸ਼ ਕੀਤੇ ਜਾਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਸੂਤਰਾਂ ਨੇ ਕਿਹਾ ਕਿ ਸਰਕਾਰ ਵਿਸ਼ੇਸ਼ ਇਜਲਾਸ ਦੌਰਾਨ ਮੁੱਖ ਚੋਣ ਕਮਿਸ਼ਨਰ ਤੇ ਹੋਰਨਾਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਨਾਲ ਸਬੰਧਤ ਬਿੱਲ ਪੇਸ਼ ਕਰਨ ਲਈ ਸ਼ਾਇਦ ਦਬਾਅ ਨਾ ਬਣਾਏ। ਸੂਤਰਾਂ ਮੁਤਾਬਕ ਵਿਰੋਧੀ ਧਿਰਾਂ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰਾਂ ਸਣੇ ਹੋਰਨਾਂ ਵੱਲੋਂ ਬਿੱਲ ਵਿਚਲੀਆਂ ਵਿਵਸਥਾਵਾਂ ਦਾ ਵਿਰੋਧ ਕੀਤੇ ਜਾਣ ਕਰਕੇ ਸਰਕਾਰ ਨਰਮ ਪੈ ਗਈ ਹੈ।



ਸੂਤਰਾਂ ਨੇ ਕਿਹਾ ਕਿ ਸਰਕਾਰ ਅੰਦਰ ਹੀ ਇਕ ਵਿਚਾਰ ਇਹ ਵੀ ਹੈ ਕਿ ਬਿੱਲ ਨੂੰ ਕਾਨੂੰਨ ਤੇ ਨਿਆਂ ਬਾਰੇ ਸਟੈਂਡਿੰਗ ਕਮੇਟੀ ਦੇ ਹਵਾਲੇ ਕੀਤਾ ਜਾਵੇ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ 10 ਅਗਸਤ ਨੂੰ ਇਹ ਬਿੱਲ ਰਾਜ ਸਭਾ ਵਿੱਚ ਰੱਖਿਆ ਸੀ। ਸਾਬਕਾ ਮੁੱਖ ਚੋਣ ਕਮਿਸ਼ਨਰਾਂ ਐਨ. ਗੋਪਾਲਾਸਵਾਮੀ, ਵੀ.ਐਸ.ਸੰਪਤ ਤੇ ਐਸ.ਵਾਈ. ਕੁਰੈਸ਼ੀ ਸਣੇ ਹੋਰਨਾਂ ਨੇ ਸ਼ਨਿੱਚਰਵਾਰ ਨੂੰ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿੱਚ ਬਿੱਲ ਵਿਚਲੀ ਉਸ ਵਿਵਸਥਾ ਦਾ ਵਿਰੋਧ ਕੀਤਾ ਸੀ, ਜਿਸ ਵਿੱਚ ਮੁੱਖ ਚੋਣ ਕਮਿਸ਼ਨਰ ਤੇ ਹੋਰਨਾਂ ਚੋਣ ਕਮਿਸ਼ਨਰਾਂ ਨੂੰ ਕੈਬਨਿਟ ਸਕੱਤਰ ਦੇ ਬਰਾਬਰ ਰੱਖਿਆ ਗਿਆ ਸੀ।

# ਕਦੋਂ ਤੋਂ ਜਾਰੀ ਹੈ ਔਰਤਾਂ ਲਈ ਰਾਖਵਾਂਕਰਨ ਬਿੱਲ 'ਤੇ ਰੇੜਕਾ

ਸੰਸਦ ਦਾ ਪੰਜ ਦਿਨਾਂ ਦਾ ਵਿਸ਼ੇਸ਼ ਸੈਸ਼ਨ ਸੋਮਵਾਰ ਤੋਂ ਸ਼ੁਰੂ ਹੋਇਆ। ਸੰਸਦ ਦੀ ਪੁਰਾਣੀ ਇਮਾਰਤ ਵਿੱਚ ਸ਼ੁਰੂ ਹੋਇਆ ਇਹ ਸੈਸ਼ਨ ਸੰਸਦ ਦੀ ਨਵੀਂ ਇਮਾਰਤ ਵਿੱਚ ਖ਼ਤਮ ਹੋਵੇਗਾ। ਸੋਮਵਾਰ ਸ਼ਾਮ ਕੇਂਦਰੀ ਕੈਬਨਿਟ ਦੀ ਮੀਟਿੰਗ ਵੀ ਹੋਈ। ਮੀਡੀਆ ਰਿਪੋਰਟਾਂ ਮੁਤਾਬਕ ਮੋਦੀ ਕੈਬਨਿਟ ਨੇ ਮਹਿਲਾ ਰਾਖਵਾਂਕਰਨ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਬਿੱਲ ਲੰਘੇ 27 ਸਾਲ ਤੋਂ ਲਟਕਿਆ ਹੋਇਆ ਹੈ। ਕੈਬਨਿਟ ਦਾ ਫ਼ੈਸਲਾ ਜਨਤਕ ਤਾਂ ਨਹੀਂ ਹੋਇਆ ਹੈ ਪਰ ਕੇਂਦਰੀ ਮੰਤਰੀ ਪ੍ਰਹਲਾਦ ਸਿੰਘ ਪਟੇਲ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ, ਹਾਲਾਂਕਿ ਬਾਅਦ ਵਿੱਚ ਉਨ੍ਹਾਂ ਨੇ ਆਪਣਾ ਟਵੀਟ ਡਿਲੀਟ ਕਰ ਦਿੱਤਾ। ਇਸ ਤੋਂ ਬਾਅਦ ਇਸ ਗੱਲ ਦੀ ਚਰਚਾ ਤੇਜ਼ ਹੋ ਗਈ ਕਿ ਸਰਕਾਰ ਵਿਸ਼ੇਸ਼ ਸੈਸ਼ਨ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਪੇਸ਼ ਕਰ ਸਕਦੀ ਹੈ। ਮਹਿਲਾ ਰਾਖਵਾਂਕਰਨ ਬਿੱਲ ਸੋਮਵਾਰ ਨੂੰ ਲੋਕਸਭਾ ਵਿੱਚ ਵੀ ਚਰਚਾ ਵਿੱਚ ਰਿਹਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੁਰਾਣੇ ਸੰਸਦ ਭਵਨ ਵਿੱਚ ਆਪਣੇ ਆਖ਼ਰੀ ਭਾਸ਼ਣ 'ਚ ਕਿਹਾ ਕਿ ਦੋਵਾਂ ਸਦਨਾਂ ਵਿੱਚ ਹੁਣ ਤੱਕ 7500 ਤੋਂ ਜ਼ਿਆਦਾ ਜਨ ਪ੍ਰਤੀਨਿਧੀਆਂ (ਲੋਕਾਂ ਦੇ ਨੁਮਾਇੰਦਿਆਂ) ਨੇ ਕੰਮ ਕੀਤਾ ਹੈ, ਜਦਕਿ ਮਹਿਲਾ ਨੁਮਾਇੰਦਿਆਂ ਦੀ ਗਿਣਤੀ ਕਰੀਬ 600 ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਔਰਤਾਂ ਦੇ ਯੋਗਦਾਨ ਨੇ ਸਦਨ ਦਾ ਮਾਣ ਵਧਾਉਣ ਵਿੱਚ ਮਦਦ ਕੀਤੀ ਹੈ। ਇਸ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਪਿਛਲੇ 75 ਸਾਲਾਂ ਵਿੱਚ ਕਾਂਗਰਸ ਸਰਕਾਰਾਂ ਦੇ ਕੰਮਕਾਜ ਦਾ ਲੇਖਾ-ਜੋਖਾ ਪੇਸ਼ ਕੀਤਾ। ਇਸ ਦੌਰਾਨ ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਮਹਿਲਾ ਰਾਖਵਾਂਕਰਨ ਬਿੱਲ ਚੇਤੇ ਕਰਵਾਇਆ ਸੀ।

**ਮਹਿਲਾ ਰਾਖਵਾਂਕਰਨ ਬਿੱਲ ਕੀ ਹੈ?**

ਮਹਿਲਾ ਰਾਖਵਾਂਕਾਰਨ ਬਿੱਲ 1996 ਤੋਂ ਹੀ ਅੱਧ-ਵਿਚਾਲੇ ਲਟਕਿਆ ਹੋਇਆ ਹੈ। ਉਸ ਸਮੇਂ ਐੱਚ ਡੀ ਦੇਵਗੌੜਾ ਸਰਕਾਰ ਨੇ 12 ਸਤੰਬਰ 1996 ਨੂੰ ਇਸ ਬਿੱਲ ਨੂੰ ਸੰਸਦ ਵਿੱਚ ਪੇਸ਼ ਕੀਤਾ ਸੀ। ਪਰ ਇਹ ਬਿੱਲ ਪਾਰਿਤ ਨਹੀਂ ਹੋ ਸਕਿਆ ਸੀ। ਇਹ ਬਿੱਲ 81ਵੇਂ ਸੰਵਿਧਾਨ ਸੋਧ ਬਿੱਲ ਦੇ ਰੂਪ ਵਿੱਚ ਪੇਸ਼ ਹੋਇਆ ਸੀ। ਬਿੱਲ ਵਿੱਚ ਸੰਸਦ ਅਤੇ ਸੂਬਿਆਂ ਦੀਆਂ ਵਿਧਾਨਸਭਾਵਾਂ 'ਚ ਔਰਤਾਂ ਦੇ ਲਈ 33 ਫੀਸਦੀ ਰਾਖਵਾਂਕਰਨ ਦਾ ਮਤਾ ਸੀ। ਇਸ 33 ਫੀਸਦੀ ਰਾਖਵੇਂਕਰਨ ਅੰਦਰ ਹੀ ਅਨੁਸੂਚਿਤ ਜਾਤੀ (ਐਸਸੀ), ਅਨੁਸੂਚਿਤ ਜਨਜਾਤੀ (ਐਸਟੀ) ਲਈ ਉਪ-ਰਾਖਵੇਂਕਰਨ ਦਾ ਮਤਾ ਸੀ। ਪਰ ਹੋਰ ਪੱਛੜੇ ਵਰਗਾਂ ਲਈ ਰਾਖਵਾਂਕਰਨ ਦਾ ਮਤਾ ਨਹੀਂ ਸੀ। ਇਸ ਬਿੱਲ ਵਿੱਚ ਮਤਾ ਹੈ ਕਿ ਲੋਕਸਭਾ ਦੀ ਹਰ ਚੋਣ ਤੋਂ ਬਾਅਦ ਰਾਖਵੀਆਂ ਸੀਟਾਂ ਨੂੰ ਰੋਟੇਟ ਕੀਤਾ ਜਾਣਾ ਚਾਹੀਦਾ ਹੈ। ਰਾਖਵੀਆਂ ਸੀਟਾਂ ਸੂਬੇ ਜਾਂ ਕੇਂਦਰ ਸ਼ਾਸਿਤ ਸੂਬੇ ਦੇ ਵੱਖ-ਵੱਖ ਚੋਣ ਹਲਕਿਆਂ ਵਿੱਚ ਰੋਟੇਸ਼ਨ ਰਾਹੀਂ ਵੰਡੀਆਂ ਜਾ ਸਕਦੀਆਂ ਹਨ। ਇਸ ਸੋਧ ਬਿੱਲ ਦੇ ਲਾਗੂ ਹੋਣ ਦੇ 15 ਸਾਲਾਂ ਬਾਅਦ ਔਰਤਾਂ ਲਈ ਸੀਟਾਂ ਦਾ ਰਾਖਵਾਂਕਰਨ ਖ਼ਤਮ ਹੋ ਜਾਵੇਗਾ।

**ਮਹਿਲਾ ਰਾਖਵਾਂਕਰਨ ਬਿੱਲ ਉੱਤੇ ਸਿਆਸਤ**

ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ 1998 ਵਿੱਚ ਲੋਕਸਭਾ ਵਿੱਚ ਫ਼ਿਰ ਮਹਿਲਾ ਰਾਖਵਾਂਕਰਨ ਬਿੱਲ ਨੂੰ ਪੇਸ਼ ਕੀਤਾ ਸੀ। ਕਈ ਪਾਰਟੀਆਂ ਦੇ ਸਹਿਯੋਗ ਨਾਲ ਚੱਲ ਰਹੀ ਵਾਜਪਾਈ ਸਰਕਾਰ ਨੂੰ ਇਸ ਨੂੰ ਲੈ ਕੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਇਹ ਬਿੱਲ ਪਾਸ ਨਹੀਂ ਸਕਿਆ। ਵਾਜਪਾਈ ਸਰਕਾਰ ਨੇ ਇਸ ਨੂੰ 1999, 2002 ਅਤੇ 2003-2004 ਵਿੱਚ ਵੀ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਸਫ਼ਲ ਨਹੀਂ ਹੋਈ। ਭਾਜਪਾ ਸਰਕਾਰ ਜਾਣ ਤੋਂ ਬਾਅਦ 2004 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਸੱਤਾ ਵਿੱਚ ਆਈ ਅਤੇ ਡਾਕਟਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ। ਯੂਪੀਏ ਸਰਕਾਰ ਨੇ 2008 ਵਿੱਚ ਇਸ ਬਿੱਲ ਨੂੰ 108ਵੇਂ ਸੰਵਿਧਾਨ ਸੋਧ ਬਿੱਲ ਦੇ ਰੂਪ ਵਿੱਚ ਰਾਜਸਭਾ ਵਿੱਚ ਪੇਸ਼ ਕੀਤਾ। ਉੱਥੇ ਇਹ ਬਿੱਲ 9 ਮਾਰਚ 2010 ਨੂੰ ਭਾਰੀ ਬਹੁਮਤ ਨਾਲ ਪਾਸ ਹੋਇਆ। ਭਾਜਪਾ, ਖੱਬੇ ਪੱਖੀ ਪਾਰਟੀਆਂ ਅਤੇ ਜੇਡੀਯੂ ਨੇ ਬਿੱਲ ਦਾ ਸਮਰਥਨ ਕੀਤਾ ਸੀ। ਯੂਪੀਏ ਸਰਕਾਰ ਨੇ ਇਸ ਬਿੱਲ ਨੂੰ ਲੋਕ ਸਭਾ ਵਿੱਚ ਪੇਸ਼ ਨਹੀਂ ਕੀਤਾ। ਇਸ ਦਾ ਵਿਰੋਧ ਕਰਨ ਵਾਲਿਆਂ ਵਿੱਚ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਸ਼ਾਮਲ ਸਨ। ਇਹ ਦੋਵੇਂ ਪਾਰਟੀਆਂ ਯੂਪੀਏ ਦਾ ਹਿੱਸਾ ਸਨ। ਕਾਂਗਰਸ ਨੂੰ ਡਰ ਸੀ ਕਿ ਜੇ ਉਸ ਨੇ ਬਿੱਲ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਤਾਂ ਉਸ ਦੀ ਸਰਕਾਰ ਖ਼ਤਰੇ ਵਿੱਚ ਪੈ ਸਕਦੀ ਹੈ। ਸਾਲ 2008 ਵਿੱਚ ਇਸ ਬਿੱਲ ਨੂੰ ਕਾਨੂੰਨ ਅਤੇ ਨਿਆਂ ਸਬੰਧੀ ਸਥਾਈ ਸਮਿਤੀ ਨੂੰ ਭੇਜਿਆ ਗਿਆ ਸੀ। ਇਸ ਦੇ ਦੋ ਮੈਂਬਰ ਵੀਰੇਂਦਰ ਭਾਟੀਆ ਅਤੇ ਸ਼ੈਲੇਂਦਰ ਕੁਮਾਰ ਸਮਾਜਵਾਦੀ ਪਾਰਟੀ ਦੇ ਸਨ। ਇਨ੍ਹਾਂ ਲੋਕਾਂ ਨੇ ਕਿਹਾ ਕਿ ਉਹ ਮਹਿਲਾ ਰਾਖਵਾਂਕਰਨ ਦੇ ਵਿਰੋਧੀ ਨਹੀਂ ਹਨ। ਪਰ ਜਿਸ ਤਰ੍ਹਾਂ ਇਸ ਬਿੱਲ ਦਾ ਖਰੜਾ ਤਿਆਰ ਕੀਤਾ ਗਿਆ, ਉਸ ਉਸ ਨਾਲ ਸਹਿਮਤ ਨਹੀਂ ਸਨ। ਇਨ੍ਹਾਂ ਦੋਵੇਂ ਮੈਂਬਰਾਂ ਦੀ ਸਿਫ਼ਾਰਿਸ਼ ਸੀ ਕਿ ਹਰ ਰਾਜਨੀਤਿਕ ਪਾਰਟੀ ਆਪਣੇ 20 ਫੀਸਦੀ ਟਿਕਟ ਔਰਤਾਂ ਨੂੰ ਦੇਵੇ ਅਤੇ ਮਹਿਲਾ ਰਾਖਵਾਂਕਾਰਨ 20 ਫੀਸਦੀ ਤੋਂ ਵੱਧ ਨਾ ਹੋਵੇ। ਸਾਲ 2014 ਵਿੱਚ ਲੋਕ ਸਭਾ ਭੰਗ ਹੋਣ ਤੋਂ ਬਾਅਦ ਇਹ ਬਿੱਲ ਆਪਣੇ ਆਪ ਖ਼ਤਮ ਹੋ ਗਿਆ। ਪਰ ਰਾਜ ਸਭਾ ਸਥਾਈ ਸਦਨ ਹੈ, ਇਸ ਲਈ ਇਹ ਬਿੱਲ ਹਾਲੇ ਵੀ ਜ਼ਿੰਦਾ ਹੈ। ਹੁਣ ਇਸ ਨੂੰ ਲੋਕ ਸਭਾ ਵਿੱਚ ਨਵੇਂ ਸਿਰੇ ਤੋਂ ਪੇਸ਼ ਕਰਨਾ ਪਵੇਗਾ। ਜੇ ਲੋਕਸਭਾ ਇਸ ਨੂੰ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਜੇ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ ਤਾਂ 2024 ਦੀਆਂ ਚੋਣਾਂ ਵਿੱਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਮਿਲ ਜਾਵੇਗਾ। ਇਸ ਨਾਲ ਲੋਕ ਸਭਾ ਦੀ ਹਰ ਤੀਜੀ ਮੈਂਬਰ ਔਰਤ ਹੋਵੇਗੀ।




**ਰਾਖਵਾਂਕਰਨ ਉੱਤੇ ਭਾਜਪਾ ਤੇ ਕਾਂਗਰਸ ਇਕੱਠੇ**

ਸਾਲ 2014 ਵਿੱਚ ਸੱਤਾ 'ਚ ਆਈ ਭਾਜਪਾ ਸਰਕਾਰ ਨੇ ਆਪਣੇ ਪਹਿਲੇ ਕਾਰਜਕਾਲ ਵਿੱਚ ਇਸ ਬਿੱਲ ਵੱਲ ਧਿਆਨ ਨਹੀਂ ਦਿੱਤਾ। ਨਰਿੰਦਰ ਮੋਦੀ ਸਰਕਾਰ ਨੇ ਆਪਣੇ ਦੂਜੇ ਕਾਰਜਕਾਲ ਵਿੱਚ ਇਸ ਨੂੰ ਪੇਸ਼ ਕਰਨ ਦਾ ਮਨ ਬਣਾਇਆ ਹੈ। ਹਾਲਾਂਕਿ ਭਾਜਪਾ ਨੇ 2014 ਅਤੇ 2019 ਦੇ ਚੋਣ ਮਨੋਰਥ ਪੱਤਰ ਵਿੱਚ 33 ਫੀਸਦੀ ਮਹਿਲਾ ਰਾਖਵੇਂਕਰਨ ਦਾ ਵਾਅਦਾ ਕੀਤਾ ਸੀ। ਇਸ ਮੁੱਦੇ ਉੱਤੇ ਉਸ ਨੂੰ ਮੁੱਖ ਵਿਰੋਧੀ ਪਾਰਟੀ ਕਾਂਗਰਸ ਦਾ ਵੀ ਸਮਰਥਨ ਹਾਸਲ ਹੈ। ਕਾਂਗਰਸ ਸੰਸਦੀ ਦਲ ਦੀ ਆਗੂ ਸੋਨੀਆ ਗਾਂਧੀ ਨੇ 2017 ਵਿੱਚ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਇਸ ਬਿੱਲ ਉੱਤੇ ਸਰਕਾਰ ਦਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਸੀ। ਦੂਜੇ ਪਾਸੇ ਕਾਂਗਰਸ ਪ੍ਰਧਾਨ ਬਣਨ ਤੋਂ ਬਾਅਦ ਰਾਹੁਲ ਗਾਂਧੀ ਨੇ 16 ਜੁਲਾਈ 2018 ਨੂੰ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮਹਿਲਾ ਰਾਖਵਾਂਕਾਰਨ ਬਿੱਲ ਉੱਤੇ ਸਰਕਾਰ ਨੂੰ ਆਪਣੀ ਪਾਰਟੀ ਦੇ ਸਮਰਥਨ ਦੀ ਗੱਲ ਦੁਹਰਾਈ ਸੀ। ਸੋਮਵਾਰ ਨੂੰ ਕੈਬਨਿਟ ਦੀ ਬੈਠਕ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਮਨਜ਼ੂਰੀ ਮਿਲਣ ਦੀ ਗੱਲ ਸਾਹਮਣੇ ਆਉਣ ਤੋਂ ਬਾਅਦ ਕਾਂਗਰਸ ਨੇ ਇਸ ਮੁੱਦੇ ਨੂੰ ਚੁੱਕਿਆ। ਕਾਂਗਰਸ ਨੇ ਕਿਹਾ ਕਿ ਬਹੁਮਤ ਹੋਣ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਵਿੱਚ ਇਸ ਬਿੱਲ ਨੂੰ ਪਾਸ ਕਰਵਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਕਾਂਗਰਸ ਨੇ ਵਿਸ਼ੇਸ਼ ਸੈਸ਼ਨ ਵਿੱਚ ਇਸ ਬਿੱਲ ਨੂੰ ਪਾਸ ਕਰਵਾਉਣ ਦੀ ਮੰਗ ਕੀਤੀ ਹੈ। ਵਿਸ਼ੇਸ਼ ਸੈਸ਼ਨ ਤੋਂ ਪਹਿਲਾਂ ਸਰਕਾਰ ਨੇ ਸਾਰੀਆਂ ਪਾਰਟੀਆਂ ਦੀ ਮੀਟਿੰਗ ਸੱਦੀ ਸੀ। ਇਸ ਵਿੱਚ ਕਾਂਗਰਸ ਬੀਜੂ ਜਨਤਾ ਦਲ ਅਤੇ ਭਾਰਤ ਰਾਸ਼ਟਰ ਸਮਿਤੀ ਅਤੇ ਹੋਰ ਕਈ ਪਾਰਟੀਆਂ ਨੇ ਮਹਿਲਾ ਰਾਖਵਾਂਕਾਰਨ ਬਿੱਲ ਨੂੰ ਸੰਸਦ ਵਿੱਚ ਪੇਸ਼ ਕਰਨ ਉੱਤੇ ਜ਼ੋਰ ਦਿੱਤਾ ਸੀ।

ਇਸ ਸਮੇਂ ਲੋਕ ਸਭਾ ਵਿੱਚ 82 ਅਤੇ ਰਾਜ ਸਭਾ ਵਿੱਚ 31 ਮਹਿਲਾ ਮੈਂਬਰ ਹਨ। ਭਾਵ ਇਹ ਕਿ ਲੋਕ ਸਭਾ ਵਿੱਚ ਔਰਤਾਂ ਦੀ ਹਿੱਸੇਦਾਰੀ 15 ਫੀਸਦੀ ਅਤੇ ਰਾਜ ਸਭਾ ਵਿੱਚ 13 ਫੀਸਦੀ ਹੈ।

**ਮਹਿਲਾ ਰਾਖਵਾਂਕਰਨ ਬਿੱਲ ਦਾ ਕਾਲ ਚੱਕਰ**

ਇੰਦਿਰਾ ਗਾਂਧੀ 1975 ਵਿੱਚ ਪ੍ਰਧਾਨ ਮੰਤਰੀ ਸਨ ਤਾਂ 'ਟੁਵਰਡਸ ਇਕੁਐਲਿਟੀ' ਨਾਮ ਦੀ ਇੱਕ ਰਿਪੋਰਟ ਆਈ ਸੀ। ਇਸ ਵਿੱਚ ਹਰ ਖ਼ੇਤਰ 'ਚ ਔਰਤਾਂ ਦੀ ਸਥਿਤੀ ਦਾ ਬਿਓਰਾ ਦਿੱਤਾ ਗਿਆ ਸੀ। ਇਸ ਵਿੱਚ ਔਰਤਾਂ ਲਈ ਰਾਖਵੇਂਕਰਨ ਦੀ ਵੀ ਗੱਲ ਸੀ। ਇਸ ਰਿਪੋਰਟ ਨੂੰ ਤਿਆਰ ਕਰਨ ਵਾਲੀ ਕਮੇਟੀ ਦੇ ਜ਼ਿਆਦਾਤਰ ਮੈਂਬਰ ਰਾਖਵੇਂਕਰਨ ਦੇ ਖ਼ਿਲਾਫ਼ ਸਨ। ਪਰ ਔਰਤਾਂ ਚਾਹੁੰਦੀਆਂ ਸਨ ਕਿ ਉਹ ਰਾਖਵੇਂਕਰਨ ਦੇ ਰਾਸਤੇ ਨਹੀਂ ਸਗੋਂ ਆਪਣੇ ਬਲਬੂਤੇ ਉੱਤੇ ਸਿਆਸਤ ਵਿੱਚ ਆਉਣ। ਰਾਜੀਵ ਗਾਂਧੀ ਨੇ ਆਪਣੇ ਪ੍ਰਧਾਨ ਮੰਤਰੀ ਕਾਰਜ ਕਾਲ ਵਿੱਚ 1980 ਦੇ ਦਹਾਕੇ ਵਿੱਚ ਪੰਚਾਇਤ ਤੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਔਰਤਾਂ ਨੂੰ ਇੱਕ ਤਿਹਾਈ ਰਾਖਵਾਂਕਰਨ ਦਵਾਉਣ ਲਈ ਬਿੱਲ ਪਾਸ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਸੂਬਿਆਂ ਦੀਆਂ ਵਿਧਾਨਸਭਾਵਾਂ ਨੇ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਉਨ੍ਹਾਂ ਦੀਆਂ ਸ਼ਕਤੀਆਂ ਵਿੱਚ ਕਮੀ ਆਵੇਗੀ। ਪਹਿਲੀ ਵਾਰ ਮਹਿਲਾ ਰਾਖਵਾਂਕਾਰਨ ਬਿੱਲ ਨੂੰ ਐੱਚ ਡੀ ਦੇਵਗੌੜਾ ਸਰਕਾਰ ਨੇ 12 ਸਤੰਬਰ, 1996 ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਸਰਕਾਰ ਨੇ 81ਵੇਂ ਸੰਵਿਧਾਨ ਸੋਧ ਬਿੱਲ ਦੇ ਰੂਪ 'ਚ ਸੰਸਦ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਪੇਸ਼ ਕੀਤਾ। ਇਸ ਤੋਂ ਤੁਰੰਤ ਬਾਅਦ ਦੇਵਗੌੜਾ ਸਰਕਾਰ ਘੱਟ ਗਿਣਤੀ ਵਿੱਚ ਆ ਗਈ। ਦੇਵਗੌੜਾ ਸਰਕਾਰ ਨੂੰ ਸਮਰਥਨ ਦੇ ਰਹੇ ਮੁਲਾਇਮ ਸਿੰਘ ਯਾਦਵ ਅਤੇ ਲਾਲੂ ਪ੍ਰਸਾਦ ਯਾਦਵ ਮਹਿਲਾ ਰਾਖਵਾਂਕਰਨ ਬਿੱਲ ਦੇ ਵਿਰੋਧ ਵਿੱਚ ਸਨ।


ਜੂਨ 1997 ਵਿੱਚ ਫ਼ਿਰ ਇਸ ਬਿੱਲ ਨੂੰ ਪਾਸ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਉਸ ਸਮੇਂ ਸ਼ਰਦ ਯਾਦਵ ਨੇ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਸੀ, ''ਪਰਕਟੀ ਔਰਤਾਂ ਸਾਡੀਆਂ ਔਤਤਾਂ ਬਾਰੇ ਕੀ ਸਮਝਣਗੀਆਂ ਅਤੇ ਉਹ ਕੀ ਸੋਚਣਗੀਆਂ।'' 1998 ਵਿੱਚ 12ਵੀਂ ਲੋਕ ਸਭਾ 'ਚ ਅਟਲ ਬਿਹਾਰੀ ਵਾਜਪਾਈ ਦੀ ਐਨਡੀਏ ਸਰਕਾਰ ਆਈ। ਕਾਨੂੰਨ ਮੰਤਰੀ ਐਮ ਥੰਬੀਦੁਰਈ ਨੇ ਮਹਿਲਾ ਰਾਖਵਾਂਕਰਨ ਬਿੱਲ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਪਰ ਸਫ਼ਲਤਾ ਨਹੀਂ ਮਿਲੀ। ਐਨਡੀਏ ਸਰਕਾਰ ਨੇ 13ਵੀਂ ਲੋਕ ਸਭਾ ਵਿੱਚ 1999 'ਚ ਮੁੜ ਮਹਿਲਾ ਰਾਖਵਾਂਕਰਨ ਬਿੱਲ ਨੂੰ ਸੰਸਦ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਪਰ ਸਫ਼ਲਤਾ ਨਹੀਂ ਮਿਲੀ। ਵਾਜਪਾਈ ਸਰਕਾਰ ਨੇ 2003 ਵਿੱਚ ਇੱਕ ਵਾਰ ਫ਼ਿਰ ਮਹਿਲਾ ਰਾਖਵਾਂਕਰਨ ਬਿੱਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਪਰ ਪ੍ਰਸ਼ਨ ਕਾਲ ਵਿੱਚ ਹੀ ਜੰਮ ਕੇ ਹੰਗਾਮਾ ਹੋਇਆ ਅਤੇ ਬਿਲ ਪਾਸ ਨਹੀਂ ਹੋ ਸਕਿਆ।

ਐਨਡੀਏ ਸਰਕਾਰ ਤੋਂ ਬਾਅਦ ਸੱਤਾ ਵਿੱਚ ਆਈ ਯੂਪੀਏ ਸਰਕਾਰ ਨੇ 2010 ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਰਾਜ ਸਭਾ ਵਿੱਚ ਪੇਸ਼ ਕੀਤਾ। ਪਰ ਸਮਾਜਵਾਦੀ ਪਾਰਟੀ - ਰਾਸ਼ਟਰੀ ਜਨਤਾ ਦਲ ਨੇ ਸਰਕਾਰ ਤੋਂ ਸਮਰਥਨ ਵਾਪਸ ਲੈਣ ਦੀ ਧਮਕੀ ਦਿੱਤੀ। ਇਸ ਤੋਂ ਬਾਅਦ ਬਿੱਲ ਉੱਤੇ ਵੋਟਿੰਗ ਮੁਲਤਵੀ ਕਰ ਦਿੱਤੀ ਗਈ। ਬਾਅਦ ਵਿੱਚ 9 ਮਾਰਚ 2010 ਨੂੰ ਰਾਜ ਸਭਾ ਨੇ ਮਹਿਲਾ ਰਾਖਵਾਂਕਾਰਨ ਬਿੱਲ ਨੂੰ ਇੱਕ ਦੇ ਮੁਕਾਬਲੇ 186 ਵੋਟਾਂ ਦੇ ਭਾਰੀ ਬਹੁਮਤ ਨਾਲ ਪਾਸ ਕੀਤਾ। ਜਿਸ ਦਿਨ ਇਹ ਬਿੱਲ ਪਾਸ ਹੋਇਆ ਉਸੇ ਦਿਨ ਮਾਰਸ਼ਲਸ ਦਾ ਇਸਤੇਮਾਲ ਹੋਇਆ।

# ਅੰਗਰੇਜਾਂ ਦੀ ਈਨ ਨਾ ਮੰਨਣ ਵਾਲਾ ਨਾਭੇ ਦਾ ਰਾਜਾ ਰਿਪੁਦਮਨ ਸਿੰਘ

ਨਾਭਾ ਰਿਆਸਤ ਪੰਜਾਬ ਵਿੱਚ ਆਪਣੀ ਰੁਮਕਦੀ ਤੋਰ ਤੇ ਸ਼ਾਹੀ ਅੰਦਾਜ਼ ਲਈ ਜਾਣੀ ਜਾਂਦੀ ਹੈ। ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਜ਼ਿਕਰ ਤੋਂ ਬਿਨ੍ਹਾਂ ਸਿੱਖ ਰਾਜ ਦੀ ਗੱਲ ਮੁਕੰਮਲ ਨਹੀਂ ਹੋ ਸਕਦੀ। 9 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ 100 ਸਾਲਾ 'ਨਾਭਾ ਦਿਵਸ' ਮਨਾਇਆ। ਇਸ ਦੌਰਾਨ ਗੁਰਮਤਿ ਸਮਾਗਮ ਕਰਵਾਇਆ ਗਿਆ ਅਤੇ ਜੈਤੋਂ ਦੇ ਮੋਰਚੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਐਸਜੀਪੀਸੀ ਮੁਤਾਬਕ ਇਸ ਦਾ ਮੁੱਖ ਉਦੇਸ਼ ਆਪਣੇ ਮਾਣਮੱਤੇ ਇਤਿਹਾਸ ਪ੍ਰਤੀ ਸ਼ਰਧਾ ਦਿਖਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਇਤਿਹਾਸ ਦੇ ਅਹਿਮ ਪਾਤਰਾਂ ਤੋਂ ਜਾਣੂ ਕਰਵਾਉਣਾ ਵੀ ਸੀ। ਮਹਾਰਾਜਾ ਪਰਿਵਾਰ ਦੀ ਮੌਜੂਦਾ ਪੀੜ੍ਹੀ ਦਾ ਕਹਿਣਾ ਹੈ, "ਅਸੀਂ ਤਾਂ ਆਪਣੇ ਪੁਰਖਿਆਂ ਦੇ ਮੁਕਾਬਲੇ ਸਮਾਜ ਲਈ ਕੁਝ ਵੀ ਨਹੀਂ ਕੀਤਾ ਪਰ ਉਨ੍ਹਾਂ ਦੀ ਸੋਚ ਨੂੰ ਬਚਾਉਣ ਦੀ ਕੋਸ਼ਿਸ਼ ਜ਼ਰੂਰ ਕਰਾਂਗੇ।" ਜ਼ਿਕਰਯੋਗ ਹੈ ਕਿ ਨਾਭਾ ਰਿਆਸਤ ਫੂਲਕੀਆ ਮਿਸਲ ਦੀਆਂ ਤਿੰਨ ਰਿਆਸਤਾਂ ਵਿੱਚੋਂ ਇੱਕ ਸੀ। ਇਸ ਤੋਂ ਇਲਾਵਾ ਪਟਿਆਲਾ ਤੇ ਜੀਂਦ ਰਿਆਸਤਾਂ ਵੀ ਫੂਲਕੀਆਂ ਮਿਸਲ ਦਾ ਹਿੱਸਾ ਸਨ। ਨਾਭਾ ਫੂਲਕੀਆਂ ਰਿਆਸਤਾਂ ਦੀ ਰਾਜਧਾਨੀ ਸੀ ਤੇ ਇਹ ਰਿਆਸਤ ਅੰਗਰੇਜ਼ਾਂ ਖ਼ਿਲਾਫ਼ ਖੜੇ ਹੋਣ ਕਾਰਨ ਵੀ ਬਾਕੀਆਂ ਤੋਂ ਵੱਖਰੀ ਸੀ।







ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ 1923 ਦੌਰਾਨ ਬਰਤਾਨਵੀ ਸਰਕਾਰ ਵੱਲੋਂ ਜ਼ਬਰਦਸਤੀ ਰਾਜ ਗੱਦੀ ਤੋਂ ਲਾਹ ਦਿੱਤਾ ਗਿਆ ਸੀ। ਸਿੱਖ ਸਿਧਾਂਤ ਵਿੱਚ ਆਪਣੇ ਵਿਸ਼ਵਾਸ ਤੇ ਆਜ਼ਾਦ ਸੋਚ ਨਾਲ ਕੰਮ ਕਰਨ ਵਾਲੇ ਰਾਜਾ ਰਿਪੁਦਮਨ ਤੇ ਉਨ੍ਹਾਂ ਦੀ ਰਿਆਸਤ ਨਾਲ ਜੁੜੇ ਕੁਝ ਅਹਿਮ ਤੱਥਾਂ ਤੋਂ ਰੂਬਰੂ ਹੁੰਦੇ ਹਾਂ। ਜਿਸ ਜਗ੍ਹਾ ਇਹ ਸ਼ਹਿਰ ਵਸਿਆ ਉਹ ਦਿੱਲੀ ਤੇ ਲਾਹੌਰ ਦੇ ਇੱਕਦਮ ਵਿਚਕਾਰ (ਨਾਭੀ ਵਿੱਚ) ਸੀ, ਇਸੇ ਲਈ ਇਸ ਨੂੰ ਨਾਭਾ ਕਿਹਾ ਜਾਣ ਲੱਗਿਆ। ਹਮੀਰ ਸਿੰਘ ਨੇ ਨਾਭਾ ਦਾ ਵਿਸਥਾਰ ਵੀ ਕੀਤਾ ਸੀ। 1763-64 ਈਸਵੀ ਵਿੱਚ ਉਨ੍ਹਾਂ ਨੇ ਦਲ ਖ਼ਾਲਸਾ ਨਾਲ ਮਿਲ ਕੇ ਸਰਹਿੰਦ ਦੇ ਸੂਬੇ ਜੈਨ ਖਾਂ ਨੂੰ ਹਰਾ ਕੇ ਅਮਲੋਹ ਦਾ ਇਲਾਕਾ ਵੀ ਨਾਭਾ ਵਿੱਚ ਮਿਲਾ ਲਿਆ ਸੀ। 1783 ਈਸਵੀ ਵਿੱਚ ਹਮੀਰ ਸਿੰਘ ਦੀ ਮੌਤ ਤੋਂ ਬਾਅਦ, ਰਿਆਸਤੀ ਗੱਦੀ ਦੀ ਜ਼ਿੰਮੇਵਾਰੀ ਉਨ੍ਹਾਂ ਦੇ 8 ਸਾਲਾ ਪੁੱਤ ਜਸਵੰਤ ਸਿੰਘ ਦੇ ਮੋਢਿਆਂ 'ਤੇ ਆ ਗਈ। ਜਸਵੰਤ ਸਿੰਘ ਲੋਕ ਹੱਕਾਂ ਦੇ ਹਤੈਸ਼ੀ ਤੇ ਧਾਰਮਿਕ ਬਿਰਤੀ ਵਾਲੇ ਰਾਜਾ ਸਾਬਤ ਹੋਏ ਸਨ। ਉਨ੍ਹਾਂ ਤੋਂ ਬਾਅਦ 1846 ਈਸਵੀ ਵਿੱਚ ਦੇਵਿੰਦਰ ਸਿੰਘ ਗੱਦੀ 'ਤੇ ਬੈਠੇ ਪਰ ਉਹ ਇੱਕ ਕਮਜ਼ੋਰ ਰਾਜਾ ਵਜੋਂ ਵਿਚਰੇ। ਉਨ੍ਹਾਂ ਦੇ ਸਮੇਂ ਅੰਗਰੇਜ਼ ਭਾਰਤ 'ਤੇ ਆਪਣੀ ਪਕੜ ਮਜ਼ਬੂਤ ਕਰ ਰਹੇ ਸਨ ਤੇ ਉਹ ਨਾਭਾ ਰਿਆਸਤ ਦਾ ਚੌਥਾ ਹਿੱਸਾ ਜ਼ਬਤ ਕਰਨ ਵਿੱਚ ਕਾਮਯਾਬ ਰਹੇ। ਉਨ੍ਹਾਂ ਨੇ ਦੇਵਿੰਦਰ ਸਿੰਘ ਨੂੰ ਮਥੁਰਾ ਭੇਜ ਦਿੱਤਾ ਸੀ।

ਨਾਭਾ ਰਿਆਸਤ ਦੀ ਸਥਾਪਨਾ ਰਾਜਾ ਹਮੀਰ ਸਿੰਘ ਨੇ 1755 ਈਸਵੀ ਵਿੱਚ ਕੀਤੀ ਗਈ ਸੀ। ਨਾਭਾ ਰਿਆਸਤ ਫੂਲਕੀਆ ਮਿਸਲ ਦੀਆਂ ਤਿੰਨ ਰਿਆਸਤਾਂ ਵਿੱਚੋਂ ਇੱਕ ਸੀ। ਨਾਭਾ ਰਿਆਸਤ ਫੂਲਕੀਆਂ ਰਿਆਸਤਾਂ ਦੀ ਰਾਜਧਾਨੀ ਸੀ। ਪਟਿਆਲਾ ਤੇ ਜੀਂਦ ਰਿਆਸਤਾਂ ਵੀ ਫੂਲਕੀਆਂ ਮਿਸਲ ਦਾ ਹਿੱਸਾ ਸਨ। 1783 ਵਿੱਚ ਹਮੀਰ ਸਿੰਘ ਦੀ ਮੌਤ ਮਗਰੋਂ ਗੱਦੀ ਦੀ ਜ਼ਿੰਮੇਵਾਰੀ ਉਨ੍ਹਾਂ ਦੇ 8 ਸਾਲਾ ਪੁੱਤ ਜਸਵੰਤ ਨੂੰ ਮਿਲੀ। ਇਸ ਤੋਂ ਬਾਅਦ 1846 ਈਸਵੀ ਵਿੱਚ ਦੇਵਿੰਦਰ ਸਿੰਘ ਗੱਦੀ 'ਤੇ ਬੈਠੇ ਸਨ। 1871 ਨੂੰ ਨਾਭਾ ਰਿਆਸਤ ਦੀ ਵਾਗਡੋਰ ਮਹਾਰਾਜਾ ਹੀਰਾ ਸਿੰਘ ਦੇ ਹੱਥਾਂ ਵਿੱਚ ਆਈ। 1911 ਵਿੱਚ ਮਹਾਰਾਜਾ ਹੀਰਾ ਸਿੰਘ ਦੇ ਦੇਹਾਂਤ ਮਗਰੋਂ ਰਿਪੁਦਮਨ ਸਿੰਘ ਗੱਦੀ 'ਤੇ ਬੈਠੇ।

### ਕੁੜੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਾਲੀ ਰਿਆਸਤ

ਸਾਡੇ ਵਿੱਚੋਂ ਬਹੁਤਿਆਂ ਦੇ ਜ਼ਿਹਨ ਵਿੱਚ ਨਾਭਾ ਦਾ ਨਾਂ ਆਉਂਦਿਆਂ ਹੀ ਉਥੋਂ ਦੇ ਸਕੂਲਾਂ ਦਾ ਖ਼ਿਆਲ ਆਉਂਦਾ ਹੈ। ਇਹ ਰਾਜਸ਼ਾਹੀ ਸ਼ਾਨੋ-ਸ਼ੌਕਤ ਵਾਲੇ ਸਕੂਲ ਵੀ ਉਥੋਂ ਦੀ ਰਿਆਸਤ ਦੀ ਹੀ ਦੇਣ ਹਨ। 1871 ਈਸਵੀ ਨੂੰ ਨਾਭਾ ਰਿਆਸਤ ਦੀ ਵਾਗਡੋਰ ਮਹਾਰਾਜਾ ਹੀਰਾ ਸਿੰਘ ਦੇ ਹੱਥਾਂ ਵਿੱਚ ਆਈ। ਡਾਕਟਰ ਚਮਕੌਰ ਸਿੰਘ ਮੁਤਾਬਕ ਉਹ ਇੱਕ ਯੋਗ ਰਾਜਾ ਸਾਬਤ ਹੋਏ ਸਨ। ਉਨ੍ਹਾਂ ਨੇ ਵਿਦਿਆ ਦੀ ਅਹਿਮੀਅਤ ਨੂੰ ਸਮਝਿਆ ਤੇ ਆਪਣੀ ਰਿਆਸਤ ਵਿੱਚ ਸਕੂਲ ਖੁੱਲ੍ਹਵਾਏ, ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਵਜ਼ੀਫ਼ੇ ਦੇਣੇ ਵੀ ਸ਼ੁਰੂ ਕੀਤਾ ਸਨ। ਉਨ੍ਹਾਂ ਦੇ ਸ਼ਾਸਨ ਵਿੱਚ ਆਮ ਲੋਕਾਂ ਨੂੰ ਨਿਆਂ ਦਿਵਾਉਣ ਲਈ ਰੋਜ਼ ਦਰਬਾਰ ਲੱਗਦਾ ਸੀ ਤੇ ਹਰ ਇੱਕ ਦੀ ਰਾਜਾ ਤੱਕ ਪਹੁੰਚ ਸੀ। 1904 ਈਸਵੀ ਦੇ ਫੂਲਕੀਆ ਸਟੇਟ ਗਜ਼ਟੀਅਰ ਮੁਤਾਬਕ ਨਾਭੇ ਵਿੱਚ ਅੰਗਰੇਜ਼ੀ, ਗੁਰਮੁਖੀ, ਫ਼ਾਰਸੀ ਅਤੇ ਸੰਸਕ੍ਰਿਤ ਦੀ ਪੜ੍ਹਾਈ ਕਰਵਾਈ ਜਾਂਦੀ ਸੀ। ਫੂਲ ਕਸਬੇ ਵਿੱਚ ਇੱਕ ਅਜਿਹਾ ਮਿਡਲ ਸਕੂਲ ਸਥਾਪਿਤ ਕੀਤਾ ਗਿਆ ਜਿੱਥੇ ਸਿਰਫ਼ ਖੇਤੀਬਾੜੀ ਬਾਰੇ ਪੜ੍ਹਾਈ ਕਰਵਾਈ ਜਾਂਦੀ ਸੀ। ਇਹ ਸਕੂਲ 'ਜ਼ਮੀਨਦਾਰੀ ਸਕੂਲ' ਵਜੋਂ ਜਾਣਿਆ ਜਾਂਦਾ ਸੀ। ਡਾਕਟਰ ਚਮਕੌਰ ਸਿੰਘ ਮੁਤਾਬਕ ਸਕੂਲ ਵਿੱਚ ਦਾਖ਼ਲਾ ਰਾਜਾ ਦੀ ਆਗਿਆ ਨਾਲ ਹੁੰਦਾ ਸੀ ਤੇ ਕਿਸੇ ਵੀ ਵਿਦਿਆਰਥੀ ਤੋਂ ਕੋਈ ਫ਼ੀਸ ਨਹੀਂ ਲਈ ਜਾਂਦੀ ਸੀ। ਜ਼ਿਕਰਯੋਗ ਹੈ ਕਿ ਨਾਭਾ ਸਕੂਲ ਵਿੱਚ 1892 ਈਸਵੀ ਵਿੱਚ ਇੱਕ ਔਰਤ ਅਧਿਆਪਕ ਰੱਖੀ ਗਈ ਸੀ ਤਾਂ ਜੋ ਕੁੜੀਆਂ ਵੀ ਨਿਡਰ ਹੋ ਕੇ ਪੜ੍ਹਾਈ-ਲਿਖਾਈ ਕਰ ਸਕਣ। 25 ਦਸੰਬਰ, 1911 ਈਸਵੀ ਨੂੰ ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ਹੋ ਗਿਆ ਤੇ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਗੱਦੀ ਉੱਤੇ ਬਿਠਾਇਆ ਗਿਆ। ਬਰਤਾਨਵੀ ਸਰਕਾਰ ਵੱਲੋਂ 1923 ਵਿੱਚ ਮਹਾਰਾਜਾ ਰਿਪੁਦਮਨ ਸਿੰਘ ਨੂੰ ਜ਼ਬਰਦਸਤੀ ਰਾਜ ਗੱਦੀ ਲਾਹਿਆ ਗਿਆ ਸੀ। ਉਸ ਵੇਲੇ ਗੱਦੀ ਦੇ ਵਾਰਸ ਪ੍ਰਤਾਪ ਸਿੰਘ 8 ਸਾਲਾਂ ਦੇ ਸਨ ਤੇ ਅੰਗਰੇਜ਼ ਸ਼ਾਸਕ ਉਨ੍ਹਾਂ ਨੂੰ ਆਪਣੇ ਨਾਲ ਬਰਤਾਨੀਆ ਲੈ ਗਏ ਸਨ।

### ਬਗ਼ਾਵਤੀ ਮਹਾਰਾਜਾ

ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਹੋਰ ਰਿਆਸਤਾਂ ਦੇ ਉਲਟ ਜਾ ਕੇ ਸਿੱਖ ਸਿਧਾਂਤ ਦੀ ਪੈਰਵੀ ਕਰਨ ਵਾਲਾ ਰਾਜਾ ਮੰਨਿਆ ਜਾਂਦਾ ਹੈ। ਰਿਪੁਦਮਨ ਸਿੰਘ ਦਾ ਜਨਮ 4 ਮਾਰਚ 1883 ਈਸਵੀ ਨੂੰ ਹੋਇਆ ਸੀ। ਉਹ ਮਹਾਰਾਜਾ ਹੀਰਾ ਸਿੰਘ ਤੇ ਮਹਾਰਾਣੀ ਜਸਮੇਰ ਕੌਰ ਦੇ ਪੁੱਤ ਸਨ। ਪਿਤਾ ਦੀ ਮੌਤ ਤੋਂ ਬਾਅਦ ਉਹ 28 ਸਾਲ ਦੀ ਉਮਰ ਵਿੱਚ 24 ਜਨਵਰੀ, 1912 ਨੂੰ ਰਾਜ ਗੱਦੀ ਉੱਤੇ ਬੈਠੇ। ਰਿਪੁਦਮਨ ਫ਼ਰਾਂਸ ਤੋਂ ਵਾਪਸ ਪਰਤੇ ਸਨ। ਉਨ੍ਹਾਂ ਨੇ ਆਪਣੀ ਤਾਜਪੋਸ਼ੀ ਅੰਗਰੇਜ਼ ਸਰਕਾਰ ਦੇ ਅਧਿਕਾਰੀਆਂ ਤੋਂ ਕਰਵਾਉਣ ਦੀ ਬਜਾਇ ਸਿੱਖ ਮਰਿਯਾਦਾ ਮੁਤਾਬਕ ਕਰਵਾਈ ਸੀ। ਇਤਿਹਾਸਕਾਰ ਡਾਕਟਰ ਮੁਹੰਮਦ ਇਦਰੀਸ ਵੱਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਰਿਪੁਦਮਨ ਸਿੰਘ ਨਿਮਰ ਸੁਭਾਅ, ਆਜ਼ਾਦ ਵਿਚਾਰ, ਅਗਾਂਹਵਧੂ ਸੋਚ ਤੇ ਸਮਾਜਿਕ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਵਾਲੇ ਸਨ। ਉਹ ਸਿਆਸੀ ਤੌਰ 'ਤੇ ਕੌਮੀ ਹਿੱਤਾਂ ਅਤੇ ਸੁਤੰਤਰਤਾ ਅੰਦੋਲਨ ਦਾ ਸਮਰਥਨ ਕਰਦੇ ਸਨ ਅਤੇ ਸਿੱਖ ਧਰਮ, ਗੁਰਮਤਿ ਮਰਿਆਦਾ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਰਾਜਾ ਸਨ। 1906 ਤੋਂ 1908 ਤੱਕ ਉਨ੍ਹਾਂ ਨੇ ਭਾਰਤ ਦੇ ਗਵਰਨਰ ਜਨਰਲ ਦੀ ਕੌਂਸਲ ਦੇ ਐਡੀਸ਼ਨਲ ਮੈਂਬਰ ਸਮੇਂ ਸੁਤੰਤਰਤਾ ਸੰਗਰਾਮ ਦੇ ਪ੍ਰਸਿੱਧ ਕੌਮੀ ਅਗਵਾਈਕਾਰਾਂ ਮਦਨ ਮੋਹਨ ਮਾਲਵੀਆ ਅਤੇ ਕ੍ਰਿਸ਼ਨ ਗੋਪਾਲ ਗੋਖਲੇ ਵਰਗੇ ਆਗੂਆਂ ਨਾਲ ਮਿਲ ਕੇ ਭਾਰਤੀ ਪ੍ਰੈੱਸ ਬਿੱਲ ਦਾ ਵਿਰੋਧ ਕੀਤਾ ਸੀ। ਉਹ ਪੰਜਾਬ ਵਿੱਚ ਚੱਲ ਰਹੀ ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀਆਂ ਪ੍ਰਤੀ ਹਮਦਰਦੀ ਵਾਲੀ ਸੋਚ ਰੱਖਦੇ ਸਨ। ਉਨ੍ਹਾਂ ਨੇ ਗੁਰੂ-ਕਾ-ਬਾਗ਼ ਮੋਰਚੇ ਦੀ ਹਮਾਇਤ ਕੀਤੀ ਅਤੇ ਅੰਗਰੇਜ਼ ਸਰਕਾਰ ਦੀਆਂ ਨੀਤੀਆਂ ਅਤੇ ਨਨਕਾਣਾ ਸਾਹਿਬ ਸਾਕੇ ਕਾਰਨ ਰੋਸ ਪ੍ਰਗਟ ਕਰਦੇ ਹੋਏ ਕਾਲੀ ਪੱਗ ਬੰਨਣੀ ਸ਼ੁਰੂ ਕਰ ਦਿੱਤੀ ਸੀ।

### ਰਿਪੁਦਮਨ ਦਾ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣਾ

ਰਿਪੁਦਮਨ ਨੂੰ ਅੰਗਰੇਜ਼ੀ ਸਾਮਰਾਜ ਦੀਆਂ ਨੀਤੀਆਂ ਪਸੰਦ ਨਹੀਂ ਸਨ ਤੇ ਉਨ੍ਹਾਂ ਨੇ ਆਪਣੇ ਵਿਚਾਰ ਖੁੱਲ੍ਹੇ ਤੌਰ 'ਤੇ ਪ੍ਰਗਟਾਏ। ਉਨ੍ਹਾਂ ਦੇ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਪ੍ਰਮੁੱਖ ਆਗੂਆਂ ਅਤੇ ਅਕਾਲੀ ਆਗੂਆਂ ਨਾਲ ਵੀ ਸੁਖਾਵੇਂ ਸਬੰਧ ਸਨ, ਜਿਸ ਤੋਂ ਬਰਤਾਨਵੀ ਸਰਕਾਰ ਨਾਖ਼ੁਸ਼ ਸੀ। ਉਨ੍ਹਾਂ ਵੱਲੋਂ ਆਨੰਦ ਮੈਰਿਜ ਐਕਟ ਬਿੱਲ ਨੂੰ ਗਵਰਨਰ ਕੌਂਸਲ ਦੀ ਮੀਟਿੰਗ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਸੀ। 1909 ਈਸਵੀ ਵਿੱਚ ਉਨ੍ਹਾਂ ਨੇ ਭਾਰਤੀ ਰਾਸ਼ਟਰੀ ਕਾਂਗਰਸ ਦੀ ਲਾਹੌਰ ਵਿੱਚ ਹੋਈ ਸੋਸ਼ਲ ਕਾਨਫ਼ਰੰਸ ਦੀ ਪ੍ਰਧਾਨਗੀ ਵੀ ਕੀਤੀ ਗਈ ਸੀ। 1914 ਈਸਵੀ ਦੌਰਾਨ ਸ਼ੁਰੂ ਹੋਈ ਗ਼ਦਰ ਲਹਿਰ ਦਾ ਵੀ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਨੈਤਿਕ ਤੌਰ 'ਤੇ ਸਮਰਥਨ ਕੀਤਾ ਗਿਆ ਸੀ। ਲਾਹੌਰ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਹੋਣ ਵਾਲੇ ਬਗ਼ਾਵਤੀ ਜਲਸਿਆਂ, ਸੱਭਿਆਚਾਰਕ ਤਹਿਰੀਕਾਂ, ਸਮਾਜਿਕ ਤੇ ਸਿਆਸੀ ਗਤੀਵਿਧੀਆਂ ਵਿੱਚ ਮਹਾਰਾਜਾ ਰਿਪੁਦਮਨ ਸਿੰਘ ਦੀ ਗੰਭੀਰ ਦਿਲਚਸਪੀ ਹੋਣ ਕਾਰਨ ਬਰਤਾਨਵੀ ਸਰਕਾਰ ਉਨ੍ਹਾਂ ਨੂੰ ਗੱਦੀ ਤੋਂ ਲਾਹੁਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਸੀ। ਆਖ਼ਿਰ 1923 ਦੌਰਾਨ ਬਰਤਾਨਵੀ ਸਰਕਾਰ ਵੱਲੋਂ ਨਾਭਾ ਰਿਆਸਤ ਦੇ ਰਾਜਾ ਰਿਪੁਦਮਨ ਨੂੰ ਜ਼ਬਰਦਸਤੀ ਰਾਜ ਗੱਦੀ ਤੋਂ ਲਾਹ ਦਿੱਤਾ ਗਿਆ ਸੀ।

### ਮਹਾਰਾਜਾ ਨੂੰ ਗੱਦੀ ਤੋ ਹਟਾਉਣਾ

ਮੁਹੰਮਦ ਇਦਰੀਸ ਮਹਾਰਾਜਾ ਦੀਆਂ ਅਕਾਲੀ ਲਹਿਰ ਨਾਲ ਸਬੰਧਿਤ ਗਤੀਵਿਧੀਆਂ ਬਾਰੇ ਦੱਸਦੇ ਹਨ ਕਿ ਰਿਪੁਦਮਨ ਸ਼ੁਰੂ ਤੋਂ ਹੀ ਅਕਾਲੀ ਲਹਿਰ ਦੇ ਸਮਰਥਕ ਸਨ ਅਤੇ ਜਦੋਂ ਵੀ ਮੌਕਾ ਮਿਲਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਲਹਿਰ ਦੀ ਮਦਦ ਕਰਦੇ ਸਨ। 1922 ਈਸਵੀ ਦੌਰਾਨ ਬਰਤਾਨਵੀ ਅਫ਼ਸਰਾਂ ਨੇ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੁਹਿੰਮ ਦੌਰਾਨ 1700 ਅਕਾਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮਹਾਰਾਜਾ ਰਿਪੁਦਮਨ ਨੂੰ ਨਾਭਾ ਰਿਆਸਤ ਵਿੱਚ ਵੀ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਕਿਹਾ ਗਿਆ ਸੀ ਪਰ ਉਨ੍ਹਾਂ ਨੇ ਅਜਿਹਾ ਨਹੀਂ ਸੀ ਕੀਤਾ। ਪਟਿਆਲਾ ਅਤੇ ਨਾਭਾ ਰਿਆਸਤਾਂ ਦੇ ਮਹਾਰਾਜਿਆਂ ਦੇ ਆਪਸੀ ਝਗੜੇ ਨੇ ਅੰਗਰੇਜ਼ ਸਰਕਾਰ ਨੂੰ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਵਿਰੁੱਧ ਮੌਕਾ ਦਿੱਤਾ ਤੇ ਮਹਾਰਾਜਾ ਵਿਰੁੱਧ ਛੇ ਮੁਕੱਦਮੇ ਦਰਜ ਕੀਤੇ ਗਏ। ਇਸ ਲਈ ਇਲਾਹਾਬਾਦ ਹਾਈ ਕੋਰਟ ਵਿੱਚ ਮਹਾਰਾਜਾ ਰਿਪੁਦਮਨ ਸਿੰਘ ਖ਼ਿਲਾਫ਼ ਤਿੰਨ ਇਲਜ਼ਾਮ ਲਾਏ ਗਏ: ਮਹਾਰਾਜਾ ਰਿਪੁਦਮਨ ਸਿੰਘ ਨੇ ਨਾਭਾ ਰਿਆਸਤ ਦੇ ਲੋਕਾਂ ਦੀ ਭਲਾਈ ਲਈ ਕੋਈ ਕੰਮ ਨਹੀਂ ਕੀਤਾ। ਉਨ੍ਹਾਂ ਨੇ ਰਿਆਸਤ ਦੇ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨਹੀਂ ਸੁਣੀਆਂ। ਉਹ ਤਖ਼ਤ ਪ੍ਰਤੀ ਵਫ਼ਾਦਾਰ ਨਹੀਂ ਰਹੇ ਤੇ ਉਨ੍ਹਾਂ ਨੇ ਬਰਤਾਨਵੀ ਸਰਕਾਰ ਪ੍ਰਤੀ ਤਾਬੇਦਾਰ ਰਹੇ। ਇਸ ਮੁਕੱਦਮੇ ਤੋਂ ਬਾਅਦ ਬਰਤਾਵਨੀ ਸਰਕਾਰ ਨੇ 9 ਜੁਲਾਈ 1923 ਈਸਵੀ ਨੂੰ ਜ਼ਬਰਦਸਤੀ ਹਟਾ ਕੇ ਦੇਹਰਾਦੂਨ ਭੇਜ ਦਿੱਤਾ ਅਤੇ ਨਾਭਾ ਰਿਆਸਤ ਨੂੰ ਇੱਕ ਅੰਗਰੇਜ਼ ਅਫ਼ਸਰ ਜਾਨਸਟਨ ਦੇ ਹਵਾਲੇ ਕਰ ਦਿੱਤਾ ਇਸ ਦੇ ਨਾਲ ਹੀ ਮਹਾਰਾਜਾ ਦੇ ਸਕੱਤਰ ਗੁਰਦਿਆਲ ਸਿੰਘ ਨੂੰ ਪ੍ਰਬੰਧਕ ਲਗਾ ਦਿੱਤਾ ਗਿਆ।

### ਜੈਤੋਂ ਮੋਰਚਾ: ਸਿੱਖਾਂ ਦਾ ਰਿਪੁਦਮਨ ਲਈ ਇੱਕਜੁੱਟ ਹੋਣਾ

ਮਹਾਰਾਜੇ ਨੂੰ ਗੱਦੀ ਤੋਂ ਹਟਾਏ ਜਾਣ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਲਹਿਰ ਦੇ ਸਮਰਥਕਾਂ ਵਲੋਂ ਬਦਲੇ ਦੀ ਭਾਵਨਾ ਅਧੀਨ ਕੀਤਾ ਗਿਆ ਕੰਮ ਦੱਸਿਆ ਗਿਆ। ਮੁਹੰਮਦ ਇਦਰੀਸ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ 'ਤੇ ਅਗਸਤ 1923 ਦੌਰਾਨ ਇਜਲਾਸ ਬੁਲਾ ਕੇ ਇਸ ਦਾ ਅਮਨ ਤੇ ਸ਼ਾਂਤੀ ਨਾਲ ਬਦਲਾ ਲੈਣ ਬਾਰੇ ਮਤਾ ਪਾਸ ਕੀਤਾ ਗਿਆ। 'ਦਾ ਨੇਸ਼ਨ' ਅਖ਼ਬਾਰ ਨੇ ਮਿਤੀ 5 ਅਗਸਤ 1923 ਨੂੰ ਲਿਖਿਆ ਕਿ ਹਿੰਦੁਸਤਾਨ ਦੇ ਇਸ ਆਜ਼ਾਦ ਖ਼ਿਆਲੀ ਮਹਾਰਾਜੇ ਨਾਲ ਸਖ਼ਤ ਬੇਇਨਸਾਫ਼ੀ ਕੀਤੀ ਗਈ ਹੈ। ਨਤੀਜੇ ਵਜੋਂ ਅਕਾਲੀਆਂ ਵਿੱਚ ਵਿਰੋਧ ਦੀ ਭਾਵਨਾ ਹੋਰ ਵੱਧ ਗਈ। 12 ਸਤੰਬਰ 1923 ਦੇ ਸਿਵਲ ਐਂਡ ਮਿਲਟਰੀ ਗਜ਼ਟ ਮੁਤਾਬਕ ਸ਼੍ਰੋਮਣੀ ਕਮੇਟੀ ਦੀ 5 ਅਗਸਤ 1923 ਦੀ ਇਕੱਤਰਤਾ ਦੌਰਾਨ ਫ਼ੈਸਲਾ ਕੀਤਾ ਗਿਆ ਕਿ 9 ਸਤੰਬਰ 1923 ਨੂੰ ਨਾਭਾ ਦਿਵਸ ਵਜੋਂ ਮਨਾਇਆ ਜਾਵੇਗਾ। ਜੈਤੋਂ ਦੇ ਮੋਰਚੇ ਦੌਰਾਨ ਅਕਾਲੀਆਂ ਨੂੰ ਅੰਗਰੇਜ਼ ਸਰਕਾਰ ਦੇ ਸਖ਼ਤ ਰਵੱਈਏ ਦਾ ਸਾਹਮਣਾ ਕਰਨਾ ਪਿਆ। ਇਦਰੀਸ ਜਾਣਕਾਰੀ ਸਾਂਝੀ ਕਰਦੇ ਹਨ ਕਿ 9 ਫ਼ਰਵਰੀ 1924 ਨੂੰ 500 ਅਕਾਲੀਆਂ ਦਾ ਇੱਕ ਜਥਾ ਅਕਾਲ ਤਖ਼ਤ ਤੋਂ ਜੈਤੋਂ ਲਈ ਰਵਾਨਾ ਹੋਇਆ। ਨਾਭਾ ਦੇ ਪ੍ਰਬੰਧਕ ਵਿਲਸਨ ਜਾਨਸਟਨ ਵੱਲੋਂ ਗੁਰਦੁਆਰਾ ਗੰਗਸਰ ਜੈਤੋਂ ਵੱਲ ਜਾਣ ਵਾਲੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਤੇ ਫ਼ੌਜ ਤੈਨਾਤ ਕਰ ਦਿੱਤੀ ਗਈ। ਗੁਰਦੁਆਰੇ ਤੋਂ ਕਰੀਬ 150 ਗਜ ਦੀ ਦੂਰੀ 'ਤੇ ਅਕਾਲੀਆਂ ਦੇ ਪਹੁੰਚਣ ਤੇ ਬਰਤਾਨਵੀ ਫ਼ੌਜ ਨੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰੀ ਰਿਪੋਰਟਾਂ ਮੁਤਾਬਕ ਇਸ ਦੌਰਾਨ ਜਥੇ ਦੇ 21 ਮੈਂਬਰਾਂ ਦੀ ਮੌਤ ਹੋਈ ਤੇ ਕਰੀਬ 33 ਗੰਭੀਰ ਜ਼ਖ਼ਮੀ ਹੋਏ ਸਨ। ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਸੂਚੀ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ 70 ਤੋਂ 150 ਦੇ ਵਿਚਕਾਰ ਸੀ। ਨਾਭਾ ਰਿਆਸਤ ਦੇ ਰਿਕਾਰਡ ਨਾਲ ਸਬੰਧਤ ਫਾਈਲ ਨੰਬਰ 28 ਮੁਤਾਬਕ ਪ੍ਰਮੁੱਖ ਅਕਾਲੀ ਅਤੇ ਕਾਂਗਰਸੀ ਆਗੂਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਮਹਾਰਾਜਾ ਰਿਪੁਦਮਨ ਤੋਂ ਬਾਅਦ ਗੱਦੀ ਦੇ ਵਾਰਸ ਪ੍ਰਤਾਪ ਸਿੰਘ ਉਸ ਸਮੇਂ ਅੱਠ ਸਾਲਾਂ ਦੇ ਸਨ ਤੇ ਅੰਗਰੇਜ਼ ਸ਼ਾਸ਼ਕ ਉਨ੍ਹਾਂ ਨੂੰ ਆਪਣੇ ਨਾਲ ਬਰਤਾਨੀਆ ਲੈ ਗਏ ਸਨ। ਪਰਿਵਾਰ ਦੀ ਚੌਥੀ ਪੀੜੀ ਦਾ ਹਿੱਸਾ ਪ੍ਰੀਤੀ ਸਿੰਘ ਦੱਸਦੇ ਹਨ ਕਿ ਬਰਤਾਨੀਆ ਵਿੱਚ ਪ੍ਰਤਾਪ ਸਿੰਘ ਤੇ ਉਨ੍ਹਾਂ ਦੇ ਭੈਣ-ਭਰਾਵਾਂ ਨੂੰ ਸਿੱਖੀ ਤੋਂ ਦੂਰ ਕਰਕੇ, ਇਸਾਈ ਧਰਮ ਵੱਲ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। "ਰਿਪੁਦਮਨ ਸਿੰਘ ਦੇ ਤਿੰਨ ਬੇਟੇ ਤੇ ਇੱਕ ਧੀ ਸੀ, ਜਿਨ੍ਹਾਂ ਨੂੰ ਅੰਗਰੇਜ਼ੀ ਰੰਗ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ ਗਈ ਤੇ ਇੱਕ ਹੱਦ ਤੱਕ ਅਜਿਹਾ ਹੋ ਵੀ ਗਿਆ ਸੀ।" ਪ੍ਰੀਤੀ ਸਿੰਘ ਮਹਾਰਾਜਾ ਪ੍ਰਤਾਪ ਸਿੰਘ ਦੇ ਪੜ-ਪੋਤੇ ਦੀ ਪਤਨੀ ਹੈ ਤੇ ਅੱਜ-ਕੱਲ੍ਹ ਆਪਣੇ ਬੇਟੇ ਅਭੀਉਦੈ ਸਿੰਘ ਨਾਲ ਨਾਭਾ ਦੇ ਆਪਣੇ ਵਿਰਾਸਤੀ ਮਹਿਲ ਵਿੱਚ ਰਹਿ ਰਹੇ ਹਨ। ਪ੍ਰੀਤੀ ਦੱਸਦੇ ਹਨ, "ਮਹਾਰਾਜਾ ਰਿਪੁਦਮਨ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਵਿੱਚ ਤਿੰਨ ਪੀੜੀਆਂ ਤੱਕ ਕੋਈ ਮੁਕੰਮਲ ਤੌਰ 'ਤੇ ਸਿੱਖ ਨਹੀਂ ਸਜ ਸਕਿਆ। ਪਰ ਹੁਣ ਅਭੀਉਦੈ ਨੇ ਕੇਸ ਰੱਖੇ ਹਨ ਤੇ ਉਹ ਆਪਣੀ ਵਿਰਾਸਤ ਨੂੰ ਬਚਾਉਣ ਦਾ ਇੱਛੁਕ ਹੈ।"

ਉਹ ਕਹਿੰਦੇ ਹਨ, "ਅਸੀਂ ਜਦੋਂ ਇਤਿਹਾਸ ਨੂੰ ਦੇਖਦੇ ਹਾਂ ਤਾਂ ਆਪਣੇ ਪੁਰਖਿਆਂ ਉੱਤੇ ਮਾਣ ਹੁੰਦਾ ਹੈ, ਨਾਲ ਹੀ ਹੈਰਾਨੀ ਵੀ ਹੁੰਦੀ ਹੈ। ਇੰਨਾ ਕੁਝ ਕੁਰਬਾਨ ਕਰ ਦੇਣ ਲਈ ਕਿੰਨੀ ਹਿੰਮਤ ਦੀ ਲੋੜ ਹੁੰਦੀ ਹੈ।" ਹਾਲੇ ਵੀ ਨਾਭੇ ਵਿੱਚ ਕਈ ਲੋਕ ਉਨ੍ਹਾਂ ਨੂੰ 'ਰਾਣੀ ਪ੍ਰੀਤੀ ਸਿੰਘ' ਕਹਿ ਕੇ ਬੁਲਾਉਂਦੇ ਹਨ। ਪ੍ਰੀਤੀ ਸਿੰਘ ਕਹਿੰਦੇ ਹਨ,"ਮੈਂ ਇੱਕ ਅਗਾਂਹਵਧੂ ਆਜ਼ਾਦ ਖ਼ਿਆਲਾਂ ਵਾਲੇ ਪਰਿਵਾਰ ਦੀ ਪੜ੍ਹੀ-ਲਿਖੀ ਨੂੰਹ ਹਾਂ।"

"ਮੈਨੂੰ ਪਤਾ ਹੈ ਕਿ ਹੁਣ ਰਾਜਸ਼ਾਹੀ ਵਰਗਾ ਕੁਝ ਨਹੀਂ ਪਰ ਲੋਕਾਂ ਦਾ ਦਿੱਤਾ ਪਿਆਰ ਬੇਸ਼ਕੀਮਤੀ ਹੈ। ਉਸ ਨੂੰ ਦਿਲੋਂ ਸਵਿਕਾਰਦੀ ਹਾਂ ਤੇ ਮਾਣਦੀ ਵੀ ਹਾਂ।" ਆਪਣੇ ਬਾਰੇ ਦੱਸਦਿਆਂ ਉਹ ਕਹਿੰਦੇ ਹਨ, "ਮੈਂ ਵਕਾਲਤ ਕੀਤੀ ਹੈ ਤੇ ਮੈਂ ਪੜ੍ਹਾਈ ਵਿਆਹ ਤੋਂ ਬਾਅਦ ਕੀਤੀ। ਇਸ ਤਰ੍ਹਾਂ ਸ਼ਾਹੀ ਪਰਿਵਾਰ ਨਾਲ ਜੁੜਨ 'ਤੇ ਕੋਈ ਬੰਦਿਸ਼ਾਂ ਨਹੀਂ ਹਨ।" ਪ੍ਰੀਤੀ ਆਪਣੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਹਿੰਦੇ ਹਨ, "ਅਸੀਂ ਤਾਂ ਬਿਲਕੁਲ ਆਮ ਜ਼ਿੰਦਗੀ ਜੀਵੀ ਆਪਣੇ ਲਈ, ਪਰ ਉਨ੍ਹਾਂ ਵਿੱਚ ਦੇਸ਼ ਲਈ, ਕੌਮ ਲਈ ਆਪਣਾ ਸਭ ਕੁਝ ਵਾਰ ਦੇਣ ਦਾ ਜਜ਼ਬਾ ਸੀ।"

# ਅਮਰੀਕਾ ਦੇ ਰੇਨੋ ਸ਼ਹਿਰ 'ਚ ਏਅਰ ਰੇਸਿੰਗ ਈਵੈਂਟ ਦੌਰਾਨ ਜਹਾਜ਼ਾਂ ਦੀ ਟੱਕਰ

ਅਮਰੀਕਾ ਦੇ ਰੇਨੋ ਵਿੱਚ ਐਤਵਾਰ ਨੂੰ ਇੱਕ ਏਅਰ ਰੇਸਿੰਗ ਈਵੈਂਟ ਵਿੱਚ ਲੈਂਡਿੰਗ ਦੌਰਾਨ ਦੋ ਜਹਾਜ਼ ਆਪਸ ਵਿੱਚ ਟਕਰਾ ਗਏ। ਇਸ ਹਾਦਸੇ ਵਿੱਚ ਦੋ ਪਾਇਲਟਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਰੇਨੋ ਸਿਟੀ ਏਅਰ ਰੇਸਿੰਗ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਦੁਪਹਿਰ 2:15 ਵਜੇ ਟੀ-6 ਗੋਲਡ ਰੇਸ ਦੇ ਫਾਈਨਲ ਦੌਰਾਨ ਦੋਵੇਂ ਜਹਾਜ਼ ਟਕਰਾ ਗਏ। ਅਧਿਕਾਰੀਆਂ ਕੋਲ ਇਸ ਘਟਨਾ ਬਾਰੇ ਹੋਰ ਕੋਈ ਜਾਣਕਾਰੀ ਉਪਲਬਧ ਨਹੀਂ ਸੀ। ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਮਰਨ ਵਾਲੇ ਪਾਇਲਟਾਂ ਦੇ ਨਾਂ ਤੁਰੰਤ ਜਾਰੀ ਨਹੀਂ ਕੀਤੇ ਗਏ ਹਨ। ਪ੍ਰਬੰਧਕਾਂ ਨੇ ਬਾਅਦ ਵਿੱਚ ਇੱਕ ਬਿਆਨ ਵਿੱਚ ਦੋ ਪਾਇਲਟਾਂ ਦੀ ਪਛਾਣ ਨਿਕ ਮੈਸੀ ਅਤੇ ਕ੍ਰਿਸ ਰਸ਼ਿੰਗ ਵਜੋਂ ਕੀਤੀ, ਸੀਐਨਐਨ ਨੇ ਰਿਪੋਰਟ ਦਿੱਤੀ।

ਐਸੋਸੀਏਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਅਤੇ ਟੀ-6 ਕਲਾਸ ਦੇ ਪ੍ਰਧਾਨ ਨੇ ਕਿਹਾ ਕਿ ਉਹ ਰੇਨੋ ਵਿੱਚ ਨੈਸ਼ਨਲ ਚੈਂਪੀਅਨਸ਼ਿਪ ਏਅਰ ਰੇਸ ਦੇ ਆਖਰੀ ਦਿਨ ਦੌਰਾਨ ਵਾਪਰੇ ਹਾਦਸੇ ਬਾਰੇ ਮ੍ਰਿਤਕ ਪਾਇਲਟਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰਨ ਲਈ ਕੰਮ ਕਰ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਦੋਵੇਂ ਪਾਇਲਟ ਆਪਣੇ ਕੰਮ ਵਿੱਚ ਕੁਸ਼ਲ ਸਨ। ਟੀ-6 ਕਲਾਸ ਵਿੱਚ ਗੋਲਡ ਜੇਤੂ ਮੈਸੀ ਨੇ ਸਿਕਸ-ਕੈਟ ਨੂੰ ਪਾਇਲਟ ਕੀਤਾ ਅਤੇ ਰਸ਼ਿੰਗ ਨੇ ਬੈਰਨਜ਼ ਰੀਵੇਂਜ ਨੂੰ ਉਡਾਇਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਪਾਇਲਟਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਸਹਾਇਤਾ ਸੇਵਾਵਾਂ ਦੁਖਾਂਤ ਦਾ ਜਵਾਬ ਦੇਣ ਲਈ ਮੌਕੇ 'ਤੇ ਹਨ।

ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਉਹ ਹਾਦਸੇ ਦੇ ਕਾਰਨਾਂ ਦੀ ਪਛਾਣ ਕਰਨ ਲਈ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ, ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ ਅਤੇ ਸਥਾਨਕ ਅਧਿਕਾਰੀਆਂ ਨਾਲ ਸਹਿਯੋਗ ਕਰ ਰਹੇ ਹਨ।




# ਕੇਸਰ ਦੀ ਚਾਹ ਨਾਲ ਕਰੋ ਦਿਨ ਦੀ ਸ਼ੁਰੂਆਤ

ਦੁਨੀਆ ਭਰ ਵਿੱਚ ਚਾਹ ਪ੍ਰੇਮੀਆਂ ਦੀ ਕੋਈ ਕਮੀ ਨਹੀਂ ਹੈ। ਚਾਹ ਬਣਾਉਣ ਲਈ ਬਹੁਤ ਸਾਰੇ ਮਸਾਲੇ ਅਤੇ ਜੜੀ-ਬੂਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਤੁਸੀਂ ਵੀ ਚਾਹ ਦੇ ਸ਼ੌਕੀਨ ਹੋ ਤਾਂ ਇੱਕ ਵਾਰ ਕੇਸਰ ਵਾਲੀ ਚਾਹ ਜ਼ਰੂਰ ਅਜ਼ਮਾਓ। ਹਾਲਾਂਕਿ, ਕੇਸਰ ਨੂੰ ਇੱਕ ਮਸਾਲੇ ਵਜੋਂ ਵਰਤਿਆ ਜਾਂਦਾ ਹੈ, ਜੋ ਪਕਵਾਨ ਵਿੱਚ ਰੰਗ ਅਤੇ ਸੁਆਦ ਜੋੜਦਾ ਹੈ। ਤੁਸੀਂ ਇਸ ਤੋਂ ਚਾਹ ਵੀ ਬਣਾ ਸਕਦੇ ਹੋ, ਜਿਸ ਨਾਲ ਸਰੀਰ ਨੂੰ ਕਈ ਫਾਇਦੇ ਹੁੰਦੇ ਹਨ। ਇਸ ਚਾਹ ਵਿੱਚ ਐਂਟੀਆਕਸੀਡੈਂਟ ਗੁਣ ਪਾਏ ਜਾਂਦੇ ਹਨ। ਇਹ ਤੁਹਾਨੂੰ ਕਈ ਬਿਮਾਰੀਆਂ ਤੋਂ ਦੂਰ ਰੱਖਦੇ ਹਨ।



ਮਸ਼ਹੂਰ ਨਿਊਟ੍ਰੀਸ਼ਨਿਸਟ ਲਵਨੀਤ ਬੱਤਰਾ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕੀਤੀ ਹੈ। ਜਿਸ ਵਿੱਚ ਉਨ੍ਹਾਂ ਕੇਸਰ ਚਾਹ ਦੇ ਫਾਇਦਿਆਂ ਬਾਰੇ ਦੱਸਿਆ ਹੈ। ਆਓ ਜਾਣਦੇ ਹਾਂ...

* ਕੈਂਸਰ ਸੈੱਲਾਂ ਨੂੰ ਵਧਣ ਤੋਂ ਰੋਕਦਾ ਹੈ
* ਕੇਸਰ ਐਂਟੀਆਕਸੀਡੈਂਟਸ ਦਾ ਭਰਪੂਰ ਸਰੋਤ ਹੈ, ਜੋ ਕੈਂਸਰ ਦੇ ਖਤਰੇ ਨੂੰ ਘੱਟ ਕਰ ਸਕਦਾ ਹੈ। ਕੇਸਰ ਚਾਹ ਸਿਹਤਮੰਦ ਸੈੱਲਾਂ ਨੂੰ ਨੁਕਸਾਨ ਤੋਂ ਬਚਾਉਂਦੀ ਹੈ।

ਯਾਦਦਾਸ਼ਤ ਨੂੰ ਸੁਧਾਰਨ ਵਿੱਚ ਮਦਦਗਾਰ ਹੈ

ਕੇਸਰ ਵਿੱਚ ਕਰੋਸਿਨ ਅਤੇ ਕਰੋਸੀਟਿਨ ਪਾਇਆ ਜਾਂਦਾ ਹੈ। ਖੋਜ ਮੁਤਾਬਕ ਇਹ ਯਾਦਦਾਸ਼ਤ ਵਧਾਉਂਦੇ ਹਨ। ਆਪਣੀ ਯਾਦਾਸ਼ਤ ਨੂੰ ਬਿਹਤਰ ਬਣਾਉਣ ਲਈ, ਤੁਹਾਨੂੰ ਕੇਸਰ ਚਾਹ ਦਾ ਆਨੰਦ ਲੈਣਾ ਚਾਹੀਦਾ ਹੈ।

ਇਮਿਊਨਿਟੀ ਵਧਾਉਣ 'ਚ ਮਦਦਗਾਰ ਹੈ

ਕੇਸਰ ਵਿੱਚ ਐਂਟੀਆਕਸੀਡੈਂਟ ਅਤੇ ਐਂਟੀ ਵਾਇਰਲ ਗੁਣ ਪਾਏ ਜਾਂਦੇ ਹਨ। ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਰੱਖਣ 'ਚ ਮਦਦ ਕਰਦਾ ਹੈ। ਕੇਸਰ ਦੀ ਚਾਹ 'ਚ ਸੈਫਰਾਨਲ ਨਾਂ ਦਾ ਐਂਟੀਆਕਸੀਡੈਂਟ ਹੁੰਦਾ ਹੈ, ਜੋ ਤੁਹਾਡੇ ਸਰੀਰ ਨੂੰ ਕਈ ਬੀਮਾਰੀਆਂ ਤੋਂ ਬਚਾ ਸਕਦਾ ਹੈ।

ਆਕਸੀਡੇਟਿਵ ਤਣਾਅ ਤੋਂ ਬਚਾਉਂਦਾ ਹੈ

ਕੇਸਰ ਐਂਟੀਆਕਸੀਡੈਂਟ ਅਤੇ ਫਲੇਵੋਨੋਇਡ ਦੋਵਾਂ ਨਾਲ ਭਰਪੂਰ ਹੁੰਦਾ ਹੈ। ਇਹ ਸੈੱਲਾਂ ਨੂੰ ਆਕਸੀਟੇਟਿਵ ਤਣਾਅ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ।

ਕੇਸਰ ਦੀ ਚਾਹ ਇਸ ਤਰ੍ਹਾਂ ਬਣਾਓ

ਇੱਕ ਪੈਨ ਵਿੱਚ ਇੱਕ-ਦੋ ਕੱਪ ਪਾਣੀ ਪਾਓ।

ਇਸ ਵਿਚ 3-4 ਕੇਸਰ ਦੇ ਧਾਗੇ ਪਾ ਕੇ ਚੰਗੀ ਤਰ੍ਹਾਂ ਉਬਾਲ ਲਓ।

ਹੁਣ ਇਸ ਨੂੰ ਫਿਲਟਰ ਕਰੋ। ਇਸ 'ਚ ਇਕ ਚਮਚ ਸ਼ਹਿਦ ਮਿਲਾ ਕੇ ਇਸ ਦਾ ਮਜ਼ਾ ਲਓ।

# ਅਜਿਹੀਆਂ ਗਤੀਵਿਧੀਆਂ ਜੋ ਦਿਮਾਗ ਨੂੰ ਰੱਖਦੀਆਂ ਹਨ ਸਿਹਤਮੰਦ

ਜੇ ਤੁਸੀਂ ਖੁਦ ਨੂੰ ਇਕ ਕਨਫਿਡੈਂਟ, ਸਮਾਰਟ ਪਰਸਨੈਲਿਟੀ ਬਣਾਉਣਾ ਚਾਹੁੰਦੇ ਹੋ, ਤਾਂ ਸੋਸਲ ਮੀਡੀਆ 'ਤੇ ਮੋਟਿਵੇਸ਼ਨਲ ਵੀਡੀਓਜ਼ ਦੇਖਣ ਨਾਲ ਦੋ-ਚਾਰ ਕਿਤਾਬਾਂ ਪੜ੍ਹ ਲੈਣ ਨਾਲ ਕੋਈ ਗੱਲ ਨਹੀਂ ਬਣਨ ਵਾਲੀ। ਕੁਝ ਹੋਰ ਵੀ ਚੀਜ਼ਾਂ ਹਨ ਜਿਸ 'ਤੇ ਤੁਹਾਨੂੰ ਫੋਕਸ ਕਰਨ ਦੀ ਜ਼ਰੂਰਤ ਹੁੰਦੀ ਹੈ। ਅੱਜ-ਕਲ੍ਹ ਲੋਕਾਂ ਦਾ ਜ਼ਿਆਦਾਤਰ ਸਮਾਂ ਫੋਨ ਜਾਂ ਟੀਵੀ 'ਚ ਗੁਜ਼ਰ ਰਿਹਾ ਹੈ। ਉਹ ਕੁਝ ਨਵਾਂ ਕਰਨ ਤੇ ਸਿੱਖਣ ਨੂੰ ਲੈ ਕੇ ਉਤਸ਼ਾਹਿਤ ਨਹੀਂ ਰਹਿੰਦੇ। ਫੋਨ 'ਚ ਵੜੇ ਰਹਿਣ ਦੀ ਵਜ੍ਹਾ ਨਾਲ ਪਹੇਸਿਚਅਲ ਅਨਦ ਮਏਨਟਅਲ ਹਏਅਲਟਹ 'ਤੇ ਵੀ ਫ਼ਰਕ ਪੈਂਦਾ ਹੈ ਤਾਂ ਅੱਜ ਅਸੀਂ ਤੁਹਾਨੂੰ ਅਜਿਹੇ ਕੁਝ ਤਰੀਕੇ ਦੱਸਣ ਵਾਲੇ ਹਨ, ਜਿਸ ਦੀ ਮਦਦ ਨਾਲ ਤੁਸੀਂ ਨਾ ਸਿਰਫ਼ ਖ਼ੁਦ ਨੂੰ ਦੂਸਰਿਆ ਤੋਂ ਅਲੱਗ ਤੇ ਸਮਾਰਟ ਬਣਾ ਸਕਦੇ ਹਨ ਬਲਕਿ ਦਿਮਾਗੀ ਤੰਦਰੁਸਤ ਤੇ ਖੁਸ਼ ਵੀ ਰਹਿ ਸਕਦੇ ਹਨ।



**ਸਰੀਰਕ ਗਤੀਵਿਧੀ ਕਰਨਾ ਜਾਂ ਸਿੱਖਣਾ**

ਆਪਣੇ ਦਿਨ ਦੀ ਸ਼ੁਰੂਆਤ ਯੋਗ ਜਾਂ ਕਸਰਤ ਤੋਂ ਕਰੋ ਤੇ ਇਸ ਨੂੰ ਰੋਜ਼ਾਨਾ ਕਰੋ। ਸਰੀਰਕ ਗਤੀਵਿਧੀ ਕੋਈ ਵੀ ਹੋਵੇ ਉਹ ਤੁਹਾਨੂੰ ਤੰਦਰੁਸਤ ਰੱਖਣ ਨਾਲ ਸਿਹਤਮੰਦ ਵੀ ਬਣਾਉਂਦੀ ਹੈ। ਦੂਸਰਿਆਂ ਤੋਂ ਅਲੱਗ ਨਜ਼ਰ ਆਉਣ ਲਈ ਤੁਸੀਂ ਕੁਝ ਅਲੱਗ ਤਰ੍ਹਾਂ ਦੀ ਓਚਟਿਵਿਟੇ ਸਿੱਖ ਸਕਦੇ ਹੋ, ਜਿਵੇਂ ਕਿੱਕ ਬਾਕਸਿੰਗ, ਕਰਾਟੇ ਜਾਂ ਫਿਰ ਕੈਲਿਸਥੇਨਿਕਸ। ਇਨ੍ਹਾਂ ਗਤੀਵਿਧੀਆਂ ਨੂੰ ਕਰਨ ਨਾਲ ਸਰੀਰ ਨਾਲ ਦਿਮਾਗ ਵੀ ਦੁਰਸਤ ਰਹਿੰਦਾ ਹੈ।ਦਰਅਸਲ ਇੱਥੇ ਅਸੀਂ ਕੁਝ ਅਜਿਹੀਆ ਓਚਟਿਵਿਟਿਏਸ ਬਾਰੇ ਜਾਣਨ ਵਾਲੇ ਹਾਂ, ਜਿਨ੍ਹਾਂ ਨੂੰ ਤੁਸੀਂ ਦਫ਼ਤਰ, ਕਾਲਜ ਤੋਂ ਬਾਅਦ ਮਿਲਣ ਵਾਲੇ ਸਮੇਂ 'ਤੇ ਸਿੱਖ ਸਕਦੇ ਹੋ ਜਾਂ ਕਰ ਸਕਦੇ ਹੋ। ਇਨ੍ਹਾਂ 'ਚੋਂ ਜ਼ਿਆਦਾਤਰ Acitivites ਅਜਿਹੀਆ ਹਨ ਜੋ ਹਰ ਕਿਸੇ ਨੂੰ ਨਹੀਂ ਆਉਂਦੀਆਂ। ਅਜਿਹੇ 'ਚ ਤੁਸੀਂ ਇਨ੍ਹਾਂ ਨੂੰ ਸਿੱਖ ਕੇ ਬਣ ਸਕਦੇ ਹਨ ਦੂਸਰਿਆਂ ਤੋਂ ਅਲੱਗ।

**ਨਵੀਂ ਭਾਸ਼ਾ ਸਿੱਖਣਾ–** ਥੋੜ੍ਹਾ ਔਖਾ ਹੋ ਸਕਦਾ ਹੈ ਪਰ ਯਕੀਨ ਮੰਨੋ ਇਸ ਨਾਲ ਤੁਹਾਨੂੰ ਦੁੱਗਣਾ ਫ਼ਾਇਦਾ ਮਿਲੇਗਾ। ਇਕ ਤਾਂ ਤੁਸੀਂ ਨਵੀਂ ਭਾਸ਼ਾ ਸਿੱਖਦੇ ਹੋ ਤੇ ਦੂਸਰਾ ਤੁਸੀਂ ਭੀੜ ਤੋਂ ਅਲੱਗ ਨਜ਼ਰ ਆਉਂਦੇ ਹੋ। ਇਸ ਨਾਲ ਤੁਹਾਨੂੰ ਕਰੀਅਰ ਗ੍ਰੋਥ 'ਚ ਵੀ ਮਦਦ ਮਿਲ ਸਕਦੀ ਹੈ।

**ਮਿਊਜ਼ਿਕ ਜਾਂ ਡਾਂਸ ਸਿੱਖਣਾ–** ਤੁਸੀਂ ਦੇਖਿਆ ਹੈ ਜਿਮ ਜਿੰਨੀ ਭੀੜ ਤੁਹਾਨੂੰ ਕਦੀ ਵੀ ਮਿਊਜ਼ਿਕ ਜਾਂ ਡਾਂਸ ਕਲਾਸ 'ਚ ਨਹੀਂ ਮਿਲਦੀ, ਅਜਿਹਾ ਕਿਉਂ? ਕਿਉਂਕਿ ਮਿਊਜ਼ਿਕ ਇਸਟਰੂਮੈਂਟ ਸਿੱਖਣਾ ਜਾਂ ਕੋਈ ਖ਼ਾਸ ਡਾਂਸ ਫਾਰਮ ਸਿੱਖਣਾ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਹੁੰਦੀ ਤਾਂ ਜੇ ਤੁਸੀਂ ਦੂਸਰਿਆਂ ਤੋਂ ਅਲੱਗ ਤੇ ਸਮਾਰਟ ਨਜ਼ਰ ਆਉਣਾ ਚਾਹੁੰਦੇ ਹੋ ਤਾਂ ਇਸ ਨੂੰ ਜ਼ਰੂਰ ਅਜ਼ਮਾਓ। ਸਭ ਤੋਂ ਚੰਗੀ ਗੱਲ ਦੱਸ ਦੇਈਏ ਕਿ ਇਹ ਅਜਿਹੀਆਂ ਓਚਟਿਵਿਟਿਏਸ ਹਨ ਜਿਸ ਨਾਲ ਦਿਮਾਗ ਵੀ ਤੰਦਰੁਸਤ ਰਹਿੰਦਾ ਹੈ।

**ਸਫ਼ਰ ਕਰਨਾ–** ਸਫ਼ਰ ਕਰਨਾ ਬੇਸ਼ੱਕ ਇਕ ਸ਼ੌਕ ਹੈ ਪਰ ਇਸ ਨਾਲ ਵੀ ਦਿਮਾਗ ਹੈਲਦੀ ਤੇ ਹੈਪੀ ਰਹਿੰਦਾ ਹੈ। ਘੁੰਮਣ-ਫਿਰਨ ਦੌਰਾਨ ਤੁਸੀਂ ਕਈ ਲੋਕਾਂ ਨੂੰ ਮਿਲਦੇ ਹੋ, ਕਦੀ ਜਾਣੀ-ਪਛਾਣੀ ਤੇ ਕਦੀ ਅਣਦੇਖੀ ਜਗ੍ਹਾ ਨੂੰ ਐਕਸਪਲੋਰ ਕਰਦੇ ਹੋ। ਇਸ ਦੌਰਾਨ ਮਿਲਣ ਵਾਲੀ ਜਾਣਕਾਰੀ ਬੇਸ਼ੱਕ ਤੁਹਾਨੂੰ ਕਨਫਿਡੈਂਟ ਤੇ ਇਕ ਅਲੱਗ ਪਛਾਣ ਦਿਵਾਉਂਦੀ ਹੈ।

# ਡਾਇਬਟੀਜ਼ ਦੇ ਮਰੀਜ਼ ਜ਼ਰੂਰ ਖਾਓ ਇਹ 5 ਸਬਜ਼ੀਆਂ

ਦੁਨੀਆ ਭਰ ਵਿੱਚ ਸ਼ੂਗਰ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਇਸ ਬਿਮਾਰੀ ਦੇ ਵਧਣ ਦਾ ਸਭ ਤੋਂ ਵੱਡਾ ਕਾਰਨ ਗਲਤ ਲਾਈਫਸਟਾਈਲ ਤੇ ਖਾਣ-ਪੀਣ ਦੀਆਂ ਆਦਤਾਂ ਹਨ। ਸਿਹਤ ਮਾਹਿਰਾਂ ਅਨੁਸਾਰ ਜੇ ਤੁਸੀਂ ਆਪਣੀ ਡਾਈਟ ਤੇ ਲਾਈਫਸਟਾਈਲ ਵਿੱਚ ਸੁਧਾਰ ਕਰੋ ਤਾਂ ਤੁਸੀਂ ਇਸ ਬਿਮਾਰੀ ਤੋਂ ਬਚ ਸਕਦੇ ਹੋ। ਕਈ ਅਜਿਹੇ ਭੋਜਨ ਹਨ, ਜਿਨ੍ਹਾਂ ਨੂੰ ਖਾਣ ਨਾਲ ਬਲੱਡ ਸ਼ੂਗਰ ਲੈਵਲ ਨਾਰਮਲ ਰਹਿੰਦਾ ਹੈ। ਆਓ ਜਾਣਦੇ ਹਾਂ ਕੁਝ ਸਬਜ਼ੀਆਂ ਬਾਰੇ, ਜੋ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਸਾਬਤ ਹੋ ਸਕਦੀਆਂ ਹਨ।



**ਕਰੇਲਾ–** ਕਰੇਲੇ ਦਾ ਸਵਾਦ ਕਿੰਨਾ ਕੌੜਾ ਹੁੰਦਾ ਹੈ ਇਹ ਤਾਂ ਅਸੀਂ ਸਾਰੇ ਜਾਣਦੇ ਹਾਂ ਪਰ ਇਹ ਸਬਜ਼ੀ ਸ਼ੂਗਰ ਦੇ ਮਰੀਜ਼ਾਂ ਲਈ ਵਰਦਾਨ ਤੋਂ ਘੱਟ ਨਹੀਂ ਹੈ। ਇਸ 'ਚ ਪੌਲੀਪੇਪਟਾਈਡ-ਪੀ ਨਾਂ ਦਾ ਮਿਸ਼ਰਣ ਪਾਇਆ ਜਾਂਦਾ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ।

**ਬਰੋਕਲੀ–** ਜਿਨ੍ਹਾਂ ਲੋਕਾਂ ਨੂੰ ਡਾਇਬਟੀਜ਼ ਹੈ, ਉਨ੍ਹਾਂ ਨੂੰ ਆਪਣੀ ਖੁਰਾਕ 'ਚ ਬਰੋਕਲੀ ਜ਼ਰੂਰ ਸ਼ਾਮਲ ਕਰਨੀ ਚਾਹੀਦੀ ਹੈ। ਇਹ ਸਬਜ਼ੀ ਵਿਟਾਮਿਨ ਕੇ ਅਤੇ ਫੋਲੇਟ ਨਾਲ ਭਰਪੂਰ ਹੁੰਦੀ ਹੈ ਅਤੇ ਇਸ ਦਾ ਗਲਾਈਸੈਮਿਕ ਇੰਡੈਕਸ ਵੀ ਘੱਟ ਹੁੰਦਾ ਹੈ। ਇਸ 'ਚ ਮੌਜੂਦ ਪੋਟਾਸ਼ੀਅਮ ਅਤੇ ਵਿਟ-ਾਮਿਨ ਸੀ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

**ਮੂਲੀ–** ਪੌਸ਼ਟਿਕ ਤੱਤਾਂ ਨਾਲ ਭਰਪੂਰ ਮੂਲੀ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਕਾਰਗਰ ਸਾਬਤ ਹੋ ਸਕਦੀ ਹੈ। ਇਹ ਰੂਟ ਸਬਜ਼ੀ ਬਲੱਡ ਸ਼ੂਗਰ ਨੂੰ ਘੱਟ ਕਰਨ ਵਿੱਚ ਬਹੁਤ ਮਦਦਗਾਰ ਹੈ। ਇਸ 'ਚ ਬੀਟਾ-ਕੈਰੋਟੀਨ ਤੇ ਵਿਟਾਮਿਨ ਸੀ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਸ਼ੂਗਰ ਦੇ ਮਰੀਜ਼ਾਂ ਲਈ ਮਦਦਗਾਰ ਹੁੰਦਾ ਹੈ।

**ਲੌਕੀ–** ਲੌਕੀ ਸਿਹਤ ਦਾ ਖਜ਼ਾਨਾ ਹੈ। ਇਸ ਵਿਚ ਪਾਣੀ ਅਤੇ ਫਾਈਬਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਅਤੇ ਇਸ ਵਿਚ ਗਲੂਕੋਜ਼ ਬਿਲਕੁਲ ਨਹੀਂ ਹੁੰਦਾ। ਜੇਕਰ ਤੁਸੀਂ ਡਾਇਬਟੀਜ਼ ਤੋਂ ਪੀੜਤ ਹੋ ਤਾਂ ਆਪਣੀ ਡਾਈਟ 'ਚ ਲੌਕੀ ਨੂੰ ਜ਼ਰੂਰ ਸ਼ਾਮਲ ਕਰੋ।

**ਪਾਲਕ–** ਹਰੀਆਂ ਪੱਤੇਦਾਰ ਸਬਜ਼ੀਆਂ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ, ਪਾਲਕ ਸ਼ੂਗਰ ਦੇ ਮਰੀਜ਼ਾਂ ਲਈ ਸਭ ਤੋਂ ਵਧੀਆ ਵਿਕਲਪ ਹੈ। ਇਸ ਵਿੱਚ ਵਿਟਾਮਿਨ ਏ, ਵਿਟਾਮਿਨ ਸੀ, ਫੋਲੇਟ, ਫਾਈਬਰ ਅਤੇ ਕਈ ਵਿਟਾਮਿਨ ਪਾਏ ਜਾਂਦੇ ਹਨ। ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਘੱਟ ਕਰਦੇ ਹਨ। **ਨੋਟ–** ਦਰਸਾਈ ਗਈ ਸਲਾਹ ਅਤੇ ਸੁਝਾਅ ਸਿਰਫ ਆਮ ਜਾਣਕਾਰੀ ਲਈ ਹੈ।

# ਦਿਲ ਨੂੰ ਜਵਾਨ ਰੱਖਣ ਲਈ ਇਹਨਾਂ ਭੋਜਨਾਂ ਤੋਂ ਬਣਾਓ ਦੂਰੀ



ਸਾਡੇ ਸਰੀਰ ਵਿੱਚ ਮੌਜੂਦ ਸਾਰੇ ਅੰਗ ਬਹੁਤ ਮਹੱਤਵਪੂਰਨ ਹਨ। ਸਾਰੇ ਅੰਗਾਂ ਦੇ ਆਪਣੇ ਵੱਖ-ਵੱਖ ਕੰਮ ਹੁੰਦੇ ਹਨ, ਜਿਸ ਕਾਰਨ ਅਸੀਂ ਸਿਹਤਮੰਦ ਰਹਿੰਦੇ ਹਾਂ। ਹਾਲਾਂਕਿ, ਜਦੋਂ ਸਾਡਾ ਕੋਈ ਵੀ ਅੰਗ ਸਹੀ ਢੰਗ ਨਾਲ ਕੰਮ ਨਹੀਂ ਕਰਦਾ, ਤਾਂ ਇਹ ਕਈ ਸਮੱਸਿਆਵਾਂ ਦਾ ਕਾਰਨ ਬਣਦਾ ਹੈ। ਦਿਲ ਸਾਡੇ ਸਰੀਰ ਦਾ ਇੱਕ ਬਹੁਤ ਹੀ ਮਹੱਤਵਪੂਰਨ ਅੰਗ ਹੈ, ਜੋ ਸਾਡੇ ਪੂਰੇ ਸਰੀਰ ਨੂੰ ਖੂਨ ਦੀ ਸਪਲਾਈ ਕਰਨ ਦਾ ਕੰਮ ਕਰਦਾ ਹੈ। ਅਜਿਹੇ 'ਚ ਆਪਣੀ ਸਿਹਤ ਦਾ ਖਾਸ ਖਿਆਲ ਰੱਖਣਾ ਜ਼ਰੂਰੀ ਹੈ। ਸਾਡੀਆਂ ਕੁਝ ਆਦਤਾਂ ਤੇ ਖੁਰਾਕ ਦਿਲ ਨੂੰ ਸਿਹਤਮੰਦ ਬਣਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਅਜਿਹੇ 'ਚ ਜੇ ਤੁਹਾਡੀ ਖੁਰਾਕ ਤੇ ਕੁਝ ਆਦਤਾਂ ਖਰਾਬ ਹਨ ਤਾਂ ਇਸ ਦਾ ਦਿਲ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ। ਅੱਜ ਇਸ ਲੇਖ ਵਿਚ ਅਸੀਂ ਤੁਹਾਨੂੰ ਕੁਝ ਅਜਿਹੇ ਭੋਜਨਾਂ ਬਾਰੇ ਦੱਸਾਂਗੇ ਜੋ ਤੁਹਾਡੇ ਦਿਲ ਲਈ ਨੁਕਸਾਨਦੇਹ ਸਾਬਤ ਹੋ ਸਕਦੇ ਹਨ।

**ਡੇਲੀ ਮੀਟ–** ਜੇ ਤੁਸੀਂ ਆਪਣੇ ਦਿਲ ਨੂੰ ਸਿਹਤਮੰਦ ਰੱਖਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਮੀਟ ਦਾ ਸੇਵਨ ਬਹੁਤ ਸੀਮਤ ਮਾਤਰਾ 'ਚ ਕਰੋ। ਦਰਅਸਲ ਡੇਲੀ ਮੀਟ ਵਿੱਚ ਨਮਕ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜੋ ਤੁਹਾਡੇ ਦਿਲ ਦੀ ਸਿਹਤ ਲਈ ਬਹੁਤ ਨੁਕਸਾਨਦੇਹ ਹੈ। ਡੇਲੀ ਮੀਟ ਪਹਿਲਾਂ ਤੋਂ ਪਕਾਏ ਹੋਏ ਮੀਟ ਹੁੰਦੇ ਹਨ ਜੋ ਵੈਕਿਊਮ ਪੈਕ ਹੁੰਦੇ ਹਨ ਅਤੇ ਜ਼ਿਆਦਾਤਰ ਸੈਂਡਵਿਚ ਵਿੱਚ ਵਰਤੇ ਜਾਂਦੇ ਹਨ।

**ਫ੍ਰੈਂਚ ਫ੍ਰਾਈਜ਼–** ਸ਼ਾਇਦ ਹੀ ਕੋਈ ਅਜਿਹਾ ਹੋਵੇ ਜਿਸ ਨੂੰ ਫਰੈਂਚ ਫਰਾਈਜ਼ ਪਸੰਦ ਨਾ ਹੋਣ। ਆਲੂਆਂ ਤੋਂ ਬਣਿਆ ਇਹ ਸੁਆਦੀ ਪਕਵਾਨ ਤੁਹਾਡੇ ਦਿਲ ਲਈ ਇੱਕ ਜਾਂ ਦੋ ਨਹੀਂ ਸਗੋਂ ਤਿੰਨ ਗੁਣਾ ਖਤਰਨਾਕ ਹੈ। ਇਸ ਵਿੱਚ ਸਧਾਰਨ ਕਾਰਬੋਹਾਈਡਰੇਟ ਦੀ ਵੱਡੀ ਮਾਤਰਾ ਹੁੰਦੀ ਹੈ, ਜੋ ਤੁਹਾਡੇ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾ ਸਕਦੀ ਹੈ। ਇਸ ਤੋਂ ਇਲਾਵਾ ਇਨ੍ਹਾਂ 'ਚ ਚਰਬੀ ਅਤੇ ਨਮਕ ਵੀ ਭਰਪੂਰ ਹੁੰਦਾ ਹੈ, ਜੋ ਦਿਲ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

**ਸੋਡਾ ਤੇ ਡਾਈਟ ਸੋਡਾ–** ਅੱਜਕੱਲ੍ਹ ਬਹੁਤ ਸਾਰੇ ਲੋਕਾਂ ਨੇ ਸੋਡਾ ਪੀਣ ਦੀ ਆਦਤ ਹੈ। ਖਾਸ ਤੌਰ 'ਤੇ ਗਰਮੀਆਂ ਦੇ ਮੌਸਮ 'ਚ ਠੰਢਕ ਬਰਕਰਾਰ ਰੱਖਣ ਲਈ ਬਹੁਤ ਸਾਰੇ ਲੋਕ ਇਸ ਨੂੰ ਜ਼ਿਆਦਾ ਮਾਤਰਾ 'ਚ ਪੀਂਦੇ ਹਨ। ਹਾਲਾਂਕਿ ਇਹ ਤੁਹਾਡੇ ਦਿਲ ਲਈ ਕਾਫ਼ੀ ਨੁਕਸਾਨਦੇਹ ਹੈ। ਇਹਨਾਂ ਨੂੰ ਪੀਣ ਨਾਲ ਇਨਸੁਲਿਨ ਸਪਾਈਕ ਵਧਦਾ ਹੈ, ਜੋ ਭਾਰ ਵਧਣ, ਸੋਜ ਤੇ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦਾ ਹੈ।

**ਆਇਸਕ੍ਰੀਮ–** ਕਈ ਲੋਕ ਬੜੇ ਚਾਅ ਨਾਲ ਆਈਸਕ੍ਰੀਮ ਖਾਂਦੇ ਹਨ। ਗਰਮੀਆਂ 'ਚ ਹੀ ਨਹੀਂ, ਇਨ੍ਹੀਂ ਦਿਨੀਂ ਲੋਕ ਸਰਦੀਆਂ 'ਚ ਵੀ ਇਸ ਨੂੰ ਬੜੇ ਚਾਅ ਨਾਲ ਖਾਣ ਲੱਗ ਪਏ ਹਨ। ਹਾਲਾਂਕਿ, ਆਈਸਕ੍ਰੀਮ ਜੋ ਤੁਸੀਂ ਬਹੁਤ ਚਾਅ ਨਾਲ ਖਾਂਦੇ ਹੋ ਤੁਹਾਡੇ ਦਿਲ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇੱਕ ਵਿਅਕਤੀ ਲਈ ਪ੍ਰਤੀ ਦਿਨ 300 ਮਿਲੀਗ੍ਰਾਮ ਤੋਂ ਵੱਧ ਕੋਲੇਸਟ੍ਰੋਲ ਦਾ ਸੇਵਨ ਕਰਨਾ ਨੁਕਸਾਨਦੇਹ ਹੈ। ਅਜਿਹੀ ਸਥਿਤੀ ਵਿੱਚ ਕੁਝ ਆਈਸਕ੍ਰੀਮਾਂ ਵਿੱਚ ਕੋਲੈਸਟ੍ਰਾਲ ਦਾ ਪੱਧਰ ਲੋੜ ਤੋਂ ਵੱਧ ਹੁੰਦਾ ਹੈ, ਜੋ ਤੁਹਾਡੇ ਦਿਲ ਲਈ ਚੰਗਾ ਨਹੀਂ ਹੁੰਦਾ।

**ਵ੍ਹਾਈਟ ਬਰੈੱਡ–** ਜੇ ਤੁਸੀਂ ਖੁਦ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਉਣਾ ਚਾਹੁੰਦੇ ਹੋ ਤਾਂ ਅੱਜ ਹੀ ਆਪਣੀ ਡਾਈਟ 'ਚੋਂ ਵ੍ਹਾਈਟ ਬਰੈੱਡ ਨੂੰ ਕੱਢ ਦਿਓ। ਦਰਅਸਲ ਵ੍ਹਾਈਟ ਬਰੈੱਡ ਵਿੱਚ ਫਾਈਬਰ, ਖਣਿਜ, ਫਾਈਟੋਕੈਮੀਕਲ ਅਤੇ ਸਿਹਤਮੰਦ ਫੈਟ ਨਹੀਂ ਹੁੰਦੇ ਹਨ, ਜੋ ਦਿਲ ਨੂੰ ਸਿਹਤਮੰਦ ਰੱਖਣ ਲਈ ਜ਼ਰੂਰੀ ਹੁੰਦੇ ਹਨ। ਤੁਸੀਂ ਵ੍ਹਾਈਟ ਬਰੈੱਡ ਦੀ ਬਜਾਏ ਪੂਰੀ ਕਣਕ ਦੀ ਬਰੈੱਡ ਖਾ ਸਕਦੇ ਹੋ।

**ਕੈਂਡੀ–** ਜੇਕਰ ਤੁਸੀਂ ਵੀ ਕੈਂਡੀ ਖਾਣ ਦੇ ਸ਼ੌਕੀਨ ਹੋ ਤਾਂ ਹੋ ਜਾਓ ਸਾਵਧਾਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਇਸ ਆਕਾਰ ਦੀ ਕੈਂਡੀ ਖਾਧੀ ਹੈ ਹਰ ਤਰ੍ਹਾਂ ਦੀ ਕੈਂਡੀ ਵਿਚ ਜ਼ਿਆਦਾ ਮਾਤਰਾ ਵਿਚ ਖੰਡ ਹੁੰਦੀ ਹੈ, ਜਿਸ ਨਾਲ ਚਰਬੀ ਜਮ੍ਹਾ ਹੋਣ ਨਾਲ ਦਿਲ ਦੀ ਬਿਮਾਰੀ ਦਾ ਖਤਰਾ ਵਧ ਸਕਦਾ ਹੈ।

**ਫ੍ਰਾਈਡ ਚਿਕਨ–** ਬਹੁਤ ਸਾਰੇ ਲੋਕ ਭਾਰ ਘਟਾਉਣ ਲਈ ਗ੍ਰਿਲਡ ਚਿਕਨ ਖਾਂਦੇ ਹਨ ਪਰ ਜੇ ਤੁਸੀਂ ਫ੍ਰਾਈਡ ਚਿਕਨ ਖਾ ਰਹੇ ਹੋ ਤਾਂ ਇਹ ਕਾਫੀ ਗੈਰ-ਸਿਹਤਮੰਦ ਸਾਬਤ ਹੋ ਸਕਦਾ ਹੈ। ਫ੍ਰਾਈਡ ਚਿਕਨ ਵਿੱਚ ਗ੍ਰਿਲਡ ਚਿਕਨ ਨਾਲੋਂ ਬਹੁਤ ਜ਼ਿਆਦਾ ਕੋਲੇਸਟ੍ਰੋਲ ਹੁੰਦਾ ਹੈ। ਜੇਕਰ ਤੁਸੀਂ ਆਪਣੇ ਦਿਲ ਨੂੰ ਸਿਹਤਮੰਦ ਰੱਖਣਾ ਚਾਹੁੰਦੇ ਹੋ ਤਾਂ ਫ੍ਰਾਈਡ ਚਿਕਨ ਦੀ ਬਜਾਏ ਗ੍ਰਿਲਡ ਚਿਕਨ ਦੀ ਚੋਣ ਕਰੋ।

# ਸੰਘੋਲ- ਦੁਨੀਆਂ ਦੀ ਪੁਰਾਣੀ ਸਭਿਅਤਾ ਦੀ ਵਿਰਾਸਤ ਦਾ ਅਨਮੋਲ ਖ਼ਜ਼ਾਨਾ



ਸੰਘੋਲ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਜਿਸ ਨੂੰ ਉੱਚਾ ਪਿੰਡ ਦੇ ਨਾਂ ਵਜੋਂ ਵੀ ਜਾਣਿਆ ਜਾਂਦਾ ਹੈ, ਇਹ ਚੰਡੀਗੜ੍ਹ-ਲੁਧਿਆਣਾ ਰੋਡ 'ਤੇ ਚੰਡੀਗੜ੍ਹ ਤੋਂ 40 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਕੀਤੀਆਂ ਗਈਆਂ ਐਕਸਕਵੇਸ਼ਨਾਂ ਅਤੇ ਐਕਸਪਲੋਰੇਸ਼ਨਾਂ ਦੇ ਨਤੀਜੇ ਤੋਂ ਇਹ ਸਬੂਤ ਮਿਲਿਆ ਹੈ ਕਿ 2500 ਬੀ.ਸੀ. ਦੌਰਾਨ ਰਿਹਾਇਸ਼ ਦੇ ਸਬੂਤ ਮਿਲੇ ਹਨ। ਪੰਜਾਬ ਵਿੱਚ ਕਈ ਇਤਿਹਾਸਕ ਸਥਾਨ ਹਨ ਜਿਨ੍ਹਾਂ ਤੋਂ ਪੰਜਾਬ ਦੇ ਪ੍ਰਾਚੀਨ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ। ਉਨ੍ਹਾਂ ਵਿੱਚੋਂ ਸੰਘੋਲ ਇੱਕ ਹੈ। ਪੰਜਾਬ ਦੇ ਇਤਿਹਾਸ ਨੂੰ ਜਾਣਨ ਲਈ ਪੁਰਾਤੱਤਵੀ ਖੁਦਾਈਆਂ ਅਤੇ ਖੋਜਾਂ ਦੀ ਲੋੜ ਸੀ। ਇਸ ਤੱਥ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਪੁਰਾਤੱਤਵ ਵਿਭਾਗ ਅਤੇ ਭਾਰਤੀ ਸਰਵੇਖਣ, ਚੰਡੀਗੜ੍ਹ ਸਰਕਲ ਵਲੋਂ ਸਾਂਝੀ ਪੁਰਾਤੱਤਵ ਖੁਦਾਈ 1985 ਤੋਂ 1991 ਤੱਕ ਕੀਤੀ ਗਈ। ਇਸ ਤੋਂ ਪਹਿਲਾਂ ਪੰਜਾਬ ਪੁਰਾਤੱਤਵ ਵਿਭਾਗ ਵਲੋਂ 1968 ਵਿੱਚ ਵੀ ਖੁਦਾਈ ਕੀਤੀ ਸੀ। ਇਨ੍ਹਾਂ ਖੁਦਾਈਆਂ ਵਿੱਚ ਬਹੁਤ ਹੀ ਪ੍ਰਾਚੀਨ ਤੇ ਖੋਜ ਭਰਪੂਰ ਸਮੱਗਰੀ ਮਿਲੀ ਸੀ।

ਇਸ ਸਾਈਟ 'ਤੇ ਸਭ ਤੋਂ ਪੁਰਾਣਾ ਨਿਵਾਸ ਪੀਲੀ ਮਿੱਟੀ (ਵਰਜਿਨ ਸੋਇਲ) ਤੋਂ ਸ਼ੁਰੂ ਹੁੰਦਾ ਹੈ। ਇਹ ਬਸਤੀ ਬਾੜਾ ਸੱਭਿਆਚਾਰ (ਰੋਪੜ) ਵਿੱਚ ਤੁਲਨਾਤਮਕ ਹੈ। ਇੱਥੋਂ ਦੇ ਵਸਨੀਕਾਂ ਦੇ ਸਭ ਤੋਂ ਪਹਿਲਾਂ ਛੱਤ ਵਾਲੀਆਂ ਝੌਂਪੜੀਆਂ ਵਿਚ ਰਹਿਣਾ ਸ਼ੁਰੂ ਕੀਤਾ। ਕੁਝ ਦਹਾਕਿਆਂ ਬਾਅਦ ਉਹ ਕੱਚੇ ਇੱਟਾਂ ਦੇ ਘਰਾਂ ਵਿਚ ਰਹਿਣ ਲੱਗ ਪਏ। ਉਨ੍ਹਾਂ ਦੇ ਘਰ ਕਾਫ਼ੀ ਖੁੱਲ੍ਹੇ ਸਨ। ਉਨ੍ਹਾਂ ਦੇ ਮੱਕੀ ਦੇ ਡੱਬਿਆਂ ਅਤੇ ਵੱਡੇ ਸਟੋਰੇਜ਼ ਜਾਰਾਂ ਵਿਚ ਆਪਣੀ ਪੈਦਾਵਾਰ ਰੱਖੀ। ਉਨ੍ਹਾਂ ਦੇ ਜਿਓਮੈਟਿਕ ਡਿਜ਼ਾਈਨਾਂ ਨਾਲ ਮਿੱਟੀ ਦੇ ਬਰਤਨ ਬਣਾਏ ਤੇ ਵਰਤੇ। ਖਾਣਾ ਪਕਾਉਣ ਦੇ ਭਾਂਡੇ ਅਤੇ ਪਾਣੀ ਦੇ ਘੜੇ ਆਮ ਕਰ ਕੇ ਬਾਹਰੀ ਤੌਰ 'ਤੇ ਵੱਖ-ਵੱਖ ਡਿਜ਼ਾਈਨਾਂ ਨਾਲ ਕੱਟੇ ਜਾਂਦੇ ਸਨ। ਉਨ੍ਹਾਂ ਨੇ ਚੀਨੀ ਦੇ ਬਰਤਨ, ਐਗਟ ਕਾਰਨੇਲੀਅਨ ਦੇ ਮਣਕਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਤਾਂਬੇ ਦੇ ਉਪਕਰਨਾਂ ਦੀ ਵਰਤੋਂ ਦੀ ਤਸਦੀਕ ਕੀਤੀ ਜਾਂਦੀ ਹੈ। ਛੋਟੇ ਮਣਕਿਆਂ 'ਤੇ ਡਿਜ਼ਾਈਨ, ਮੋਰ, ਮੱਛੀ ਅਤੇ ਸੂਰਜ ਦੇ ਨਮੂਨੇ ਨਾਲ ਸਜਾਇਆ ਗਿਆ ਸੀ। ਇੱਕ ਸ਼ਾਰਡ ਅਤੇ



ਇੱਕ ਬਰਤਨ 'ਤੇ ਇੱਕ ਗਰਭਵਤੀ ਬਾਘਣ ਨੂੰ ਸ਼ਾਵਕ ਨਾਲ ਪੇਂਟ ਕੀਤਾ ਗਿਆ ਸੀ। ਮਕਾਨ ਉਸਾਰੀ ਦੇ ਛੇ ਪੜਾਅ ਨੋਟ ਕੀਤੇ ਗਏ ਹਨ। ਲੋਕ 1900 ਈਸਾ ਪੂਰਵ ਤੋਂ 1400 ਈਸਾ ਪੂਰਵ ਤਕ ਆਪਣੇ ਘਰਾਂ, ਰੇਡੀਓ ਕਾਰਬਨ ਅਤੇ ਥੀਮੋਲੀਮੀਨੈਂਸ ਦੀਆਂ ਤਰੀਕਾਂ ਦੇ ਦਿਸ਼ਾ-ਨਿਰਦੇਸ਼ ਵਿੱਚ ਬਿਨਾਂ ਕਿਸੇ ਤਬਦੀਲੀ ਦੇ ਰਹਿੰਦੇ ਸਨ। ਸਾਈਟ 'ਤੇ ਅਗਲੀ ਰਿਹਾਇਸ਼ ਉਨ੍ਹਾਂ ਲੋਕਾਂ ਦੀ ਹੈ ਜੋ ਪੇਂਟ ਕੀਤੇ ਗ੍ਰੇ-ਵੇਅਰ ਦੀ ਵਰਤੋਂ ਕਰਦੇ ਸਨ। ਉਹ ਹਾਲਾਤ ਦੇ ਆਧਾਰ 'ਤੇ ਆਰੀਅਨਾਂ ਦੇ ਬਰਾਬਰ ਹਨ। ਇਨ੍ਹਾਂ ਲੋਕਾਂ ਦੀ ਆਰਥਿਕਤਾ ਖੇਤੀਬਾੜੀ ਅਤੇ ਪਸ਼ੂ ਪਾਲਣ 'ਤੇ ਆਧਾਰਤ ਸੀ। ਇਸ ਸਮੇਂ ਦੌਰਾਨ ਕੋਈ ਢਾਂਚਾਗਤ ਗਤੀਵਿਧੀ ਨਜ਼ਰ ਨਹੀਂ ਆਉਂਦੀ। ਲੋਕ ਸ਼ਾਇਦ ਛੋਟੀਆਂ-ਛੋਟੀਆਂ ਝੌਂਪੜੀਆਂ ਵਿੱਚ ਰਹਿੰਦੇ ਸਨ।

ਪੇਂਟਡ ਗ੍ਰੇ-ਵੇਅਰ ਪੀਰੀਅਡ 1000 ਬੀਸੀ ਤੋਂ ਸੀ. 600 ਬੀ.ਸੀ. ਨੂੰ ਨਿਰਧਾਰਤ ਕੀਤਾ ਗਿਆ ਹੈ। ਸੰਘੋਲ ਦੇ ਸਥਾਨ 'ਤੇ ਅਗਲੀ ਰਿਹਾਇਸ਼ ਬਲੈਕ-ਸਲਿਪਡ ਵੇਅਰ ਦੀ ਹੈ ਜੋ ਸੀ. 600 ਬੀ.ਸੀ. ਨੂੰ . 200 ਬੀ.ਸੀ ਦੇ ਦਰਮਿਆਨ ਉਸਾਰੀ ਦੀ ਗਤੀਵਿਧੀ ਕਈ ਗੁਣਾ ਵਧ ਗਈ। ਸੁਆਹ ਦੀ ਪਰਤ ਉੱਤੇ ਇੱਕ ਪਲੇਟਫਾਰਮ ਬਣਾਉਣ ਤੋਂ ਬਾਅਦ, ਪੱਕੀਆਂ ਅਤੇ ਕੱਚੀਆਂ ਇੱਟਾਂ ਦੀਆਂ ਬਣਤਰਾਂ ਦੇਖੀਆਂ ਜਾਂਦੀਆਂ ਹਨ, ਟੇਰਾ-ਕੋਟਾ ਮੂਰਤੀ, ਜਿਸ ਵਿੱਚ ਨਗਨ ਰੂਪ ਵਿੱਚ ਦੇਵੀ ਦੀ ਮੂਰਤੀ, ਪੰਚ-ਮਾਰਕ ਕੀਤੇ ਸਿੱਕੇ ਵੱਖ-ਵੱਖ ਤਾਂਬੇ ਅਤੇ ਲੋਹੇ ਦੇ ਸੰਦ ਅਤੇ ਵੱਡੀ ਗਿਣਤੀ ਵਿੱਚ ਮਣਕੇ (ਘਾਟ ਦੇ ਆਕਾਰ ਦੇ), ਇਸ ਸਮੇਂ ਦੌਰਾਨ ਐਗੇਟ, ਕਾਰਨੇਲੀਅਨ ਅਤੇ ਹੋਰ ਪੱਥਰ ਪ੍ਰਾਪਤ ਕੀਤੇ ਗਏ ਹਨ।

ਇੰਡੋ-ਪਾਰਥੀਅਨ ਰਾਜੇ ਗੋਂਡੋਫਰਨੀਜ਼ ਦੇ ਸਮੇਂ ਦੌਰਾਨ, ਸੰਘੋਲ ਸ਼ਾਇਦ ਉਸ ਦੀ ਪੂਰਬੀ ਚੌਕੀ ਸੀ। 27 ਏ.ਡੀ. ਤੋਂ 47 ਏ.ਡੀ. ਤੱਕ ਭਾਰਤ ਦੇ ਉੱਤਰੀ ਹਿੱਸਿਆਂ ਉੱਤੇ ਰਾਜ ਕਰਨ ਵਾਲੇ ਇਸ ਕਿਸਮ ਦੇ ਤਾਂਬੇ ਦੇ ਸਿੱਕਿਆਂ ਅਤੇ ਸਿੱਕਿਆਂ ਦੇ ਮੋਲਡਾਂ ਦੀ ਇੱਕ ਖਰੋਸਟੀ ਸੀਲ ਅਤੇ ਬਹੁਤ ਵੱਡੀ ਗਿਣਤੀ ਵਿੱਚ ਛੋਟੇ ਤਾਂਬੇ ਦੇ ਸਿੱਕੇ ਅਤੇ ਸਿੱਕੇ ਦੇ ਮੋਲਡ ਖੁਦਾਈ ਅਤੇ ਸਤਹ ਖੋਜਾਂ ਦੌਰਾਨ ਲੱਭੇ ਗਏ ਹਨ।

ਸੰਘੋਲ ਕੁਸ਼ਾਨ ਕਾਲ ਦੇ ਸਮੇਂ ਵਿਚ ਵੱਡਾ ਹੁੰਦਾ ਗਿਆ। ਉਸ ਰਾਜਵੰਸ਼ ਦੇ ਸਾਰੇ ਰਾਜਿਆਂ ਦੇ ਸਿੱਕੇ ਅਤੇ ਖਰੋਸਟੀ ਅਤੇ ਬ੍ਰਹਮੀ ਲਿਪੀ ਦੀਆਂ ਮੋਹਰਾਂ ਵੀ ਲੱਭੀਆਂ ਹਨ। ਅੰਦਰੂਨੀ ਅਤੇ ਬਾਹਰੀ ਖੱਡਾਂ ਵਾਲਾ ਇੱਕ ਵੱਡਾ ਗੜ੍ਹ ਲੱਭਿਆ ਗਿਆ ਸੀ। ਇਸ ਸਮੇਂ ਲਈ ਜਾਂ ਥੋੜ੍ਹੇ ਜਿਹੇ ਆਰੰਭ ਵਿੱਚ, ਇੱਕ ਵੱਡੇ ਮੱਠ ਕੰਪਲੈਕਸ ਦੇ ਨਾਲ ਧਰਮ-ਚੱਕਰ ਪੈਟਰਨ ਵਾਲਾ ਸਤੂਪ ਨਿਰਧਾਰਤ ਕੀਤਾ ਗਿਆ ਹੈ। ਮੋਹਰਾਂ ਦੇ ਕੁੱਝ ਬਹੁਤ ਹੀ ਸੁੰਦਰ ਨਮੂਨੇ, ਜਿਸ ਵਿੱਚ ਚਾਰ-ਹੱਥ ਵਾਲੇ ਸ਼ਿਵ ਵੀ ਸ਼ਾਮਲ ਹਨ, ਇਸ ਸਮੇਂ ਦੀ ਖੁਦਾਈ ਦੌਰਾਨ ਮਿਲੇ ਹਨ।

### ਸਤੂਪਾ ਅਤੇ ਮੱਠ ਕੰਪਲੈਕਸ

ਸੰਘੋਲ ਖੁਦਾਈ ਦੌਰਾਨ ਲੱਭਿਆ ਗਿਆ ਸਭ ਤੋਂ ਮਹੱਤਵਪੂਰਨ ਸਮਾਰਕ ਸਤੂਪਾ ਅਤੇ ਮੱਠ ਕੰਪਲੈਕਸ ਹੈ। ਕਿਲ੍ਹਾਬੰਦ (ਹਾਥੀ ਵਾੜਾ) ਟਾਊਨਸ਼ਿਪ ਦੇ ਉੱਤਰ-ਪੂਰਬ ਵੱਲ ਲਗਪਗ 500 ਮੀਟਰ ਦੀ ਦੂਰੀ 'ਤੇ ਸਥਿਤ ਹੈ, (ਜਿਸ ਨੂੰ ਹਾਥੀ ਵਾੜਾ ਕਿਹਾ ਜਾਂਦਾ ਹੈ) ਸਤੂਪਾ ਅਤੇ ਮੱਠ ਕੰਪਲੈਕਸ ਬੁੱਧ ਧਰਮ ਦੇ ਪ੍ਰਚੱਲਿਤ/ਫੈਲਣ ਦਾ ਸਬੂਤ ਦਿੰਦੇ ਹਨ। ਮੂਲ ਰੂਪ ਵਿੱਚ ਇੱਕ ਢੇਰ ਜਾਂ ਟਿੱਲਾ ਇੱਕ ਸਤੂਪਾ (ਸ਼ਬਦ ਚੈਤ ਦਾ ਸਮਾਨਾਰਥੀ) ਬੁੱਧ ਧਰਮ ਦੇ ਅਭਿਆਸ ਵਿੱਚ, ਕਿਸੇ ਬੋਧੀ ਬ੍ਰਹਮਤਾ ਜਾਂ ਵੱਡੀ ਸ਼ਖ਼ਸੀਅਤ ਦਾ ਅੰਤਿਮ ਸੰਸਕਾਰ ਦੀ ਯਾਦਗਾਰ ਵਜੋਂ ਬਣਾਇਆ ਗਿਆ ਸੀ। ਜੇ ਸਤੂਪ (ਬੋਧੀ ਮੱਠ) ਨੂੰ ਅਵਸ਼ੇਸ਼ਾਂ ਦੇ ਉੱਪਰ ਬਣਾਇਆ ਗਿਆ ਹੋਵੇ ਤਾਂ ਉਹ ਸਰਿਰਲ (ਕੋਰਪੋਰੀਅਲ) ਸਨ;, ਬੁੱਢਾ ਪਰੀਭੋਗਿਕਾ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਦਾ ਯਾਦਗਾਰੀ ਚਿੰਨ੍ਹ ਜਦੋਂ ਵਰਤੋਂ ਦੇ ਲੇਖਾਂ 'ਤੇ ਉਭਾਰਿਆ ਗਿਆ। ਬਕਸੇ ਨੂੰ ਸਾਫ਼ ਕਰਦੇ ਸਮੇਂ ਇੱਕ ਢੱਕਣ ਬਰਾਮਦ ਕੀਤਾ ਗਿਆ ਸੀ। ਢੱਕਣ 'ਤੇ ਉਪਾਸਿਕਾ ਅਯਭਦਰਸ ਪੜ੍ਹਨ ਵਾਲੀ ਇੱਕ ਖੁਰਦ ਕਥਾ ਹੈ ਅਤੇ ਦੰਤਕਥਾ 1-2 ਸੈਂਟੀ ਬੀ.ਸੀ. ਸਤੂਪ ਦੇ ਕੇਂਦਰੀ ਹਿੱਸੇ ਤੋਂ ਮਨੁੱਖੀ ਦੰਦਾਂ ਦੀ ਸੁਆਹ ਅਤੇ ਇਸ ਤਰ੍ਹਾਂ ਦੀਆਂ ਹੱਡੀਆਂ ਦੇ ਨਾਲ-ਨਾਲ ਤਾਬੂਤ ਦਾ ਬੋਟਨ ਵਾਲਾ ਹਿੱਸਾ ਵੀ ਬਰਾਮਦ ਕੀਤਾ ਗਿਆ ਸੀ ਜੋ ਇਸ ਸਤੂਪ (ਬੋਧੀ ਮੱਠ) ਦੇ ਮਹੱਤਵਪੂਰਨ ਕਿਸਮ ਹੋਣ ਦਾ ਸਬੂਤ ਦਿੰਦਾ ਹੈ। ਪਹਿਲੀ ਅਤੇ ਦੂਜੀ ਸ਼ਤਾਬਦੀ ਦੇ ਖੁਦਾਈ ਦਰਮਿਆਨ ਸਿੱਕੇ ਬਰਾਮਦ ਕੀਤੇ ਗਏ ਸਨ ਅਤੇ



ਨਾਲ ਹੀ ਨੇੜੇ ਦੇ ਮੱਠਾਂ ਵਿੱਚ ਜਾਤਕ ਕਹਾਣੀਆਂ ਨੂੰ ਲਾਲ ਰੰਗ ਵਿੱਚ ਦਰਸਾਉਂਦੇ ਗੇਟਵੇ ਤੋਂ ਪੱਥਰ ਦੇ ਟੁੱਟੇ ਹੋਏ ਹਿੱਸੇ ਵਿੱਚ ਮਿਲੇ ਸਨ- ਜੋ ਸ਼ੈਲੀ ਦੇ ਆਧਾਰ 'ਤੇ ਸੁੰਗ ਕਾਲ ਦੇ ਸਮੇਂ ਦੇ ਹਨ। ਸਤੂਪ ਪਹਿਲੀ ਜਾਂ ਦੂਜੀ ਸ਼ਤਾਬਦੀ ਦਾ ਬਣਾਇਆ ਹੋਇਆ ਹੈ। 630 ਏ.ਡੀ. ਅਤੇ 645 ਏ.ਡੀ. ਦੇ ਵਿਚਕਾਰ ਦੇ ਸਮੇਂ ਦੌਰਾਨ ਚੀਨੀ ਯਾਤਰੀ ਹਿਊਨ ਸਾਂਗ ਨੇ ਪੰਜਾਬ ਦੀ ਧਰਤੀ ਦੀ ਯਾਤਰਾ ਕੀਤੀ। ਉਸ ਨੇ ਕੁੱਲੂ ਤੋਂ ਦੱਖਣ ਨਦੀ ਦੇ ਪਾਰ ਯਾਤਰਾ ਕੀਤੀ ਅਤੇ ਸ਼ੈਪੂਤੁਲਾ ਨਾਮ ਦੇਸ਼ ਪਹੁੰਚਿਆ। ਇਹ ਪੱਛਮ ਵੱਲ ਇੱਕ ਵਿਸ਼ਾਲ ਆਬਾਦੀ ਨਾਲ ਘਿਰੇ ਹੋਏ ਹਨ ਅਤੇ ਇਥੋਂ ਦੀ ਸਤਲੁੱਜ ਦਰਿਆ ਲੰਘਦਾ ਹੈ। ਇਹ ਇੱਕ ਖੇਤੀਬਾੜੀ ਅਤੇ ਫੱਲ ਉਤਪਾਦਕ ਦੇਸ਼ ਸੀ। ਬਹੁਤ ਸਾਰਾ ਸੋਨਾ ਚਾਂਦੀ ਅਤੇ ਕੀਮਤੀ ਪਦਾਰਥ ਪੈਦਾ ਕਰਦਾ ਸੀ, ਵਸਨੀਕ ਚੰਗੀ ਹਾਲਤ ਵਿੱਚ ਸੀ, ਸਮਾਜਿਕ ਵਖਰੇਵੇਂ ਦੀ ਪਾਲਣਾ ਕਰਦੇ ਹਨ। ਬੁੱਧ ਧਰਮ ਦੀ ਪਾਲਣਾ ਕਰਦੇ ਸਨ ਅਤੇ ਹਿਊਨ ਸਾਂਗ ਯਾਤਰੀ ਵਰਨਣ ਕਰਦਾ ਹੈ ਕਿ ਇੱਥੇ ਬੁੱਧ ਧਰਮ ਦੀ ਪਾਲਣਾ ਕਰਨ ਵਾਲੇ ਲੋਕ ਰਹਿੰਦੇ ਸਨ।

ਸਾਲ 1985 ਵਿੱਚ, ਖੁਦਾਈ ਦੇ ਦਰਮਿਆਨ ਸਤੂਪਾ (ਬੋਧੀ ਮੱਠ) ਦੇ ਨੇੜੇ 117 ਲਾਲ ਪੱਥਰ ਦੀਆਂ ਮੂਰਤੀਆਂ ਵੀ ਲੱਭੀਆਂ ਗਈਆਂ ਸਨ। ਇਹ ਥੰਮ੍ਹਾਂ, ਕੋਪਿੰਗ ਸਟੋਨਜ਼ ਅਤੇ ਕਰਾਸ-ਬਾਰਾਂ ਦੇ ਰੂਪ ਵਿੱਚ ਹਨ। ਇਹ ਪਹਿਲੀ ਵਾਰ ਹੈ ਕਿ ਮਥੁਰਾ ਸਕੂਲ ਆਫ਼ ਆਰਟ ਨਾਲ ਸਬੰਧਤ ਇਹ ਮੂਰਤੀਆਂ ਇੰਨੀ ਵੱਡੀ ਗਿਣਤੀ ਵਿੱਚ ਮਥੁਰਾ ਖੇਤਰ ਦੇ ਬਾਹਰ ਲੱਭੀਆਂ ਗਈਆਂ ਹਨ। ਇਨ੍ਹਾਂ ਮੂਰਤੀਆਂ ਦੇ ਮਿਲਣ ਨੂੰ ਪੁਰਾਤੱਤਵ ਵਿਗਿਆਨ ਦੇ ਦਾਇਰੇ ਵਿੱਚ ਸਦੀ ਦੀਆਂ ਸਭ ਤੋਂ ਵੱਡੀਆਂ ਖੋਜਾਂ ਵਿੱਚੋਂ ਇੱਕ ਮੰਨਿਆ ਗਿਆ ਹੈ। ਇੱਥੇ ਸੰਘੋਲ ਕਸਬੇ ਦੇ ਪੁਰਾਤੱਤਵੀ ਥੇਹ ਦੇ 10 ਬੋਧੀ ਸਤੂਪਾ ਮੱਠਾਂ ਦੇ ਮਿਲਣ ਦੇ ਸੰਕੇਤ ਮਿਲੇ ਹਨ। ਸੰਘੋਲ ਦਾ ਨਾਂ ਸੰਗ-ਉਲ-ਸੰਗਪੁਰ-ਬੋਧੀ ਮੱਠਾਂ ਦੇ ਕਾਰਨ ਸੰਘੋਲ ਪੈ ਗਿਆ। ਟੈਕਸਿਲਾ ਦੇ ਸਬੂਤਾਂ ਤੋਂ ਬਾਅਦ ਸਾਡੇ ਕੋਲ ਸਤੂਪਾ ਅਤੇ ਮੱਠ ਕੰਪਲੈਕਸਾਂ ਦੇ ਸੰਘੋਲ ਵਿਖੇ ਚੰਗੇ ਸਬੂਤ ਹਨ।

ਸੰਘੋਲ ਟਿੱਲੇ ਨੇ ਹੜੱਪਾ ਸੱਭਿਅਤਾ ਤੋਂ ਲੈ ਕੇ ਹੁਣ ਤੱਕ ਦੀਆਂ ਵੱਖ-ਵੱਖ ਸੱਭਿਅਤਾਵਾਂ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ। ਜੇਕਰ ਇਸ ਤੋਂ ਬਾਅਦ ਵੱਖ-ਵੱਖ ਯੂਨੀਵਰਸਿਟੀਆਂ, ਏ.ਐੱਸ.ਆਈ., ਸੰਸਥਾਵਾਂ, ਸੇਵਾਮੁਕਤ ਪੁਰਾਤੱਤਵ ਅਫਸਰ ਅਤੇ ਪਾਕਿਸਤਾਨ ਦੇ ਹੜੱਪਾ ਅਤੇ ਮਹਿੰਜੋਦੜੋ ਪੁਰਾਤੱਤਵ ਸਥਾਨਾਂ ਅਤੇ ਸੰਘੋਲ ਦੇ ਬੋਧੀ ਸਤੂਪਾ ਵਰਗੇ ਹੋਰ ਮਾਹਿਰਾਂ ਦੇ ਸਹਿਯੋਗ ਨਾਲ ਇਨ੍ਹਾਂ ਸਾਰੀਆਂ ਸਭਿਆਚਾਰਾਂ ਦੀ ਇਸ ਤਰ੍ਹਾਂ ਖੁਦਾਈ ਅਤੇ ਸਾਂਭ-ਸੰਭਾਲ ਕੀਤੀ ਜਾਂਦੀ ਹੈ ਤਾਂ ਇਹ ਸਭ ਕੁਝ ਵਿਲੱਖਣ ਹੋਵੇਗਾ। ਇਹ ਨਾ ਸਿਰਫ਼ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਪਣੇ ਵੱਲ ਖਿੱਚੇਗਾ, ਸਗੋਂ ਵੱਖ-ਵੱਖ ਖੇਤਰਾਂ ਦੇ ਵਿਗਿਆਨੀਆਂ ਨੂੰ ਵੀ ਇਨ੍ਹਾਂ ਬਹੁਮੁੱਲੇ ਸੱਭਿਆਚਾਰਕ ਅਵਸ਼ੇਸ਼ਾਂ ਨੂੰ ਦੇਖਣ ਅਤੇ ਅਧਿਐਨ ਕਰਨ ਲਈ ਆਕਰਸ਼ਿਤ ਕਰੇਗਾ।



ਗੁਪਤਾ ਕਾਲ ਦੌਰਾਨ ਸੰਘੋਲ ਯਕੀਨੀ ਤੌਰ 'ਤੇ ਉਨ੍ਹਾਂ ਦੇ ਗਵਰਨਰ ਜਾਂ ਜਾਗੀਰਦਾਰ ਰਾਜੇ ਦਾ ਹੈੱਡਕੁਆਰਟਰ ਸੀ। ਸ਼੍ਰੀ ਮਹਾਰਾਜਾ ਕਪਿਲਾ ਦੇ ਨਾਲ ਵੱਡੀ ਗਿਣਤੀ ਵਿੱਚ ਮੋਹਰਾਂ ਦੀ ਖੋਜ ਕੀਤੀ ਗਈ ਸੀ। ਵਿਸ਼ਣੂ ਸ਼ਿਵ ਦੇ ਧਾਰਮਿਕ ਨਮੂਨੇ ਵਾਲੀਆਂ ਮੋਹਰਾਂ ਅਤੇ ਮੋਹਰਾਂ ਦੀ ਇੱਕ ਵੱਡੀ ਗਿਣਤੀ ਅਤੇ ਮਹੇਸਾਸੁਰਮਰਦੀਨੀ ਦੀਆਂ ਕੁਝ ਟੇਰਾਕੋਟਾ ਮੂਰਤੀਆਂ ਦੀ ਖੋਜ ਕੀਤੀ ਗਈ ਸੀ।

### ਸੰਘੋਲ ਦੀ ਅਹਿਮੀਅਤ (ਟੂਰਿਸਟ ਡੈਸਟੀਨੇਸ਼ਨ)

ਸੰਘੋਲ ਵਿਖੇ ਪੁਰਾਤੱਤਵ ਖੋਜਾਂ ਦੀ ਵਿਸ਼ਾਲ ਸ਼੍ਰੇਣੀ ਦੇ ਕਾਰਨ, ਅਸਲ ਵਿੱਚ ਹੜੱਪਾ ਸਭਿਅਤਾ ਦੇ ਲੋਕਾਂ ਨੂੰ ਸ਼ਾਮਲ ਕਰਨ ਦੇ ਕਾਰਨ, ਪੰਜਾਬ ਨੂੰ ਵਿਸ਼ਵ ਦੇ ਪੁਰਾਤੱਤਵ ਨਕਸ਼ੇ 'ਤੇ ਇੱਕ ਪ੍ਰਮੁੱਖ ਸਥਾਨ ਪ੍ਰਾਪਤ ਹੋਇਆ ਹੈ। ਸੰਘੋਲ ਵਿਖੇ ਬੋਧੀ ਸਤੂਪ ਦਾ ਪਤਾ ਲਗਾਉਣ ਨੂੰ ਆਜ਼ਾਦੀ ਤੋਂ ਬਾਅਦ ਦੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਘਟਨਾ ਕਿਹਾ ਜਾ ਸਕਦਾ ਹੈ। ਖ਼ਾਸ ਤੌਰ 'ਤੇ ਇਸ ਸਥਾਨ 'ਤੇ ਖੁਦਾਈ ਕੀਤੀ ਗਈ ਮੂਰਤੀ ਸੰਪਤੀ ਨਾਲ ਇਸ ਦੇ ਸਬੰਧ ਦੇ ਸੰਦਰਭ ਵਿੱਚ। 1-2 ਸਦੀ ਈਸਵੀ ਦੇ ਕੁਸ਼ਾਣ ਕਾਲ ਨਾਲ ਸਬੰਧਤ ਇਨ੍ਹਾਂ ਮੂਰਤੀਆਂ ਦੀ ਖੋਜ ਨੂੰ 20ਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਖੋਜਾਂ ਵਿੱਚੋਂ ਇੱਕ ਮੰਨਿਆ ਗਿਆ ਹੈ। ਸੰਘੋਲ ਭਾਰਤ ਦੇ ਇਸ ਹਿੱਸੇ ਵਿੱਚ ਇੱਕੋ ਇੱਕ ਸਾਈਟ ਹੈ ਜਿੱਥੋਂ ਕੁਸ਼ਾਣ ਕਾਲ ਦੇ ਮਥੁਰਾ ਸਕੂਲ ਆਫ਼ ਇੰਡੀਅਨ ਆਰਟ ਦੀਆਂ ਇੰਨੀ ਵੱਡੀ ਗਿਣਤੀ ਵਿੱਚ ਮੂਰਤੀਆਂ ਦਾ ਪਤਾ ਲਗਾਇਆ ਗਿਆ ਹੈ।

ਸੰਘੋਲ ਵਿਖੇ ਇਨ੍ਹਾਂ ਇਤਿਹਾਸਕ ਚਿੱਤਰਾਂ ਦੀ ਵਿਸ਼ਾਲ ਸ਼੍ਰੇਣੀ ਮਨਮੋਹਕ ਹੈ, ਜੇ ਇਸ ਨੂੰ ਪੰਜਾਬ ਦੇ ਟੂਰਿਸਟ ਹਬ ਵਜੋਂ ਬਣਾਇਆ ਜਾਵੇ ਤਾਂ ਇਹ ਦੁਨੀਆ ਦਾ ਇੱਕ ਵੱਖਰਾ ਅਜੂਬਾ ਹੋਵੇਗਾ ਅਤੇ ਬੁੱਧ ਧਰਮ ਨੂੰ ਮੰਨਣ ਵਾਲੇ/ਯਾਤਰੂ ਇਸ ਨੂੰ ਦੇਖਣ ਲਈ ਆਕਰਸ਼ਿਤ ਹੋਣੇਗੇ। ਸੰਘੋਲ ਦੁਨੀਆ ਤੇ ਭਾਰਤ ਦੇ ਪੰਜਾਬ ਰਾਜ ਦੇ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਅਤੇ ਪੁਰਾਤੱਤਵੀ ਸਥਾਨਾਂ ਵਿੱਚੋਂ ਇੱਕ ਹੋਵੇਗਾ। ਪੰਜਾਬ ਸਰਕਾਰ ਨੂੰ ਸੰਘੋਲ ਨੂੰ ਟੂਰਿਸਟ ਹਬ ਬਣਾਉਣ ਲਈ ਅਗਲੇਰੇ ਕਦਮ ਚੁੱਕਣੇ ਚਾਹੀਦੇ ਹਨ।

### ਕੌਮੀ ਸੁਰੱਖਿਅਤ ਸਮਾਰਕ

ਸੰਘੋਲ ਦੀ ਪੁਰੱਾਤਤਵੀ ਥੇਹ ਦੀ ਮਹੱਤਤਾ ਨੂੰ ਦੇਖਦੇ ਹੋਏ ਭਾਰਤ ਸਰਕਾਰ ਦੇ ਭਾਰਤੀ ਪੁਰਾਤੱਤਵ ਸਰਵੇਖਣ, ਸਰਕਲ ਚੰਡੀਗੜ੍ਹ ਵਲੋਂ ਪੁਰਾਤੱਤਵ ਥੇਹ ਅਤੇ ਦੋ ਬੋਧੀ ਸਤੂਪਾਂ ਨੂੰ ਜੋ ਕਿ ਪਹਿਲੀ ਅਤੇ ਦੂਜੀ ਸ਼ਤਾਬਦੀ ਦੇ ਹਨ ਨੂੰ 'ਐਨਸ਼ਿਅਟ ਮਾਨੂੰਮੈਂਟਸ ਅਤੇ ਆਰਕੀਆਲੋਜੀਕਲ ਸਾਈਟਸ ਐਂਡ ਰੀਮੇਨਜ਼ ਐਕਟ 1958' ਰਾਹੀਂ ਕੌਮੀ ਸੁਰੱਖਿਅਤ ਸਮਾਰਕ ਐਲਾਨਿਆ ਗਿਆ ਹੈ। ਸੰਘੋਲ ਪੁਰੱਾਤਤਵੀ ਥੇਹ ਨੇ ਹੜੱਪਾ ਸਭਿਅਤਾ ਤੋਂ ਲੈ ਕੇ ਹੁਣ ਤੱਕ ਦੀਆਂ ਵੱਖ-ਵੱਖ ਸੱਭਿਅਤਾਵਾਂ ਨੂੰ ਸੁਰੱਖਿਅਤ ਰੱਖਿਆ ਹੈ। ਜੇਕਰ ਇਸ ਤੋਂ ਬਾਅਦ ਪਾਕਿਸਤਾਨ ਦੇ ਹੜਪਾ ਅਤੇ ਮੋਹਿੰਜੋਦੜੋ ਪੁਰਾਤੱਤਵ ਸਥਾਨਾਂ ਅਤੇ ਸੰਘੋਲ ਦੇ ਬੋਧੀ ਸਤੂਪਾਂ ਵਰਗੇ ਹੋਰ ਸਥਾਨਾਂ ਦੀ ਵੱਖ-ਵੱਖ ਯੂਨੀਵਰਸਿਟੀਆਂ, ਸੰਸਥਾਵਾਂ, ਏ.ਐੱਸ.ਆਈ. ਤੇ ਸੇਵਾ-ਮੁਕਤ ਪੁਰਾਤੱਤਵ ਅਫਸਰ ਅਤੇ ਮਾਹਿਰਾਂ ਦੇ ਸਹਿਯੋਗ ਨਾਲ ਖੁਦਾਈ ਅਤੇ ਸਾਂਭ-ਸੰਭਾਲ ਕੀਤੀ ਜਾਂਦੀ ਹੈ ਤਾਂ ਇਸ ਵਿਰਾਸਤੀ ਥੇਹ ਵਿੱਚੋਂ ਬਹੁਮੁੱਲੀਆਂ ਪ੍ਰਾਚੀਨ ਵਸਤਾਂ ਪ੍ਰਾਪਤ ਹੋਣਗੀਆਂ ਜੋ ਕਿ ਆਉਣ ਵਾਲੀ ਪੀੜ੍ਹੀਆਂ ਲਈ ਸੁਰੱਖਿਅਤ ਰੱਖੀਆਂ ਜਾ ਸਕਦੀਆਂ ਹਨ। ਇਹ ਨਾ ਸਿਰਫ਼ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰੇਗਾ, ਸਗੋਂ ਵੱਖ-ਵੱਖ ਖੇਤਰਾਂ ਦੇ ਵਿਗਿਆਨੀਆਂ ਨੂੰ ਵੀ ਇਨ੍ਹਾਂ ਬਹੁਮੁੱਲੇ ਸੱਭਿਆਚਾਰਕ ਅਵਸ਼ੇਸ਼ਾਂ ਨੂੰ ਦੇਖਣ ਅਤੇ ਅਧਿਐਨ ਕਰਨ ਲਈ ਆਕਰਸ਼ਿਤ ਕਰੇਗਾ।

### ਬੈਰਾਗੀ ਡੇਰੇ ਕਾਰਨ ਸੀ ਮਹੱਤਤਾ

ਕਈ ਸਦੀਆਂ ਦੇ ਅੰਤਰਾਲ ਤੋਂ ਬਾਅਦ ਮੁਗ਼ਲ ਬਾਦਸ਼ਾਹ ਜਹਾਂਗੀਰ ਵਲੋਂ ਜੈਸਲਮੇਰ ਦੇ ਇਲਾਕੇ ਦੇ ਰਾਜਪੂਤਾਂ ਨੂੰ ਇੱਥੇ ਜਗੀਰਾਂ ਦੇ ਕੇ ਬਚਾਇਆ। ਬਾਦਸ਼ਾਹ ਜ਼ਫ਼ਰਸ਼ਾਹ ਦੇ ਸਮੇਂ ਵੀ ਇਸ ਪਿੰਡ ਦੀ ਬਹੁਤ ਮਹਤੱਤਾ ਸੀ। ਇਥੇ ਬਹੁਤ ਵੱਡਾ ਬੈਰਾਗੀ ਡੇਰਾ ਸੀ। ਜਿਸ ਨੂੰ ਜਹਾਂਗੀਰ ਰਾਜੇ ਵਲੋਂ ਬਹੁਤ ਵੱਡੀ ਜਗੀਰ ਦਿੱਤੀ ਗਈ ਸੀ ਜੋ ਕਿ ਲਿਖਤ ਸੰਨਦ ਦੇ ਰੂਪ ਵਿਚ ਅੱਜ ਵੀ ਮੌਜੂਦ ਹੈ ਜੋ ਕਿ ਆਰਟ ਐਂਡ ਟਰੈਜਰੀ ਐਕਟ 1972 ਅਨੁਸਾਰ ਸਰਕਾਰ ਵਲੋਂ ਰਜਿਸਟਰਡ ਕੀਤਾ ਹੋਇਆ ਹੈ। ਸੰਘੋਲ ਨੂੰ ਕਈ ਰਾਜਸੀ ਪੜਾਵਾਂ ਵਿੱਚੋਂ ਲੰਘਣਾ ਪਿਆ। ਮੁਗ਼ਲ ਰਾਜ ਦੇ ਸਮੇਂ ਇਹ ਪੰਚਕੂਲੇ ਦੇ ਗਵਰਨਰ ਦੇ ਅਧੀਨ ਸੀ, ਬਾਅਦ ਵਿਚ ਸਿੱਖ ਮਿਸਲ ਸਮੇਂ ਰੋਪੜ ਦੇ ਅਧੀਨ ਆ ਗਿਆ ਅਤੇ ਉਸ ਤੋਂ ਬਾਅਦ ਫੂਲਕੀਆ ਮਿਸਲ ਦੇ ਮਹਾਰਾਜਾ ਅਮਰ ਸਿੰਘ ਨੇ ਇਸ ਨੂੰ ਆਪਣੇ ਅਧੀਨ ਲੈ ਲਿਆ ਸੀ। ਆਜ਼ਾਦੀ ਤੋਂ ਬਾਅਦ ਇਹ ਪਿੰਡ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੇ ਅਧੀਨ ਕਰ ਦਿੱਤਾ ਗਿਆ ਅਤੇ ਹੁਣ ਤਹਿਸੀਲ ਖਮਾਣੋ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਅਧੀਨ ਹੈ।

**- ਰਜਿੰਦਰ ਸਿੰਘ ਬਾਠ**


THE UNTOLD STORY OF
SHAHEED KARTAR SINGH SARABHA
BALBIR SINGH MA - PARDES TIMES
PRESENTS
ਸ਼ਹੀਦ ਕਰਤਾਰ ਸਿੰਘ ਸਰਾਭਾ
ਦੀ ਉਹ ਕਹਾਣੀ ਜੋ ਕਦੀ ਨਹੀਂ ਸੁਣਾਈ ਗਈ
SARABHA
A FILM BY KAVI RAZ
ਸਰਾਭਾ
PRODUCERS: ARVIND SINGLA | KULDEEP SHARMA | VEEPASHA KASHYAP | SARBJIT HUNDAL | ANIL UPPAL | ANIL YADAV | KAVI RAZ
AMRIT GREWAL SARABHA | JATINDER JAY MINHAS. STARRING: JAPTEJ SINGH | MUKUL DEV | KAVI RAZ | KANWAR GREWAL | JASBIR JASSI
PRITHVI RAAJ SINGH SIDHU JASPINDER CHEEMA | MALKEET RAUNI | MAHABIR BHULLAR | MALKIAT MEET | ANKUR RATHEE
SUMEND WANKHANDE | GURPREET RATOL | AMANINDER DHILLON | SAMEER SHARMA | AKAASH YADAV | SHARHAAN SINGH | KABIR GILL
DARREN TASSELL | ALEX REECE | SPECIAL APPEARANCE: JOBANPREET SINGH. EXECUTIVE PRODUCER: SWARAN SINGH
DIRECTOR OF PHOTOGRAPHY (INDIA): INDERJIT BANSEL | (USA): AARON C SMITH
MUA: REGINA SCHIMER | COSTUME DESIGNER: SUNNY BINNING | PRODUCTION DESIGNER: ASHISH KAUSHAL
EDITOR: HARPER GAHUNIA | BACKGROUND SCORE: SHEZAN SHEIKH | MUSIC BY: ONKAR MINHAS | SAAJID SALAAM | DYA SINGH.
FIRST ASSIT. DIRECTOR: VICKEY KADAM | ASSIT. DIRECTOR: MALKIAT MEET | PUBLICITY DESIGNER: MILROY GOES
WRITTEN & DIRECTED BY KAVI RAZ
Distribution Partner
RELEASING WORLDWIDE IN CINEMAS
3RD NOVEMBER 2023